INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਜੂਨ 2022



"ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥"

ਸ਼ਹੀਦਾਂ ਦੇ ਸਿਰਤਾਜ

## ਸ੍ਰੀ ਗੁਰੂ ਅਰਜਨ ਦੇਵ ਜੀ

ਨੂੰ ਕੋਟਿ ਕੋਟਿ ਪ੍ਰਣਾਮ।

ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।






ਪਿੰਡ ਮਨੀਆਂਵਾਲਾ (ਸ੍ਰੀ ਮੁਕਤਸਰ ਸਾਹਿਬ) ਵਿਖੇ ਇਲਾਕੇ ਦੀਆਂ ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆ।



ਪਿੰਡ ਜਾਂਗਲਾ (ਗੁਰਦਾਸਪੁਰ) ਵਿਖੇ ਇਲਾਕੇ ਦੀਆਂ ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆ।

# ਆਤਮ ਮਾਰਗ

ਸਾਲ-ਅਠਾਈਵਾਂ, ਮਹੀਨਾ-ਜੂਨ, 2022

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| | |
|---|---|
| **ਚੇਅਰਮੈਨ** | ਐਡੀਟਰ-ਇਨ-ਚੀਫ |
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |

## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life (20 years) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

**Media Broadcast (Ratwara Sahib)**

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
Apps: RATWARASAHIB TV (for both apple & andriod)

**Live Programme & Cable Tv Network**
**98728-14385, 94172-14385**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ**<br>*ਭਾਈ (ਡਾ.) ਸੁਖਵਿੰਦਰ ਸਿੰਘ* | 5 |
| 2. | **ਬਾਰਹ ਮਾਹਾ**<br>*ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ* | 9 |
| 3. | **ਸ੍ਰੀ ਗੁਰੂ ਅਰਜਨ ਦੇਵ ਜੀ ਤੇ ਭਾਈ ਬੋਹੜੂ**<br>*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | 11 |
| 4. | **ਅਗੰਮ ਅਗੋਚਰ ਦਾ ਮਾਰਗ**<br>*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | 20 |
| 5. | **ਸਤਿ ਸੰਗਤਿ ਮਿਲੈ ਸੁ ਤਰਿਆ**<br>*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | 24 |
| 6. | **ਨਾਨਕ ਲੇਖੈ ਇਕ ਗਲ......**<br>*ਸੰਤ ਬਾਬਾ ਹਰਪਾਲ ਸਿੰਘ ਜੀ* | 33 |
| 7. | **ਜਨ ਪਰਉਪਕਾਰੀ ਆਏ**<br>*ਪ੍ਰੋ. ਗੁਰਦੇਵ ਸਿੰਘ* | 37 |
| 8. | **ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ**<br>*ਡਾ. ਸਵਾਮੀ ਰਾਮ ਜੀ* | 42 |
| 9. | **ਗੁਰੂ ਨਾਨਕ ਆਗਮਨ**<br>*ਡਾ. ਭਾਈ ਵੀਰ ਸਿੰਘ* | 44 |
| 10. | **ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ?**<br>*ਡਾ. ਜਗਜੀਤ ਸਿੰਘ* | 47 |
| 11. | **ਦੁਨਿਆਵੀ ਦੌਲਤ ਅਤੇ ਨਾਮ ਧਨ**<br>*ਭਾਈ ਜਰਨੈਲ ਸਿੰਘ* | 50 |
| 12. | **ਗੁਰਬਾਣੀ ਅਰਥ ਭੰਡਾਰ**<br>*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | 53 |
| 13. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ
# (3 ਜੂਨ, 2022)

**(ਸ਼ਹੀਦਾਂ ਦੇ ਸਿਰਤਾਜ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹੀਦੀ ਨੂੰ ਸਮਰਪਿਤ)**

*ਭਾਈ (ਡਾ.) ਸੁਖਵਿੰਦਰ ਸਿੰਘ*

(I)

ਭਾਰਤ ਵਰਸ਼ ਵਿਚ ਮਈ-ਜੂਨ ਦੇ ਮਹੀਨੇ ਅਤੀ ਤਪਸ਼ (ਗਰਮੀ) ਦੇ ਮਹੀਨੇ ਹੁੰਦੇ ਹਨ। ਕੁਦਰਤੀ ਪੈ ਰਹੀ ਤਪਸ਼ ਨੂੰ ਠੰਡੀਆਂ ਵਸਤੂਆਂ ਅਤੇ ਸਾਧਨਾਂ ਰਾਹੀਂ ਘਟਾ ਕੇ ਸਹਿਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਤਨ ਦੀ ਗਰਮੀ ਤਾਂ ਬਾਹਰਲੀਆਂ ਠੰਡੀਆਂ ਚੀਜ਼ਾਂ ਜਾਂ ਸਾਧਨਾਂ ਰਾਹੀਂ ਘਟਾਈ ਜਾ ਸਕਦੀ ਹੈ ਪਰ ਮਨ ਦੀ ਤਪਸ਼, ਮਾਨਸਿਕ ਅਸ਼ਾਂਤੀ, ਦੁਨਿਆਵੀ ਸਾਧਨਾਂ ਰਾਹੀਂ ਨਹੀਂ ਘਟ ਸਕਦੀ-

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥*

*ਅੰਗ- ੭੦੯*

ਪਰ ਇਸ ਮਹੀਨੇ ਵਿਚ ਕੁਝ ਐਸਾ ਵਾਪਰਿਆ ਜੋ ਪੂਰੀ ਸ੍ਰਿਸ਼ਟੀ ਵਿਚ ਆਪਣੀ ਮਿਸਾਲ ਆਪ ਸੀ। ਉਹ ਸੀ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ। ਵਾਤਾਵਰਣ ਵਿਚ ਤਪਸ਼ ਸੀ, ਜਹਾਂਗੀਰ ਤਪ ਰਿਹਾ ਸੀ, ਅਹਿਲਕਾਰ ਤਪ ਰਹੇ ਸਨ, ਚੰਦੂ ਤਪ ਰਿਹਾ ਸੀ, ਤਵੀ ਲਾਲ ਸੁਰਖ ਹੋ ਕੇ ਤਪ ਰਹੀ ਸੀ ਪਰ ਲਾਲ ਸੁਰਖ ਤਵੀ 'ਤੇ ਬੈਠਣ ਵਾਲੇ ਪਵਿੱਤਰ ਸੀਸ ਵਿਚ ਗਰਮ-ਗਰਮ ਰੇਤ ਪਾਣ ਦੇ ਬਾਵਜੂਦ ਸ਼ਾਂਤ ਅਤੇ ਠੰਡੇ ਸਨ। ਤਨ ਮਨ ਕਰਕੇ ਸ਼ਾਂਤ ਅਡੋਲ ਸਨ। ਪੂਰਨੇ ਪਾਏ ਜਾ ਰਹੇ ਸਨ। ਕੌਮੀ ਮਹਿਲ ਦੀ ਉਸਾਰੀ ਦੀ ਬੁਨਿਆਦ ਵਿਚ ਸ਼ਹੀਦੀ ਰਾਹੀਂ ਤਾਕਤ ਪਾਈ ਜਾ ਰਹੀ ਸੀ। ਬਾਬੇ ਕੇ ਔਰ ਬਾਬਰ ਕਿਆਂ ਵਿਚ ਨੇਕੀ ਤੇ ਬਦੀ ਦਾ ਸ਼ੰਘਰਸ਼ ਸੀ -

*ਬਾਬੇ ਕੇ ਬਾਬਰ ਕੇ ਦੋਊ॥*
*ਆਪ ਕਰੇ ਪਰਮੇਸਰ ਸੋਊ॥* *ਪਾਤਸ਼ਾਹੀ ੧੦*

ਪਹਿਲੇ ਜਾਮੇ ਵਿਚ ਚੈਲੰਜ ਕਰ ਦਿਤਾ ਗਿਆ ਸੀ। ਰਾਜਸੀ ਸ਼ਕਤੀ ਨੂੰ ਰਾਜਸੀ ਫਰਜ਼ ਨਿਭਾਉਣ ਲਈ ਸੇਧ ਦਿਤੀ ਗਈ ਸੀ ਪਰ -

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*

*ਅੰਗ- ੧੪੫*

*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥*

*ਅੰਗ- ੩੬੦*

ਐਸੇ ਹਾਲਾਤ ਰਾਜੇ ਤੇ ਪਰਜਾ ਦੇ ਬਣੇ ਹੋਏ ਸਨ।

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*

*ਅੰਗ- ੭੫੦*

ਫਿਰ ਸਭ ਤੋਂ ਵੱਡੇ ਨੇ ਇਸ ਪਰਜਾ ਦੀ ਰਾਖੀ ਵੀ ਕਰਨੀ ਹੀ ਸੀ। ਚੌਥੇ ਜਾਮੇ ਤਕ ਮਹਿਲ ਉਸਾਰਨ ਦੀ ਤਿਆਰੀ, ਨਕਸ਼ਾ/ਖਾਕਾ ਤਿਆਰ ਹੋ ਚੁੱਕਾ ਸੀ। ਹੁਣ ਕੌਮੀ ਮਹਿਲ ਨੇ ਉਚਾਈਆਂ ਨੂੰ ਛੂਹਣਾ ਸੀ। ਵੱਡਿਆਂ ਦੇ ਸਾਮ੍ਹਣੇ ਸ਼ਿਕਾਇਤਾਂ ਜਾਂ ਇਛਾਵਾਂ ਨਹੀਂ ਹੁੰਦੀਆਂ ਸਗੋਂ ਉਦੇਸ਼ ਹੁੰਦੇ ਹਨ। ਉਦੇਸ਼ ਸੀ ਜਲਦੀ ਬਲਦੀ ਲੋਕਾਈ ਨੂੰ ਨਾਮ ਦਾ ਛੱਟਾ ਦੇ ਕੇ ਠੰਢਕ ਪਹੁੰਚਾਉਣੀ -

*ਬਾਬਾ ਦੇਖੈ ਧਿਆਨ ਧਰਿ*
*ਜਲਤੀ ਸਭਿ ਪ੍ਰਿਥਵੀ ਦਿਸਿ ਆਈ।*

*ਭਾਈ ਗੁਰਦਾਸ ਜੀ*

ਵੱਡੇ ਉਦੇਸ਼ਾਂ ਦੀ ਪੂਰਤੀ ਲਈ ਬਹੁਤ ਕੁਝ ਨਿਛਾਵਰ ਵੀ ਕਰਨਾ ਪੈਂਦਾ ਹੈ। ਕਰ ਦਿਤਾ ਆਪਣਾ ਆਪਾ ਨਿਛਾਵਰ। 'ਸ਼ਹੀਦਾਂ ਦੇ ਸਿਰਤਾਜ' ਬਣ ਕੇ ਆਏ ਲੋਕਾਈ ਦੇ ਸਾਮ੍ਹਣੇ। ਜਾਲਮ ਤੇ ਜੁਲਮ ਦਾ ਟਾਕਰਾ ਸ਼ਾਂਤ ਚਿਤ, ਅਡੋਲ, ਨਿਰਭੈ, ਨਿਡਰ ਅਵਸਥਾ ਦੇ ਨਾਲ ਕੀਤਾ। ਕਰ ਦਿਤੇ ਪੂਰਨੇ ਹੋਰ ਗੂੜ੍ਹੇ ਜੋ ਪਹਿਲੇ ਜਾਮੇ ਵਿਚ ਪਾਏ ਸਨ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ- ੧*

ਹੁਣ ਪੰਜਵੇਂ ਜਾਮੇ ਵਿਚ ਇਹ ਗਾਡੀ ਰਾਹ ਹੋਰ ਚਮਕਿਆ -

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥* *ਅੰਗ- ੩੯੪*

ਸਦਾ ਲਈ ਕੌਮੀ ਮਹਿਲ ਦੀ ਨੀਂਹ ਵਿਚ ਭਰ ਦਿਤਾ ਇਹ ਸਿਧਾਂਤ। ਭਵਿੱਖ ਵਿਚ ਮੇਰਾ ਸਿੱਖ, ਹਰ ਸਮੇਂ, ਹਰ ਹਾਲਾਤ ਵਿਚ, ਹਰ ਥਾਂ 'ਤੇ ਸਥਿਰ ਰਹੇਗਾ। ਉਸ ਪਰਮ ਸ਼ਕਤੀ ਵਾਹਿਗੁਰੂ ਦੇ ਹੁਕਮ ਵਿਚ ਰਹਿ ਕੇ ਭਾਣੇ ਦਾ ਸਿਧਾਂਤ ਮੰਨਦੇ ਹੋਏ ਰਜ਼ਾ ਵਿਚ ਰਾਜ਼ੀ/ਖੁਸ਼ ਰਹੇਗਾ, ਸਥਿਰ ਰਹੇਗਾ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*

*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ- ੨੭੫*

ਦਸ ਦਿਤੀਆਂ ਜੀਵਨ ਮੁਕਤ ਦੀਆਂ ਅਵਸਥਾਵਾਂ ਆਪ ਕਰਕੇ, ਹੰਢਾ ਕੇ ਦਿਖਾਇਆ। ਕੋਟਿ-ਕੋਟਿ ਪ੍ਰਣਾਮ ਐਸੇ ਸਤਿਗੁਰ ਨੂੰ -

*ਜਪ੍ਯਉ ਜਿਨ੍ਹ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥*

*ਅੰਗ- ੧੪੦੯*

ਆਉ! ਪਿਆਰੇ ਦੀ ਯਾਦ ਵਿਚ ਜੁੜੀਏ। ਗੁਰਬਾਣੀ ਨਾਲ, ਸੇਵਾ ਸਿਮਰਨ ਦੇ ਲਾਹੇ ਲਈਏ। ਬਹੁਤ ਸਾਰੀਆਂ ਸੰਗਤਾਂ ਇਨ੍ਹਾਂ ਦਿਨਾਂ ਵਿਚ ਸਤਿਗੁਰਾਂ ਦੀ ਲਾਸਾਨੀ ਸ਼ਹਾਦਤ ਨੂੰ ਨਮਸ਼ਕਾਰ ਕਰਦਿਆਂ 'ਸੁਖਮਨੀ ਸਾਹਿਬ' ਦੇ ਜਾਪ, ਗੁਰੂ ਕੇ ਲੰਗਰ, ਛਬੀਲਾਂ ਲਗਾ ਕੇ ਆਪਣੇ ਪਿਆਰੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ। ਐਸੀਆਂ ਗੁਰੂ ਪਿਆਰ ਵਾਲੀਆਂ ਸੰਗਤਾਂ ਵੀ ਧੰਨਤਾ ਯੋਗ ਹਨ। ਸਮੂੰਹ ਸੰਗਤਾਂ ਨੂੰ ਵੀ ਕੋਟਿ-ਕੋਟਿ ਪ੍ਰਣਾਮ-

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥*

*ਭਾਈ ਗੁਰਦਾਸ ਜੀ*

ਸੱਚੇ ਪਾਤਸ਼ਾਹ, ਸਭਨਾਂ ਨੂੰ ਆਪਣੀ ਗਲਵਕੜੀ ਵਿਚ ਲੈ ਕੇ ਆਪਣਾ ਪਿਆਰ ਬਖਸ਼ਣ -

*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*

*ਅੰਗ- ੧੩੭੮*

**********************

## (II)

## ਪਿਆਰੇ ਮਹਾਂਪੁਰਸ਼ਾਂ (ਸਚਖੰਡ ਵਾਸੀ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ) ਦੇ ਆਗਮਨ ਦਿਵਸ 17 ਜੂਨ ਨੂੰ ਸਮਰਪਿਤ

*ਸੰਤਾ ਕੀ ਇਹ ਰੀਤਿ ਨਿਰਾਲੀ ॥*
*ਪਾਰਬ੍ਰਹਮੁ ਕਰਿ ਦੇਖਹਿ ਨਾਲੀ ॥* *ਅੰਗ- ੧੦੮੫*

ਰੂਹਾਨੀ ਦੁਨੀਆਂ ਦੇ ਆਤਮ ਮਾਰਗੀ ਪੈਂਡੇ ਦਾ ਅਨੁਭਵ ਜਿਸ ਨੂੰ ਵੀ ਹੋਇਆ, ਉਹ ਹੀ ਜਾਣਦਾ ਹੈ ਕਿ ਉਹ ਆਨੰਦ ਕਿਹੋ ਜਿਹਾ ਹੈ। ਉਸ ਰਸਤੇ 'ਤੇ ਚੱਲਣ ਵਾਲੇ ਲਈ ਕੀ-ਕੀ ਕੁਝ ਵਾਪਰਦਾ ਹੈ? ਪੈਂਡੇ ਦਾ ਸਫਰ ਕਿਹੋ ਜਿਹਾ ਹੈ? ਭਾਵ ਹਰ ਤਰ੍ਹਾਂ ਦਾ ਅਨੁਭਵ ਉਸ ਰਸਤੇ 'ਤੇ ਚਲਦਿਆਂ ਤੇ ਪੈਂਡਾ ਤੈਅ ਕਰਦਿਆਂ-ਕਰਦਿਆਂ ਮੰਜ਼ਿਲੇ ਮਕਸੂਦ ਤੇ ਪਹੁੰਚਿਆਂ ਹੀ ਪ੍ਰਤੱਖ ਹੁੰਦਾ ਹੈ ਕਿ ਅਸਲ ਸੱਚ ਕੀ ਸੀ ਤੇ ਹੁਣ ਕੀ ਹੈ?

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥ ੪ ॥ ੭ ॥ ੫੧ ॥*

*ਅੰਗ- ੩੩੪*

ਮੰਜ਼ਿਲੇ ਮਕਸਦੂ ਤਕ ਪਹੁੰਚਿਆਂ ਹੀ ਅਸਲੀਅਤ ਦਾ ਅਨੁਭਵ ਹੁੰਦਾ ਹੈ ਪਰ ਉਥੇ ਪਹੁੰਚ ਕੇ ਦਸਿਆ ਵੀ ਨਹੀਂ ਜਾਂਦਾ। ਕੇਵਲ ਇਸ਼ਾਰੇ ਹੀ ਕੀਤੇ ਜਾ ਸਕਦੇ ਹਨ। ਰਮਜ਼ਾਂ ਦੀ ਦੁਨੀਆਂ ਪ੍ਰਕਾਸ਼ਮਾਨ ਹੋ ਜਾਂਦੀ ਹੈ। ਕਿਉਂਕਿ ਉਹ ਅਵਸਥਾ ਦੁਨਿਆਵੀ ਸ਼ਬਦਾਂ ਜਾਂ ਪ੍ਰਮਾਣਾਂ ਦੀ ਮੁਥਾਜ ਨਹੀਂ। ਜੋ ਹਕੀਕਤ ਪਹਿਲਾਂ ਭਾਸਦੀ ਸੀ ਹੁਣ (ਅਨੁਭਵ ਹੋਣ ਉਪਰੰਤ) ਉਹ ਅਸਲੀ ਸੱਚ ਨਹੀਂ ਹੈ। ਹੁਣ ਤਾਂ ਧੂੰਏਂ ਤੋਂ ਹੀ ਅੱਗ ਦਾ ਅਨੁਮਾਨ ਲਾਉਣਾ ਪੈਂਦਾ ਹੈ। ਪਰ ਜਿਸ ਨੇ ਅੱਗ ਦੇਖ ਲਈ ਉਸ ਨੂੰ ਕਿਸੇ ਸਬੂਤ ਦੀ ਲੋੜ ਨਹੀਂ, ਕਿਸੇ ਪ੍ਰਮਾਣ ਜਾਂ ਅਨੁਮਾਨ ਦੀ ਲੋੜ ਨਹੀਂ।

ਬੱਸ ਇਹੀ ਕੁਝ ਵਾਪਰਦਾ ਹੈ ਆਤਮ ਮਾਰਗੀ ਪੈਂਡਿਆਂ 'ਤੇ। ਇਹੀ ਦੁਨੀਆਂ ਹੈ ਆਤਮ ਮਾਰਗ ਵਾਲਿਆਂ ਦੀ। ਇਸ ਅਬੁੱਝ ਬੁਝਾਰਤ ਨੂੰ ਸਮਝਣ ਲਈ ਸਬੁੱਧੀਜੀਵੀ ਵਿਦਵਾਨ ਜਨਾਂ ਨੇ ਆਪਣੇ ਵੀਚਾਰ ਦਿੰਦੇ ਹੋਏ ਫੁਰਮਾਇਆ ਹੈ ਕਿ ਜਿਵੇਂ ਮਨੁੱਖ ਦੀ ਰਸਨਾ ਤੇ ਸੁਆਦ ਮਾਨਣ ਵਾਲੇ ਕੋਸ਼ (ਟਿਸ਼ੂ ਜਾਂ ਸੈੱਲ) ਹੁੰਦੇ ਹਨ ਉਹੀ ਖਾਣ ਵਾਲੀ ਵਸਤੂ ਦਾ ਸੁਆਦ ਦਸ ਸਕਦੇ ਹਨ ਪਰ ਜਿਸ ਦੀ ਰਸਨਾ ਤੇ ਇਹ ਕੋਸ਼ ਹੋਣ ਹੀ ਨਾ ਤਾਂ ਵਸਤੂ ਦਾ ਕੌੜਾਪਣ, ਮਿੱਠਾਪਣ ਦੱਸਿਆ ਹੀ ਨਹੀਂ ਜਾ ਸਕਦਾ। ਪਰ ਜਿਸ ਨੇ ਇਹ ਸੁਆਦ ਦੇਖ ਲਿਆ ਉਸ ਨੂੰ ਕਿਸੇ ਹੋਰ ਸਬੂਤ ਦੀ ਲੋੜ ਨਹੀਂ। ਇਹੀ ਫਰਕ ਹੈ ਬੁਝਣ ਤੇ ਸਮਝਣ ਵਿਚ। ਅੰਬ ਨੂੰ ਦੇਖਣ ਵਾਲਾ ਸਿਰਫ ਕੈਲੋਰੀ ਗਿਣਦਾ ਹੈ ਪਰ ਤੋੜ ਕੇ ਚੂਪਣ ਵਾਲਾ ਉਸ ਦੀ ਮਿਠਾਸ ਤੋਂ ਬੁੱਝ ਲੈਂਦਾ ਹੈ। ਰੂਹਾਨੀ ਅਨੁਭਵ ਤੋਂ ਹੀਣਾ ਕੇਵਲ ਸ਼ੰਕੇ ਹੀ ਖੜ੍ਹੇ ਕਰ ਸਕਦਾ ਹੈ ਕਿਉਂਕਿ ਉਹ ਬੁੱਧੀ ਮੰਡਲ ਵਿਚ ਸਮਝਣ ਦੀ ਕੋਸ਼ਿਸ਼ ਕਰਦਾ ਹੈ ਪਰ ਰੂਹਾਨੀ ਮੰਡਲ ਅਨੁਭਵ ਦੀ ਦੁਨੀਆਂ ਹੈ। ਜਿਸ ਕਿਸੇ ਨੂੰ ਵੀ ਇਹ ਅਨੁਭਵ ਹੋਇਆ, ਉਹ ਦੂਜੇ ਅਨੁਭਵੀ ਨੂੰ ਪਛਾਣ ਲੈਂਦਾ ਹੈ। ਫ਼ਾਰਸੀ ਦੀ ਕਹਾਵਤ ਅਨੁਸਾਰ **'ਵਲੀ ਰਾ ਵਲੀ ਸੀ ਸ਼ਨਾਸਦ' ਭਾਵ ਰੱਬ ਦੇ ਕਿਸੇ ਦੋਸਤ ਨੂੰ ਕੋਈ ਰੱਬ ਦਾ ਦੋਸਤ ਹੀ ਪਛਾਣ ਸਕਦਾ ਹੈ।**

ਐਸਾ ਅਨੁਭਵ ਪ੍ਰਤੱਖ ਵਾਪਰਿਆ। ਜਦੋਂ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ, ਪਿਆਰੇ ਮਹਾਂਪੁਰਸ਼ਾਂ (ਸ੍ਰੀ

ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਦਾ ਮਿਲਾਪ (ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ) ਰਾੜਾ ਸਾਹਿਬ ਵਾਲਿਆਂ ਨਾਲ ਹੋਇਆ। ਦੁਨਿਆਵੀ ਅੱਖਾਂ ਕੁਝ ਹੋਰ ਦੇਖ ਰਹੀਆਂ ਸਨ। ਪਰ ਰੂਹਾਨੀ ਦੁਨੀਆਂ 'ਚ ਕੁਝ ਹੋਰ ਵਾਪਰ ਰਿਹਾ ਸੀ -

*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥*

*ਅੰਗ- ੫੭੭*

ਦਰਿਆ ਆਪਣੇ ਆਪੇ ਵਲ ਵਧ ਰਿਹਾ ਸੀ। ਆਪਣੇ ਕੇਂਦਰ ਵਲ ਨੂੰ ਵਗ ਰਿਹਾ ਸੀ। ਮੰਜ਼ਿਲੇ ਮਕਸਦੂ ਸਮੁੰਦਰ ਸੀ। ਲਹਿਰ ਨੇ ਸਾਗਰ ਵਿਚ ਜਾ ਕੇ ਮਿਲਣਾ ਸੀ। ਇਕ ਤੜਫ ਸੀ, ਇਕ ਤਾਂਘ ਸੀ। ਤਾਘਾਂ ਵਾਲਿਆਂ ਦੀਆਂ ਹੀ ਉਮੰਗਾਂ ਪੂਰੀਆਂ ਹੁੰਦੀਆਂ ਹਨ। ਛੋਟੀ ਰੋਸ਼ਨੀ ਨੇ ਵੱਡੇ ਪ੍ਰਕਾਸ਼ ਵਿਚ ਮਿਲਣਾ ਸੀ। ਬਾਤਾਂ ਅਗੰਮ ਦੀਆਂ ਹਨ। ਅਗੰਮੀ ਸਮਾਂ ਆਇਆ। ਵਾਪਰਿਆ ਕੁਝ ਨਵਾਂ। ਦੁਨੀਆਂ ਤੋਂ ਪਰ੍ਹੇ ਅਲੌਕਿਕ ਤੋਂ ਪਰਾਲੌਕਿਕ। ਆ ਗਿਆ ਵਕਤ -

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ੨ ॥ ੧ ॥*

*ਅੰਗ- ੬੯੪*

ਅਰਦਾਸ ਸੀ -

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ ੧ ॥* *ਅੰਗ- ੭੫੭*

ਪੂਰਨ ਅਨੁਭਵ ਨੂੰ ਪ੍ਰਾਪਤ, ਦੋ ਤੋਂ ਇਕ ਰੂਪ ਹੋਏ ਨਾਮ ਰੰਗ 'ਚ ਰੱਤੇ, ਹਿਰਦੇ ਵਿਚੋਂ ਆਏ ਪ੍ਰਵਚਨ ਸਮੁੰਦਰ 'ਚੋਂ ਉਠੀ ਇਕ ਲਹਿਰ ਬਚਨਾਂ ਦੇ ਰੂਪ ਵਿਚ ਆਈ ਸਾਮ੍ਹਣੇ, ਰਸ/ਮਿਠਾਸ ਭਰੇ ਬੋਲ, ਹਿਰਦੇ ਵੇਧਕ ਸੁਰੀਲੀ, ਰਸ ਭਰੀ ਪਵਿੱਤਰ ਰਸਨਾ ਤੋਂ ਉਚਾਰਨ ਹੋਇਆ। ਪਿਛਲੀ ਤਪੱਸਿਆ ਤੇ ਭਗਤੀ ਰੂਪੀ ਸੰਸਕਾਰਾਂ ਨੇ ਖਾਧਾ ਉਛਾਲਾ, ਫੁਰਮਾਨ ਆਇਆ ਤੂੰ ਕੌਣ ਹੈਂ? ਕਿਥੋਂ ਆਇਆ? -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*

*ਅੰਗ - ੯੯੯*

ਅਸਲ ਵਿਚ ਹੈ ਤਾਂ ਸਾਡੇ ਸਾਰਿਆਂ ਦਾ ਇਹੀ ਇਤਿਹਾਸ। ਪਰ ਸਾਡੇ ਜੀਵ ਰੂਪੀ 'ਮੈਂ' ਦੇ ਭਗਤੀ ਰੂਪੀ ਸੰਸਕਾਰਾਂ ਦੀ ਅਣਹੋਂਦ ਹੋਣ ਕਾਰਨ ਪਿਛਲੇ ਜਨਮਾਂ ਦੀ ਤਪਸਿਆ ਨਾ-ਮਾਤਰ ਹੋਣ ਕਾਰਨ ਇਹ ਵਰਤਾਰਾ ਸਾਡੇ ਉਤੇ ਨਹੀਂ ਵਾਪਰਿਆ। ਜੌਹਰੀ ਨੂੰ ਹੀ ਹੀਰੇ ਲਾਲ ਦੀ ਪਛਾਣ ਹੁੰਦੀ ਹੈ -

*ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥*
*ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥*

*ਅੰਗ- ੧੦੮੬*

*ਜੌਹਰੀ ਪਾਉਂਦੇ ਕੀਮਤਾਂ ਦੁੱਖ ਮਿਟਾਵੇ ਪੀਰ।*
*ਭਾਣਾ ਭਗਤਾਂ ਮੰਨਿਆਂ ਅੱਖੋਂ ਨ ਸੁਟਿਆ ਨੀਰ।*

*(ਪੁਸਤਕ 'ਰੂਹਾਨੀ ਸੰਦੇਸ਼' ਵਿਚੋਂ)*

ਆਤਮ ਮਾਰਗੀ ਪੈਂਡਿਆਂ ਦੇ ਵਾਕਫ ਮਿਲ ਗਏ।-

*ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ*
*ਤਿਨ ਜਨ ਦੇਖਾ ਨੈਣੀ ॥*
*ਹਉ ਵਾਰਿਆ ਅਪਣੇ ਗੁਰੂ ਕਉ*
*ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥*

*ਅੰਗ- ੬੫੨*

ਲਹਿਰ ਵਾਂਗੂੰ ਸੰਸਕਾਰਾਂ ਨੇ ਫੁਰਨੇ ਦਾ ਰੂਪ ਧਾਰ ਕੇ ਉਛਾਲਾ ਮਾਰਿਆ। ਦੋਨੋਂ ਪਾਸੇ ਨੇਤਰ ਬੰਦ ਹੋਏ। ਜਗਿਆਸੂ ਸਾਮ੍ਹਣੇ ਖੜ੍ਹੇ ਹਨ। ਅੰਤਰ ਧਿਆਨ ਹੋ ਕੇ ਦੇਖਣ ਦੀ ਕੋਸ਼ਿਸ਼ ਕਰਦੇ ਹਨ ਪੁਰਾਣੇ ਸਫਰ ਨੂੰ। ਕੋਲ ਬੈਠੀ ਸੰਗਤ ਸਾਰੇ ਅਗੰਮੀ ਦ੍ਰਿਸ਼ ਨੂੰ ਦੇਖ ਰਹੀ ਹੈ। ਖਾਮੋਸ਼ੀ ਛਾਈ ਹੋਈ ਹੈ। ਕੁਝ ਸਮਾਂ ਲੰਘਦਾ ਹੈ। ਕੁਝ ਸਮੇਂ ਬਾਅਦ ਜਵਾਬ ਮਿਲਿਆ, ਜੀ ਦੱਸਣਾ ਨਹੀਂ ਆਉਂਦਾ। ਮੈਂ ਪਿਛਲੇ ਕਈ ਜਨਮ ਦੇਖੇ, ਪਤਾ ਨਹੀਂ ਲੱਗਿਆ। ਅਖੀਰ 'ਚ ਇਕ ਜੋਤਿ ਤੋਂ ਅਲੱਗ ਹੋਇਆ ਪ੍ਰਤੀਤ ਹੁੰਦਾ ਹੈ। ਅਲੌਕਿਕ ਜਵਾਬ ਸੁਣ ਕੇ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਨੇਤਰ ਬੰਦ ਕੀਤੇ। 45 ਮਿੰਟ ਲੰਘ ਗਏ। ਸੰਗਤ ਹੈਰਾਨ, ਖਾਮੋਸ਼ੀ ਦਾ ਵਾਤਾਵਰਨ ਹੈ। ਲਹਿਰ ਸਮੁੰਦਰ ਵਿਚ ਮਿਲਣ ਦੀ ਤਾਂਘ ਵਿਚ ਤਤਪਰ ਹੈ। ਪੌਣੇ ਘੰਟੇ ਬਾਅਦ ਖੁਲ੍ਹੇ ਪਵਿੱਤਰ ਨੇਤਰ, ਰਸ ਭਰੀ ਰਸਨਾ ਤੋਂ ਫੁਰਮਾਨ ਹੋਇਆ 'ਅੱਜ ਸੁਹਾਗਣ ਨੂੰ ਸੁਹਾਗਣ ਮਿਲੀ ਹੈ।' ਕਰਾ ਦਿਤੀ ਗੁਰੂ ਨਾਨਕ ਦੇ ਦਰ ਤੋਂ ਬਖਸ਼ਿਸ਼ ਕਿ ਇਕ ਕਦਮ ਬਾਕੀ ਹੈ, ਇਹ ਚਾਹੇ ਇਸ ਜਨਮ 'ਚ ਪੁੱਟ ਲਓ ਚਾਹੇ ਹੋਰ ਵਿਚ। ਜਿਸ ਜੋਤਿ ਤੋਂ ਅੱਡ ਹੋਏ ਉਸੇ ਵਿਚ ਮਿਲਣਾ ਹੈ। ਹੋ ਗਏ ਦਿਲਾਂ ਦੇ ਸੌਦੇ। ਜੌਹਰੀ ਨੇ ਪਛਾਣ ਲਿਆ ਹੀਰਾ, ਤੋਰ ਦਿਤੇ 'ਆਤਮ ਮਾਰਗੀ' ਪੈਂਡਿਆਂ 'ਤੇ।

ਕਰ ਦਿਤਾ ਇਸ਼ਾਰਾ 'ਰੂਹਾਨੀਅਤ ਦੀ ਆਖਰੀ ਮੰਜ਼ਿਲ ਵਲ ਵਧਣ ਦਾ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥*

*ਅੰਗ- ੪੪੧*

ਇਸੇ ਆਤਮ ਸਰੂਪ ਦੀ ਲੱਖਤਾ ਹੀ ਰੂਹਾਨੀਅਤ ਦਾ ਸਾਰ ਹੈ। ***'ਆਪਿ ਜਪਹੁ ਅਵਰਾ ਨਾਮੁ***

***ਜਪਾਵਹੁ॥' (ਅੰਗ-289)*** ਦੇ ਗਾਡੀ ਰਾਹ 'ਤੇ ਚੱਲਣਾ ਹੈ। ਹੋ ਗਿਆ ਸਫਰ ਸ਼ੁਰੂ, ਮਿਲ ਗਿਆ ਨਕਸ਼ਾ। ਪੈ ਗਏ ਪੂਰਨੇ। ਤੁਰ ਪਏ ਪਾਂਧੀ। ਪੁੱਟ ਲਿਆ ਰਹਿੰਦਾ ਇਕ ਕਦਮ ਵੀ। ਕਰ ਦਿਤੀ ਬੰਦਗੀ ਸ਼ੁਰੂ। 22-22 ਘੰਟੇ ਹਰ ਰੋਜ਼ ਨਾਮ ਜਪਣਾ -

*ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥*
*ਅੰਗ- ੧੧੬੨*

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭*

ਅਨੇਕਾਂ ਵਿਸ਼ੇਸ਼ਣ ਪਵਿੱਤਰ ਬਾਣੀ ਵਿਚ ਇਸ ਉਪਰੋਕਤ ਅਵਸਥਾ ਦੇ ਧਾਰਨੀ 'ਆਤਮ ਮਾਰਗੀ ਪੈਂਡਿਆਂ 'ਤੇ ਚੱਲ ਕੇ ਮੰਜ਼ਿਲੇ ਮਕਸੂਦ ਨੂੰ ਪਾਉਣ ਵਾਲੇ ਸਤਿਪੁਰਸ਼ਾਂ ਲਈ ਵਰਤੇ ਹਨ। ਮੇਰੀ ਉਸ ਪਵਿੱਤਰ ਆਤਮਾ (ਸਤਿਪੁਰਸ਼ਾਂ) ਨੂੰ ਕੋਟਿ-ਕੋਟਿ ਨਮਸ਼ਕਾਰ ਹੈ ਜਿਸ ਨੇ 17 ਜੂਨ 1918 ਨੂੰ ਸਰੀਰ ਵਿਚ ਆਗਮਨ ਕੀਤਾ। 17 ਜੂਨ 1918 ਤੋਂ 31 ਅਕਤੂਬਰ 2001 ਤਕ ਇਸ ਸੰਸਾਰ ਮੰਚ 'ਤੇ ਵਿਚਰ ਕੇ ਇਕ ਨਹੀਂ ਅਨੇਕਾਂ ਨੂੰ ਜੀਅ ਦਾਨ ਦੇ ਕੇ ਭਗਤੀ ਵਲ ਲਾਇਆ। ਬਖਸ਼ਿਸ਼ਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀਆਂ ਤੇ ਆਸ਼ੀਰਵਾਦ ਤੇ ਜੁਗਤਿ ਦ੍ਰਿੜ ਕਰਵਾਈ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਨੇ ਤੇ ਪਿਆਰ ਸੰਗਤਾਂ ਦਾ। ਬਣਾ ਦਿਤਾ ਕੇਂਦਰ 'ਰਤਵਾੜਾ ਸਾਹਿਬ' ਗੁਰਮਤਿ ਪ੍ਰਚਾਰ ਤੇ ਪਰਉਪਕਾਰ ਦਾ। ਮਿਲ ਰਹੇ ਨੇ ਲਾਹੇ ਅੱਜ ਵੀ। 'ਆਤਮ ਮਾਰਗ' ਮੈਗਜ਼ੀਨ ਰਾਹੀਂ ਅਤੇ ਇੰਟਰਨੈੱਟ ਮੀਡੀਏ 'ਤੇ ਪਈਆਂ ਹਜ਼ਾਰਾਂ ਆਡੀਉ ਤੇ ਵੀ.ਡੀ.ਓ ਭਰਪੂਰ ਰੂਹਾਨੀ ਪ੍ਰਵਚਨਾਂ ਦੀਆਂ ਲੈ ਰਹੀਆਂ ਨੇ ਸੰਗਤਾਂ ਲਾਹੇ। ਫਰੀ ਹਸਪਤਾਲ ਰਾਹੀਂ, ਫਰੀ ਸਿਲਾਈ ਸੈਂਟਰ ਰਾਹੀਂ, ਵਿਦਿਅਕ ਅਦਾਰਿਆਂ ਵਿਚ ਪਰਾ ਤੇ ਅਪਰਾ ਵਿਦਿਆ ਰਾਹੀਂ, ਗੁਰੂ ਕੇ ਲੰਗਰਾਂ ਤੇ ਰਿਹਾਇਸ਼ੀ ਇਮਾਰਤਾਂ 'ਚ ਠਹਿਰ ਕੇ। ਸਾਥ ਮਿਲਿਆ (ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਬੀਜੀ ਦਾ। ਦੋਹਾਂ ਵਿਚ ਇਕਰਾਰਨਾਮਾ ਹੋਇਆ ਕਿ ਕਿਸੇ ਅੱਗੇ ਹੱਥ ਅੱਡਣਾ ਨਹੀਂ, ਭਾਵ ਕਿਸੇ ਤੋਂ ਮੰਗਣਾ ਨਹੀਂ, ਦੇਣਾ ਹੀ ਦੇਣਾ ਹੈ। ਉਤਰੇ ਪੂਰੇ ਸਾਰੀ ਜ਼ਿੰਦਗੀ ਇਸ ਇਕਰਾਰਨਾਮੇ 'ਤੇ। ਬੰਦਗੀ ਕਰੋ, ਪੂਰੇ ਬਣੋ, ਅਧੂਰੇ ਨਾ ਰਹਿਉ, ਰੱਜ ਕੇ ਨਾਮ ਜਪੋ। ਪੁਗ ਗਏ ਦਿਤੇ ਬਚਨਾਂ 'ਤੇ।

*ਸੂਰਬੀਰ ਬਚਨ ਕੇ ਬਲੀ ॥ ਅੰਗ- ੩੯੨*

ਬਣ ਗਏ ਮੁਬਾਰਕਾਂ ਦੇ ਪਾਤਰ। 'ਚੰਦ ਮੁਬਾਰਕ ਈਦ ਪੁਗ ਖਲੋਵਣਾ' ਦੇ ਪਾਤਰ ਬਣ ਮਾਨਵਤਾ ਨੂੰ ਸ਼ਰਸ਼ਾਰ ਕੀਤਾ। ਗੁਰੂ ਨਾਨਕ ਦੇ ਘਰ ਦਾ ਸੁਨੇਹਾ, ਸਿਧਾਂਤ ਦੇਸ਼, ਵਿਦੇਸ਼ ਵਿਚ ਹਰ ਧਰਮ ਮਜ਼੍ਹਬ ਦੇ ਮਨੁੱਖ ਤਕ ਪਹੁੰਚਾਇਆ। ਅੱਜ ਵੀ ਹੋ ਰਹੀ ਹੈ ਮਾਨਵਤਾ ਸ਼ਰਸ਼ਾਰ ਇਹਨਾਂ ਰੂਹਾਨੀ ਪ੍ਰਵਚਨਾਂ ਨਾਲ। ਗੁਰੂ ਕ੍ਰਿਪਾ ਕਰੇ ਸਾਨੂੰ ਵੀ ਉਹਨਾਂ ਵਲੋਂ ਦਰਸਾਏ ਆਤਮ ਮਾਰਗੀ ਪੈਂਡਿਆਂ ਦੀ ਸੋਝੀ ਹੋਵੇ। ਅਸੀਂ ਵੀ ਲਹਿਰ ਤੋਂ ਸਮੁੰਦਰ ਤਕ ਦਾ ਸਫਰ ਤੈਅ ਕਰ ਜਾਈਏ। ਸੰਗਤ ਰੂਪੀ ਇਸ ਕਾਫਲੇ ਨੂੰ ਮੁੱਖ ਸੇਵਾਦਾਰ ਦੇ ਤੌਰ 'ਤੇ ਬਾਂਹ ਫੜਾਈ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੂੰ। ਇਨ੍ਹਾਂ ਨਾਲ ਹੀ ਪਰਚਾ ਪਾਇਉ ਦਾ ਬਚਨ ਕੀਤਾ। ਹੁਣ, ਸੰਗਤ ਲੈ ਰਹੀ ਹੈ ਆਨੰਦ। ਹਰ ਐਤਵਾਰ ਰਤਵਾੜਾ ਸਾਹਿਬ ਤੇ ਦੇਸ਼ ਵਿਦੇਸ਼ ਵਿਚ ਸੰਗਤਾਂ ਇੰਟਰਨੈੱਟ ਮੀਡੀਏ ਰਾਹੀਂ ਦੀਵਾਨਾਂ ਵਿਚ ਭਰਦੀਆਂ ਹਨ ਹਾਜ਼ਰੀਆਂ। ਕਾਫਲਾ ਅੱਗੇ ਵਧ ਰਿਹਾ ਹੈ। ਇਹ ਇਕ ਨਿਵੇਕਲੀ ਰੀਤ ਹੈ।

*ਸੰਤਾ ਕੀ ਇਹ ਰੀਤਿ ਨਿਰਾਲੀ ॥*
*ਪਾਰਬ੍ਰਹਮੁ ਕਰਿ ਦੇਖਹਿ ਨਾਲੀ ॥ ਅੰਗ- ੧੦੮੫*

ਇਹੀ ਸਾਡੀ ਸਾਰਿਆਂ ਦੀ ਅਰਦਾਸ ਹੈ। ਗੁਰੂ ਕ੍ਰਿਪਾ ਕਰੇ ਸਾਨੂੰ ਵੀ ਇਸ ਰਸਤੇ ਦੀ ਸੋਝੀ ਹੋਵੇ ਜੀ। ਮਹਾਂਪੁਰਸ਼ਾਂ ਦੇ ਆਗਮਨ ਦੀ ਸਭ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਆਸਾੜੁ

## ਸੰਗਰਾਂਦ-ਜੂਨ 15 (ਦਿਨ ਬੁੱਧਵਾਰ)

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥ ੫ ॥

*ਅੰਗ - ੧੩੪*

**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥**

ਆਸਾੜੁ=ਹਾੜ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਇਹ ਹਾੜ ਦਾ ਮਹੀਨਾ ਤਿਸੁ=ਉਨ੍ਹਾਂ ਨੂੰ ਤਪੰਦਾ=ਤਪਸ਼ ਵਾਲਾ ਲਗੈ=ਲੱਗਦਾ ਹੈ, ਜਿਨ੍ਹਾਂ ਦੇ ਪਾਸਿ=ਕੋਲ ਨਾਹੁ=ਪਤੀ ਹਰਿ=ਪਰਮੇਸ਼ਰ ਨ=ਨਹੀਂ ਵਸਦਾ।

ਅਥਵਾ ਤਿਸੁ=ਉਹਨਾਂ ਦੇ ਹਿਰਦੇ ਵਿਚ ਹਰ ਵਕਤ ਵਿਸ਼ਿਆਂ ਵਿਕਾਰਾਂ ਦਾ ਸਾੜ ਤਪੰਦਾ=ਤਪਾਉਣ ਵਾਲਾ ਲਗੈ=ਲੱਗਦਾ ਰਹਿੰਦਾ ਹੈ। ਜਿਨ੍ਹਾਂ ਦੇ ਪਾਸਿ=ਕੋਲ ਹਰਿ=ਹਰੀ ਵਾਹਿਗੁਰੂ ਨਾਹੁ=ਪਤੀ ਦਾ ਨਾਮ ਨਹੀਂ ਹੈ ਵਾ: ਆਸਾੜੁ=ਆਸਾ ਰੂਪੀ ਹਾੜ ਦਾ ਮਹੀਨਾ ਮਨਾਂ ਨੂੰ ਤਪੰਦਾ=ਤਪਾਉਣ ਵਾਲਾ ਤਿਸੁ=ਉਹਨਾਂ ਨੂੰ ਲਗੈ=ਲੱਗਦਾ ਹੈ ਭਾਵ ਵਿਆਪਦਾ ਹੈ ਜਿਨ੍ਹਾਂ ਕੋਲ ਹਰੀ ਵਾਹਿਗੁਰੂ ਨਾਹੁ=ਪਤੀ ਦਾ ਨਾਮ ਨ=ਨਹੀਂ ਹੈ, ਜਿਹਨਾਂ ਦੇ ਅੰਤਹਕਰਣ ਵਿਚ ਸਾਖਿਆਤਤਾ ਨਹੀਂ ਹੋਇਆ ਭਾਵ ਗੁਪਤ ਹੋ ਰਿਹਾ ਹੈ, ਉਹ ਆਸਾ ਦੇ ਸਾੜ ਵਿਚ ਸੜਦੇ ਹਨ। ਹਾੜ ਦੇ ਮਹੀਨੇ ਵਰਖਾ ਨਾ ਹੋਣ 'ਤੇ ਤਲਾਬਾਂ ਦੇ ਪਾਣੀ ਸੁੱਕ ਜਾਂਦੇ ਹਨ। ਪਾਣੀ ਵਿਚ ਰਹਿਣ ਵਾਲੇ ਜੀਵ ਜੰਤੂ ਤੜਫਣ ਲਗ ਜਾਂਦੇ ਹਨ। ਇਸੇ ਤਰ੍ਹਾਂ ਜਿਤਨੀ ਦੇਰ ਹਰੀ ਵਾਹਿਗੁਰੂ ਦੀ ਜਪੀਆਂ, ਤਪੀਆਂ ਜਗਿਆਸੂ ਜਨਾਂ ਨੂੰ ਪ੍ਰਾਪਤੀ ਨਹੀਂ ਹੁੰਦੀ, ਉਨ੍ਹਾਂ ਦੇ ਅਨੰਦ ਰੂਪੀ ਤਲਾਬ ਵਿਚ ਪ੍ਰੇਮ ਰੂਪੀ ਜਲ ਸੁੱਕ ਜਾਂਦਾ ਹੈ, ਜਿਸ ਆਸਰੇ ਉਹ ਜੀਵਨ ਬਤੀਤ ਕਰਦੇ ਹਨ। ਇਉਂ ਉਹ ਵੀ ਤੜਫਣ ਲਗ ਜਾਂਦੇ ਹਨ। ਇਉਂ ਉਹਨਾਂ ਦੇ ਅੰਦਰ ਤ੍ਰਿਸ਼ਨਾ ਭੱਖਣ ਲਗ ਜਾਂਦੀ ਹੈ ਅਤੇ ਜਪ ਤਪ ਵਿਚ ਸਫਲਤਾ ਨਹੀਂ ਮਿਲਦੀ ਅਤੇ ਸੰਸਾਰ ਦੇ ਚੱਕਰ ਲਾਉਣੇ ਪੈ ਜਾਂਦੇ ਹਨ।

**ਜਗਜੀਵਨ ਪੁਰਖੁ ਤਿਆਗਿ ਕੈ**
**ਮਾਣਸ ਸੰਦੀ ਆਸ॥**

ਜੋ ਜਗਜੀਵਨ=ਜਗਤ ਦੇ ਜੀਵਨ ਰੂਪ ਪੁਰਖੁ=ਪੂਰਨ ਪਰਮੇਸ਼ਰ ਨੂੰ ਤਿਆਗਿ=ਛੱਡ ਕੈ=ਕਰਕੇ ਮਾਣਸ=ਮਨੁੱਖਾ ਸੰਦੀ=ਦੀ ਆਸ=ਆਸਾ ਰੱਖਦੇ ਹਨ।

**ਦੁਯੈ ਭਾਇ ਵਿਗੁਚੀਐ**
**ਗਲਿ ਪਈ ਸੁ ਜਮ ਕੀ ਫਾਸ॥**

ਉਹ ਦੁਯੈ=ਦ੍ਵੈਤ ਭਾਇ=ਭਾਵ ਵਿਚ ਲੱਗਣ ਕਰਕੇ ਵਿਗੁਚੀਐ=ਖਰਾਬ ਹੁੰਦੇ ਹਨ। ਸੋ ਅਜਿਹੇ ਪੁਰਸ਼ਾਂ ਦੇ ਅੰਤ ਨੂੰ ਗਲਿ=ਗਲੇ ਵਿਚ ਜਮਾਂ ਕੀ=ਦੀ ਫਾਸ=ਫਾਸੀ ਪਈ ਰਹਿੰਦੀ ਹੈ ਵਾ: ਫਾਸ=ਮੌਤ ਦੀ ਫਾਹੀ ਪਈ ਰਹਿੰਦੀ ਹੈ ਵਾ: ਪਹਿਲਾਂ ਪਰਮੇਸ਼ਰ ਤੇ ਦੁਯੈ=ਦੂਜੀ ਮਾਇਆ ਹੈ। ਪਰਮੇਸ਼ਰ ਦਾ ਤਿਆਗ ਕਰਕੇ ਮਾਇਆ ਸਹਿਤ ਦਵੈਤੀ ਪਾਈ ਰਖਣੀ, ਝਗੜੇ ਕਰਨੇ, ਚੁਗਲੀ ਨਿੰਦਿਆ ਕਰਨੀ ਅਤੇ ਬੁਰੇ ਕੰਮ ਕਰਦੇ ਰਹਿਣਾ। ਇਸ ਦ੍ਵੈਤ-ਭਾਵ ਵਿਚ ਹੀ ਵਿਗੁਚੀਐ=ਖਪੀ ਜਾਂਦੇ ਹਨ ਜਿਸ ਕਰਕੇ ਸੋ=ਉਹਨਾਂ ਨੂੰ ਸੰਸਾਰ ਦੇ ਜਮਾਂ ਰੂਪੀ ਬੰਧਨਾਂ ਦੀ ਮੋਹ ਰੂਪੀ ਫਾਸ=ਫਾਹੀ ਪਈ ਰਹਿੰਦੀ ਹੈ।

## ਜੇਹਾ ਬੀਜੈ ਸੋ ਲੁਣੈ
## ਮਥੈ ਜੋ ਲਿਖਿਆਸੁ॥

ਜੇਹਾ=ਜਿਹੋ ਜਿਹਾ ਕੋਈ ਸਰੀਰ ਰੂਪੀ ਖੇਤ ਵਿਚ ਕਰਮਾਂ ਰੂਪੀ ਬੀਜੈ=ਬੀਜ ਬੀਜੇਗਾ, ਸੋ=ਉਹੋ ਜਿਹਾ ਹੀ ਫਲ ਲੁਣੈ=ਵੱਢਦਾ ਹੈ ਅਥਵਾ ਜਿਸ ਤਰ੍ਹਾਂ ਦਾ ਕਰਮ ਕਰਦਾ ਹੈ, ਉਸੇ ਤਰ੍ਹਾਂ ਦਾ ਹੀ ਫਲ ਭੋਗਦਾ ਹੈ। ਜੋ ਕਰਮ ਪ੍ਰਾਲਬਧ ਵਿਚ ਕਮਾਏ, ਉਹ ਮਥੈ=ਮਸਤਕ ਉਤੇ ਲਿਖਿਆਸੁ=ਲਿਖੇ ਜਾਂਦੇ ਹਨ ਵਾ: ਜੋ ਮਥੈ=ਅੰਤਸ਼ਕਰਨ ਦੇ ਸੰਸਕਾਰ ਰੂਪੀ ਲਿਖਿਆਸੁ=ਲਿਖਤ ਲਿਖੀ ਹੋਈ ਹੈ।

## ਰੈਣਿ ਵਿਹਾਣੀ ਪਛੁਤਾਣੀ
## ਉਠਿ ਚਲੀ ਗਈ ਨਿਰਾਸ॥

ਜਦੋਂ ਉਮਰ ਰੂਪੀ ਰੈਣਿ=ਰਾਤ ਪ੍ਰਭੂ ਦੀ ਪ੍ਰਾਪਤੀ ਤੋਂ ਬਿਨਾਂ ਵਿਹਾਣੀ=ਬਤੀਤ ਹੋ ਗਈ ਤਾਂ ਪਿੱਛੋਂ ਜੀਵ ਰੂਪੀ ਇਸਤਰੀ ਪਛੁਤਾਣੀ=ਪਛਤਾਉਂਦੀ ਹੋਈ ਅੰਤ ਨੂੰ ਸੰਸਾਰ ਤੋਂ ਉਠ ਕੇ ਪਰਲੋਕ ਨੂੰ ਨਿਰਾਸ ਹੋ ਕੇ ਚਲੀ ਗਈ ਭਾਵ ਕੁਝ ਵੀ ਪੱਲੇ ਨਹੀਂ ਪਿਆ।

## ਜਿਨ ਕੌ ਸਾਧੂ ਭੇਟੀਐ
## ਸੋ ਦਰਗਹ ਹੋਇ ਖਲਾਸ॥

ਜਿਨ=ਜਿਨ੍ਹਾਂ ਜਗਿਆਸੂਆਂ ਕੌ=ਨੂੰ ਸਾਧੂ=ਸਤਿਪੁਰਸ਼ਾਂ ਸਾਧੂਆ ਦੀ ਸੰਗਤ ਭੇਟੀਐ=ਮਿਲੀ ਹੈ, ਸੋ=ਉਹ ਪੁਰਸ਼ ਵਾਹਿਗੁਰੂ ਦੀ ਦਰਗਾਹ ਵਿਚ ਮੁਕਤ ਰੂਪ ਹੋ ਕੇ ਖਲਾਸੁ=ਛੁਟਕਾਰਾ ਪਾਉਂਦੇ ਹਨ ਵਾ: ਉਹ ਪਰਮੇਸ਼ਰ ਦੇ ਨਿਆਂ ਅਸਥਾਨ ਭਾਵ ਧਰਮਰਾਜ ਦੀ ਕਚਹਿਰੀ ਵਿਚ ਜਮਾਂ ਦੀ ਬੰਦੀ ਤੋਂ ਖਲਾਸੁ=ਛੁੱਟ ਗਏ ਹਨ ਅਥਵਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮਾਰਗ ਦੀ ਘਾਲਣਾ ਘਾਲ ਕੇ ਅਵਸਥਾ ਨੂੰ ਪ੍ਰਾਪਤ ਹੋਣ ਵਾਲਾ ਹੀ ਸਾਧਕ ਪੁਰਸ਼ ਹੈ। ਸੋ=ਉਹ ਜਗਿਆਸੂ ਜਨ ਉਹਨਾਂ ਸਾਧੂ ਜਨਾਂ ਦੀ ਸੰਗਤ ਨਾਲ ਭੇਟੀਐ=ਮਿਲ ਕਰਕੇ ਸੰਸਾਰ ਵਿਚ ਹੀ ਵਾਹਿਗੁਰੂ ਨੂੰ ਆਪਣੇ (ਦਰ+ਗਹ) ਇੰਦਰਿਆਂ ਜਾਂ ਦੇਹੀ ਦਰ=ਅੰਦਰ ਅੰਤਸ਼ਕਰਨ ਦੀ ਬਿਰਤੀ ਗਹ=ਜਗ੍ਹਾ ਨੂੰ ਪ੍ਰਾਪਤ ਕਰ ਲੈਂਦੇ ਹਨ। ਰਾਜਸੀ, ਤਾਮਸੀ ਬਿਰਤੀ ਵਿਸ਼ੇ-ਵਿਕਾਰ ਸਭ ਨਾਸ਼ ਹੋ ਜਾਂਦੇ ਹਨ ਵਾ: ਇਸ ਪ੍ਰਕਾਰ ਪਰਮੇਸ਼ਰ ਦੀ ਦਰਗਾਹ ਵਿਚ ਉਹ ਪੁਰਸ਼ ਮੁਕਤ ਹੋ ਜਾਂਦੇ ਹਨ ਅਤੇ ਹੋਰਨਾਂ ਨੂੰ ਸੰਸਾਰ ਰੂਪੀ ਦਰਗਹ=ਜਗ੍ਹਾ ਵਿਚੋਂ ਖਲਾਸੀ ਦੇਣ ਵਾਲੇ ਬਣ ਜਾਂਦੇ ਹਨ।

## ਕਰਿ ਕਿਰਪਾ ਪ੍ਰਭ ਆਪਣੀ
## ਤੇਰੇ ਦਰਸਨ ਹੋਇ ਪਿਆਸ॥

ਇਸ ਪ੍ਰਕਾਰ ਬੇਨਤੀ ਕਰੋ ਕਿ ਹੇ ਪ੍ਰਭ=ਅਕਾਲ ਪੁਰਖ ਜੀ! ਸਾਡੇ 'ਤੇ ਵੀ ਆਪਣੀ ਕਿਰਪਾ=ਦਇਆ ਦ੍ਰਿਸ਼ਟੀ ਕਰੋ। ਜਿਵੇਂ ਤੇਰੇ ਭਗਤ ਤੇਰੇ ਦਰਸ਼ਨਾਂ ਦੇ ਬਬੀਹੇ ਵਤ ਪਿਆਸੇ ਰਹਿੰਦੇ ਹਨ, ਉਸੇ ਤਰ੍ਹਾਂ ਸਾਨੂੰ ਵੀ ਤੇਰੇ ਦਰਸ਼ਨਾਂ ਦੀ ਜਗਿਆਸਾ ਪ੍ਰਾਪਤ ਹੋਵੇ ਭਾਵ ਤੇਰੇ ਦਰਸ਼ਨਾਂ ਦੀ ਮਨ ਵਿਚ ਪਿਆਸ ਲੱਗੀ ਹੋਈ ਹੈ ਵਾ: ਹੇ ਪਰਮੇਸ਼ਰ! ਕਿਰਪਾ ਕਰਕੇ ਪ੍ਰਤੱਖ ਹੋ ਕੇ ਦਰਸ਼ਨ ਦੇਣਾ ਕਰੋ ਭਾਵੇਂ ਆਪ ਵਿਆਪਕ ਹੋ ਪਰ ਸਾਡੇ ਮਨ, ਬੁੱਧ, ਨੇਤਰਾਂ ਵਿਚ ਭਰਮ ਦੇ ਭੁਲੇਖੇ ਪਏ ਹਨ। ਆਪ ਕਿਰਪਾ ਕਰਕੇ ਵੈਰਾਗ ਬਿਬੇਕ ਰੂਪੀ ਨੇਤਰ ਬਖਸ਼ੋ ਤਾਂ ਕਿ ਅਸੀਂ ਘਟਾਂ-ਘਟਾਂ ਵਿਚ ਆਪ ਜੀ ਦੇ ਦਰਸ਼ਨ ਕਰ ਸਕੀਏ। ਕਿਉਂਕਿ ਸਾਡੇ ਮਨ ਵਿਚ ਆਪ ਜੀ ਦੇ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ।

## ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ
## ਨਾਨਕ ਕੀ ਅਰਦਾਸਿ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੀ ਜਨਾਂ ਕੀ=ਦੀ ਇਹੋ ਅਰਦਾਸਿ=ਬੇਨਤੀ ਹੈ ਕਿ ਹੇ ਪ੍ਰਭ=ਵਾਹਿਗੁਰੂ! ਤੁਧੁ=ਤੇਰੇ ਤੋਂ ਬਿਨਾਂ ਦੂਜਾ=ਦੂਸਰਾ ਹੋਰ ਕੋ=ਕੋਈ ਵੀ ਲੋਕ ਪ੍ਰਲੋਕ ਵਿਚ ਰੱਖਿਆ ਕਰਨ ਵਾਲਾ ਨਹੀਂ ਹੈ ਅਥਵਾ ਆਪ ਜੀ ਦੇ ਚਰਨਾਂ ਵਿਚ ਸਾਡੀ ਇਉਂ ਅਰਦਾਸਿ=ਬੇਨਤੀ ਹੈ ਕਿ ਜੋ ਕਾਮ, ਕ੍ਰੋਧ ਆਦਿਕ (ਅਰ+ਦਾਸਿ) ਅਰ=ਦੁਸ਼ਮਣ ਹਨ, ਇਹਨਾਂ ਨੂੰ ਸਾਡੇ ਦਾਸ=ਸੇਵਕ ਬਣਾ ਦਿਉ।

## ਆਸਾੜੁ ਸੁਹੰਦਾ ਤਿਸੁ ਲਗੈ
## ਜਿਸੁ ਮਨਿ ਹਰਿ ਚਰਣ ਨਿਵਾਸ॥

ਜਿਨ੍ਹਾਂ ਦੇ ਅੰਦਰ ਵਾਹਿਗੁਰੂ ਦੀ ਪ੍ਰਾਪਤੀ ਰੂਪੀ ਆਸਾੜੁ=ਆਸਾ ਦਾ ਹੜ੍ਹ ਵਗਦਾ ਹੈ, ਤਿਸੁ=ਉਹਨਾਂ ਨੂੰ ਹਾੜ ਦਾ ਮਹੀਨਾ ਸੁਹੰਦਾ=ਸ਼ੋਭਨੀਕ ਲਗੈ=ਲੱਗਦਾ ਹੈ। ਜਿਸੁ=ਜਿਹਨਾਂ ਦੇ ਮਨ ਵਿਚ ਹਰਿ=ਹਰੀ ਅਕਾਲ ਪੁਰਖ ਦੇ ਪਵਿੱਤਰ ਚਰਨਾਂ ਦਾ ਸਦਾ ਲਈ ਇਕ-ਰਸ=ਨਿਵਾਸ=ਵਾਸਾ ਹੋ ਗਿਆ ਹੈ ਵਾ: ਜੋ ਵਿਸ਼ੇ-ਵਿਕਾਰਾਂ ਦੀ ਵਾਸ਼ਨਾਵਾਂ ਤੋਂ ਰਹਿਤ ਹੋ ਗਏ ਹਨ, ਉਹਨਾਂ ਪੁਰਸ਼ਾਂ ਨੂੰ ਹਾੜ ਦਾ ਮਹੀਨਾ ਸ਼ੋਭਨੀਕ ਹੈ। ਜਿਵੇਂ ਕਲਜੁਗ ਵੀ ਹਾੜ ਦੇ ਮਹੀਨੇ ਦੀ ਤਰ੍ਹਾਂ ਤਪਦਾ ਹੈ ਪਰੰਤੂ ਸਤਿਗੁਰਾਂ ਨੇ ਜੋ ਵਾਹਿਗੁਰੂ ਪਰਮੇਸ਼ਰ ਦੇ ਗੁਣ ਸਨ, ਆਪਣੀ ਕਿਰਪਾ ਕਰਕੇ ਕਲਜੁਗ ਵਿਚ ਵਰਤਾ ਕੇ ਇਸ ਨੂੰ ਸਤਜੁਗ ਵਾਂਗ ਠੰਢਾ ਸ਼ਾਂਤ ਕਰ ਦਿਤਾ। ਇਹ ਹਾੜ ਦੇ ਮਹੀਨੇ ਦੀ ਤਰ੍ਹਾਂ ਤਪਣ ਵਾਲਾ ਕਲਜੁਗ ਵੀ ਉਹਨਾਂ ਜਗਿਆਸੂ ਜਨਾਂ ਲਈ ਸ਼ੋਭਨੀਕ ਹੋ ਗਿਆ, ਜਿਨ੍ਹਾਂ ਦੇ ਹਿਰਦੇ ਵਿਚ ਸਤਜੁਗ ਦੀ ਨਿਆਈਂ ਸੱਚ ਸਰੂਪ ਪਰਮੇਸ਼ਰ ਦਾ ਸਦਾ ਲਈ ਵਾਸਾ ਹੋ ਗਿਆ।

# ਸ੍ਰੀ ਗੁਰੂ ਅਰਜਨ ਦੇਵ ਜੀ ਤੇ ਭਾਈ ਬੋਹੜੂ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-15)***

ਕਬੀਰ ਸਾਹਿਬ ਇਕ ਦਿਨ ਸਹਿਜ ਸੁਭਾਅ ਬੈਠੇ, ਥੋੜ੍ਹਾ ਜਿਹਾ ਧਿਆਨ ਸ਼ੀਸ਼ੇ 'ਤੇ ਪੈ ਗਿਆ। ਆਰਸੀਆਂ ਹੁੰਦੀਆਂ ਸੀ। ਛੋਟੇ-ਛੋਟੇ ਸ਼ੀਸ਼ੇ ਹੋਇਆ ਕਰਦੇ ਸੀ। ਧਿਆਨ ਪਿਆ ਤਾਂ ਕੀ ਦੇਖਦੇ ਨੇ ਕਿ ਕੰਨ ਦੇ ਕੋਲ ਨੂੰ ਚਿੱਟੇ ਵਾਲ ਆ ਗਏ। ਇਹ ਸੰਦੇਸ਼ਾ ਆਇਆ ਕਰਦੈ, ਜਿਵੇਂ examiner (ਪਰੀਖਿਅਕ) ਹੁੰਦਾ ਹੈ, ਉਹ ਪਹਿਲਾਂ ਕਹਿ ਦਿੰਦੈ ਕਿ ਅੱਧਾ ਘੰਟਾ ਲੰਘ ਗਿਆ। ਘੰਟਾ ਲੰਘ ਗਿਆ। ਫੇਰ ਸਮਾਂ ਪੂਰਾ ਹੋ ਗਿਆ ਦਾ ਵੀ ਦਸ ਦਿੰਦੈ। ਇਸੇ ਤਰ੍ਹਾਂ ਨਾਲ ਪ੍ਰਮੇਸ਼ਰ ਵਲੋਂ ਹਦਾਇਤਾਂ ਆਉਂਦੀਆਂ ਨੇ। ਪਹਿਲਾਂ ਇਹਦੇ ਮਾਤਾ ਪਿਤਾ ਚਲੇ ਜਾਂਦੇ ਨੇ। ਪੁਰਾਣੇ ਜ਼ਮਾਨਿਆਂ 'ਚ ਜਿਹੜੇ ਚਿੱਟੇ ਵਾਲ ਸੀ ਉਹ ਬੜੇ ਲੇਟ ਆਇਆ ਕਰਦੇ ਸੀ। 50-60 ਸਾਲ ਤੋਂ ਬਾਅਦ ਕਿਤੇ ਆਉਣੇ ਸ਼ੁਰੂ ਹੁੰਦੇ ਸੀ। ਅੱਜਕੱਲ੍ਹ 20 ਸਾਲ ਤੋਂ ਹੀ ਸ਼ੁਰੂ ਹੋ ਜਾਂਦੇ ਨੇ ਤੇ ਆਦਮੀ ਧੋਖਾ ਦਿੰਦੈ ਰੱਬ ਨੂੰ। ਸਚਾਈ ਨੂੰ ਮੰਨਦਾ ਨਹੀਂ ਹੈ। ਧੋਖਾ ਦਿੰਦੈ ਕਿ ਮੇਰੇ ਚਿੱਟੇ ਵਾਲ ਨਾ ਆ ਜਾਣ। ਡਰਦਾ ਹੈ, ਹਾਏ ਚਿੱਟੇ ਵਾਲ ਆ ਗਏ। ਰੰਗ ਲਿਆਉਂਦੈ, ਲਿਆ-ਲਿਆ ਕਾਲੇ ਕਰਦੈ। ਕੋਈ ਮਹਿੰਦੀ ਲਾਉਂਦੈ, ਕੋਈ ਕੁਛ ਲਾਉਂਦੈ, ਕੋਈ ਕੁਛ ਲਾਉਂਦੈ। ਸਿਰ ਖਰਾਬ ਕਰ ਲੈਂਦੇ ਨੇ। ਇਥੇ ਮੇਰੇ ਕੋਲ ਆਉਂਦੇ ਨੇ ਜੀ ਚੱਕਰ ਨਹੀਂ ਹਟਦੇ, ਸਾਰੇ ਸਰੀਰ 'ਚ ਦਰਦਾਂ ਹੋ ਰਹੀਆਂ ਨੇ। ਰੰਗ ਤਾਂ ਤੂੰ ਸਿਰ 'ਤੇ ਲਾਇਆ ਹੋਇਐ। ਇਹ penetrate (ਪ੍ਰਵੇਸ਼) ਕਰਦੈ। ਤੇਰਾ ਚਿਹਰਾ ਕਾਲਾ ਕਰ ਦਿਤਾ ਇਹਨੇ, ਤੂੰ ਅਜੇ ਵੀ ਨਹੀਂ ਸਮਝਦਾ। ਵਾਸ਼ਨਾ ਨਹੀਂ ਤੇਰੀ ਹਟਦੀ ਕਿ ਮੈਂ ਜਵਾਨ ਰਹਾਂ। ਜਵਾਨ ਤਾਂ ਰਹਿਣਾ ਨਹੀਂ। ਅੰਗਾਂ ਨੇ ਜਵਾਬ ਦੇ ਦਿਤਾ। ਉਹ ਬੁੱਢੇ ਹੋ ਗਏ। ਬਾਹਰਲੀ ਜਵਾਨੀ ਤੇਰੀ ਕੀ ਕਰੇਗੀ। ਕਿਉਂ ਧੋਖਾ ਦਿੰਨੈ ਲੋਕਾਂ ਨੂੰ। ਮੰਨ ਲੈ ਕੁਦਰਤ ਦੀ ਗੱਲ। ਇਹ ਤੇਰੇ ਭਲੇ ਵਾਸਤੇ ਆਉਂਦੇ ਨੇ। ਚੁੱਪ ਕਰ ਗਏ ਕਬੀਰ ਸਾਹਿਬ ਦੇਖ ਕੇ ਕਿ ਹੈਂ! ਲੰਘ ਗਈ ਜਵਾਨੀ। ਹਨ੍ਹੇਰੀ ਰਾਤ ਕਿਹੈ ਜਵਾਨੀ ਨੂੰ। ਕਹਿੰਦੇ ਹੁਣ ਰੈਣ ਤਾਂ ਲੰਘ ਗਈ, ਹੁਣ ਦਿਨ ਰਹਿ ਗਿਆ ਬੁਢਾਪਾ ਮੇਰੇ ਕੋਲ। ਬਚਪਨ ਨੂੰ ਜਵਾਨੀ ਖਾ ਗਈ, ਜਵਾਨੀ ਨੂੰ ਬੁਢਾਪੇ ਨੇ ਮੂੰਹ ਪਾ ਲਿਆ। ਹੁਣ ਅਗਾਂਹਾਂ ਕੀ ਹੈ, ਬੁਢਾਪੇ ਤੋਂ ਅਗਾਂਹਾਂ ਤਾਂ ਕੁਛ ਹੈ ਹੀ ਨਹੀਂ। ਫੇਰ ਤਾਂ ਇਸ ਸੰਸਾਰ ਨੂੰ ਛੱਡ ਕੇ ਜਾਣਾ ਹੀ ਜਾਣਾ ਹੈ। ਉਹ ਸਚਾਈ ਨੂੰ ਨਹੀਂ ਮੰਨਦਾ, ਧੋਖਾ ਦਿੰਦੈ ਆਪਣੇ ਆਪ ਨੂੰ ਆਪੇ ਹੀ। ਆਪਣੇ ਆਪ ਨੂੰ ਧੋਖਾ ਦੇ ਕੇ ਕਾਲੇ ਵਾਲ ਕਰੀਂ ਫਿਰਦੈ। ਲੇਕਿਨ ਮਹਾਂਪੁਰਸ਼ ਜਿਹੜੇ ਨੇ ਉਹ ਕਹਿੰਦੇ ਨੇ ਕਿ ਲੈ ਬਈ ਚੇਤਾਵਨੀ ਆ ਗਈ, ਅੱਧਾ ਸਮਾਂ ਖਤਮ -

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥*
*ਅੰਗ - ੧੩੭੮*

ਜਿਸ ਵਕਤ ਕਬੀਰ ਸਾਹਿਬ ਦੇਖਦੇ ਨੇ, ਕਹਿਣ ਲੱਗੇ, ਇਹ ਤਾਂ ਹੁਕਮ ਆ ਗਿਆ ਚੱਲਣ ਦਾ। ਹੁਣ ਜਵਾਨੀ ਨਹੀਂ ਆਉਣੀ ਮੁੜ ਕੇ, ਬਾਲਪੁਣਾ ਨਹੀਂ ਆਉਣਾ -

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥*
*ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ*
*ਸਠੀ ਕੇ ਬੋਢੇਪਾ ਆਵੈ ॥* *ਅੰਗ- ੧੩੮*

60 ਤੋਂ ਬੁਢੇਪੇ ਦੀਆਂ ਨਿਸ਼ਾਨੀਆਂ, ਸਰੀਰ ਦੀ ਤਾਕਤ ਘਟ ਜਾਂਦੀ ਹੈ। ਗੋਰਮਿੰਟ ਕਹਿੰਦੀ ਹੈ, ਰਿਟਾਇਰ ਕਰ ਦਿਓ ਇਹਨੂੰ। ਅੱਗਾ ਜਿਹੜਾ ਰਹਿ ਗਿਆ, ਉਹਦਾ ਕੋਈ ਪਤਾ ਨਹੀਂ ਕਿ ਕਿੰਨਾ ਕੁ ਕਾਇਮ ਰਹਿ ਗਿਆ।

*ਸਤਰਿ ਕਾ ਮਤਿਹੀਣੁ*
*ਅਸੀਹਾਂ ਕਾ ਵਿਉਹਾਰੁ ਨ ਪਾਵੈ ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥*
*ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥*
*ਅੰਗ - ੧੩੮*

ਪੈ ਗਿਆ ਮੰਜੇ 'ਤੇ। ਆਪਣਾ ਜਿਹੜਾ ਬਲ ਸੀ ਉਹਨੂੰ ਭੁੱਲ ਗਿਆ, ਬਲ ਰਿਹਾ ਹੀ ਨਹੀਂ ਉਹਦੇ 'ਚ। ਫੇਰ ਸੰਸਾਰ ਤੋਂ ਚਲਿਆ ਜਾਂਦੈ। ਸਾਹ ਆਏ ਦੀ ਕਹਾਣੀ ਹੈ। ਦੇਖ ਕੇ ਕਬੀਰ ਸਾਹਿਬ ਕਹਿਣ ਲੱਗੇ ਕਿ ਹੁਣ ਤਾਂ ਜਿਹੜਾ ਸਮਾਂ ਰਹਿ ਗਿਆ ਬਾਕੀ ਦਾ, ਸਾਡੇ ਜੀਵਾਂ ਨੂੰ ਸਮਝਾਉਣ ਵਾਸਤੇ ਕਿ ਪਿਆਰਿਓ! ਸਾਂਭ ਲਵੋ। ਸਮਾਂ ਲੰਘ ਗਿਆ ਸਾਰਾ -

*ਥਰਹਰ ਕੰਪੈ ਬਾਲਾ ਜੀਉ ॥*
*ਨਾ ਜਾਨਉ ਕਿਆ ਕਰਸੀ ਪੀਉ ॥* *ਅੰਗ- ੭੯੨*

ਕੰਬ ਰਿਹੈ ਅੰਦਰੋਂ, ਕਿਉਂਕਿ ਡਾਹਢੇ ਨਾਲ ਵਾਹ ਪੈਣੈ ਅੱਗੇ। ਡਾਹਢੇ ਦੇ ਹੁਕਮ ਕਰਾਰੇ ਨੇ, ਕਾਨੂੰਨ ਪੂਰੇ ਨੇ। ਕਿਵੇਂ ਬਖਸ਼ਾਵਾਂਗੇ। ਕਿਸ ਤਰ੍ਹਾਂ ਦੇ ਨਾਲ ਅਸੀਂ ਅੱਗੇ ਜਵਾਬ ਦੇਵਾਂਗੇ। ਜ਼ਿੰਦਗੀ ਦੀਆਂ ਗਲਤੀਆਂ ਜੋ ਕੀਤੀਆਂ। ਸਮਾਂ ਜੋ ਬਰਬਾਦ ਕਰ ਦਿਤਾ -

*ਰੈਨਿ ਗਈ ਮਤ ਦਿਨੁ ਭੀ ਜਾਇ ॥ ਅੰਗ- ੭੯੨*

ਦੇਖੀ ਜਿਹੜਾ ਸਮਾਂ ਤੇਰੇ ਹੱਥ 'ਚ ਬਾਕੀ ਬਚਦੈ ਉਹ ਨਾ ਲੰਘ ਜਾਵੇ -

*ਭਵਰ ਗਏ ਬਗ ਬੈਠੇ ਆਇ ॥ ਅੰਗ- ੭੯੨*

ਕਾਲੇ ਕੇਸ ਚਲੇ ਗਏ ਹੁਣ ਤਾਂ ਚਿੱਟੇ ਆ ਕੇ ਬਹਿ ਗਏ -

*ਹੰਸੁ ਚਲਿਆ ਕਾਇਆ ਕੁਮਲਾਨੀ ॥ ੨ ॥*
*ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥*
*ਕਿਉ ਰਲੀਆ ਮਾਨੈ ਬਾਝੁ ਭਤਾਰਾ ॥ ਅੰਗ- ੭੯੨*

ਮਿਲਿਆ ਤਾਂ ਤੈਨੂੰ ਹੈ ਨਹੀਂ।

*ਕਾਗ ਉਡਾਵਤ ਭੁਜਾ ਪਿਰਾਨੀ ॥*
*ਕਹਿ ਕਬੀਰ ਇਹ ਕਥਾ ਸਿਰਾਨੀ ॥ ੪ ॥ ੨ ॥*
*ਅੰਗ- ੭੯੨*

ਸੋ ਹੁਣ ਸਮੇਂ ਨੂੰ ਸੰਭਾਲ ਲੈ -

*ਧਾਰਨਾ - ਤੇਰੀ ਹੁਣ ਬੰਨਣੇ ਦੀ ਵੇਲਾ,*
*ਵੇਲੇ ਨੂੰ ਬੰਨ੍ਹ ਲੈ ਮਨਾਂ।*
*ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ ਅੰਗ- ੭੯੪*

ਵੈਸਾਖ, ਜੇਠ, ਹਾੜ ਦਾ ਮਹੀਨਾ ਚਲਦੈ, ਦਰਿਆ ਉਤਰਿਆ ਹੋਇਐ। ਵਿਚੀਂ ਲੰਘ ਰਹੇ ਨੇ ਥੋੜ੍ਹੇ-ਥੋੜ੍ਹੇ ਪਾਣੀ ਦੇ। ਕਿਸ਼ਤੀ ਖਰਾਬ ਹੋਈ ਖੜ੍ਹੀ ਹੈ। ਸਮਾਂ ਸੀ, ਜਿਸ ਵਕਤ ਮੀਂਹ ਪੈ ਗਏ, ਭਰ ਗਿਆ ਫੇਰ ਕਿਵੇਂ ਬੰਨ੍ਹ ਲਏਂਗਾ ਬੇੜਾ, ਹੁਣ ਤਾਂ ਵੇਲਾ ਹੀ ਨਹੀਂ ਰਿਹਾ -

*ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥*
*ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥ ੧ ॥*
*ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ ੧ ॥*
*ਅੰਗ- ੭੯੪*

ਆਹ ਵਿਸ਼ੇ ਵਿਕਾਰਾਂ ਦੇ ਵਿਚ ਨਾ ਪੈ, ਜਲ ਜਾਏਂਗਾ ਇਨ੍ਹਾਂ ਦੇ ਵਿਚ। ਅੱਖਾਂ ਨਾਲ ਦੇਖਣ ਨੂੰ ਵਧੀਆ ਨੇ, ਖਿੱਚ ਪੈਂਦੀ ਹੈ, ਲੇਕਿਨ ਇਹ ਜਾਲ ਦਿੰਦੀਆਂ ਨੇ ਅੰਦਰ -

*ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥*
*ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥ ੨ ॥*
*ਅੰਗ- ੭੯੪*

ਜਿਹੜਾ ਲੰਘ ਗਿਆ ਪੁਲ ਦੇ ਥੱਲਿਓਂ ਪਾਣੀ, ਮੁੜ ਕੇ ਨਹੀਂ ਆਉਣਾ ਉਹਨੇ ਕਦੇ ਵੀ -

*ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥*
*ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥ ੩ ॥ ੨ ॥*
*ਅੰਗ- ੭੯੪*

ਕੀਰਤਨ ਦੀ ਸਮਾਪਤੀ ਹੋ ਗਈ। ਹੌਲੀ-ਹੌਲੀ ਗੁਰੂ ਮਹਾਰਾਜ ਨੂੰ ਨਮਸ਼ਕਾਰਾਂ ਕਰ-ਕਰ ਕੇ ਸੰਗਤ ਜਾ ਰਹੀ ਹੈ। ਇਕ ਪ੍ਰੇਮੀ ਖੜ੍ਹਾ ਹੈ ਨੇਤਰਾਂ 'ਚੋਂ ਜਲ ਜਾ ਰਿਹੈ। ਮਹਾਰਾਜ ਨੇ ਬੜੇ ਧਿਆਨ ਨਾਲ ਦੇਖਿਆ। ਉਸ ਵੇਲੇ ਬੁਲਾਇਆ ਕਹਿੰਦੇ, ਪ੍ਰੇਮੀਆਂ! ਕਿਸ ਤਰ੍ਹਾਂ ਆਇਆ ਹੈਂ ਤੂੰ? ਪਹਿਲਾਂ ਤਾਂ ਕਦੇ ਸੰਗਤ 'ਚ ਦੇਖਿਆ ਨਹੀਂ।

ਸੱਚੇ ਪਾਤਸ਼ਾਹ! ਮੇਰੇ ਭਾਗ ਜਾਗ ਪਏ, ਤੁਸੀਂ ਨੇੜੇ ਆਏ ਹੋਏ ਸੀ ਤੇ ਮੈਂ ਕਰਮਾਂ ਦਾ ਪ੍ਰੇਰਿਆ ਹੋਇਆ ਕੀਰਤਨ ਦੇ ਵਿਚ ਆ ਕੇ ਬੈਠ ਗਿਆ। ਮੇਰੇ ਹਿਰਦੇ ਵਿਚ ਬਾਣ ਲੱਗੇ। ਇਹ ਬਾਣੀ ਨਹੀਂ ਸੀ ਬਾਣ ਸੀ, ਵਿੰਨ੍ਹ ਦਿਤਾ ਇਹਨਾਂ ਨੇ ਮੈਨੂੰ। ਪਾਤਸ਼ਾਹ! ਮੈਂ ਪਛਤਾਵਾਂ ਨਾ ਤਾਂ ਕੀ ਕਰਾਂ? ਕਿਉਂਕਿ ਮੇਰਾ ਸਮਾਂ ਲੰਘ ਗਿਆ। ਜਵਾਨੀ ਲੰਘ ਗਈ ਹੁਣ ਮੈਂ ਕੀ ਕਰਾਂ?

ਮਹਾਰਾਜ ਕਹਿੰਦੇ, ਕਿਰਤ ਕੀ ਕਰਦਾ ਹੁੰਦੈਂ ਪ੍ਰੇਮੀਆਂ?

ਕਹਿੰਦਾ, ਸੱਚੇ ਪਾਤਸ਼ਾਹ! ਕਿਰਤ ਮੈਂ ਸੋਨੇ ਦਾ ਕੰਮ ਕਰਦਾ ਹਾਂ।

ਕਹਿੰਦੇ, ਇਸ ਤਰ੍ਹਾਂ ਦਸ ਇਮਾਨਦਾਰੀ ਨਾਲ ਕਰਦੈਂ?

ਕਹਿਣ ਲੱਗਿਆ, ਨਾ ਸੱਚੇ ਪਾਤਸ਼ਾਹ! ਕੰਮ ਸੋਹਣਾ ਕਰਦਾ ਹਾਂ, ਬਹੁਤ ਵਧੀਆ ਕਾਰੀਗਰ ਹਾਂ। ਜਿਹੋ ਜਿਹੀ ਚੀਜ਼ ਕਹਿੰਦੇ ਨੇ, ਉਸ ਤੋਂ ਵੀ ਮੈਂ ਵਧੀਆ ਬਣਾ ਦਿੰਦਾ ਹਾਂ। ਪਰ ਸੱਚੇ ਪਾਤਸ਼ਾਹ! ਮੈਂ ਵਿਚ ਖੋਟ ਰਲਾ ਦਿੰਦਾ ਹਾਂ। ਤੁਹਾਡੇ ਕੋਲ ਮੈਂ ਮੁਕਰਨਾ ਨਹੀਂ ਹੈ। ਮਿਹਨਤ ਅੱਡ ਲੈ ਲੈਂਦਾ ਹਾਂ, ਖੋਟ ਰਲਾ ਕੇ, ਛਲ ਕਰਕੇ ਮੈਂ ਵਾਧੂ ਹੋਰ ਪੈਸੇ ਲੈ ਲੈਂਦਾ ਹਾਂ।

ਫੇਰ ਪ੍ਰੇਮੀਆਂ! ਸਾਨੂੰ ਤੂੰ ਦਸ ਸਕਦੈਂ ਕਿ ਜੇ ਕੰਡੇ ਉਗਾਏ ਜਾਣ ਤਾਂ ਕੰਡੇ ਹੋਣਗੇ ਨਾ?

ਕਹਿੰਦਾ, ਹਾਂ ਜੀ। ਤੇ ਜੇ ਕੰਡਿਆਂ ਦੀ ਥਾਂ 'ਤੇ ਗਲਤੀ ਨਾਲ ਜੇ ਕੋਈ ਕਹੇ ਕਿ ਅੰਗੂਰ ਲਗ ਜਾਣਗੇ ਕੀ ਇਹ ਹੋ ਸਕਦਾ ਹੈ? -

*ਧਾਰਨਾ - ਕਿੱਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,*
*ਕਿੱਕਰਾਂ ਦੇ ਬੀਜ ਬੀਜ ਕੇ।*
*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥*
*ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ- ੧੩੭੯*

ਪ੍ਰੇਮੀਆਂ! ਫੇਰ ਕੀ ਭਾਲਦੈਂ ਤੂੰ ਸੰਸਾਰ ਤੋਂ ਜਦੋਂ ਜਾਣੈ। ਉਸ ਵੇਲੇ ਲੇਖਾ ਦੇਣਾ ਪੈਣੈ ਸਾਰੀਆਂ ਚੀਜ਼ਾਂ ਦਾ-

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੪*

ਜਿਹੋ ਜਿਹਾ ਬੀਜੇਂਗਾ ਉਹੋ ਜਿਹਾ ਮਿਲੇਗਾ। ਕਿੱਕਰਾਂ ਦੇ ਬੀਜ, ਬੀਜ ਕੇ ਅੰਗੂਰ ਨਹੀਂ ਪ੍ਰਾਪਤ ਹੋਇਆ ਕਰਦੇ। ਜਿਹੋ ਜਿਹਾ ਬੀਜਦਾ ਹੈਂ। ਲੋਕਾਂ ਨੂੰ ਤੂੰ ਧੋਖੇ ਦਿੰਦਾ ਹੈਂ। ਧੋਖੇ ਦੇਣ ਦਾ ਫਲ ਬਹੁਤ ਬੁਰਾ ਹੈ। ਉਸ ਵੇਲੇ ਤੈਨੂੰ

ਔਖਾ ਹੋ ਜਾਏਗਾ। ਦਰਗਾਹ ਵਿਚ ਜਦੋਂ ਤੂੰ ਲੇਖਾ ਦੇਵੇਂਗਾ। ਤੈਨੂੰ ਜਵਾਬ ਨਹੀਂ ਆਉਣਾ -

*ਲਾਲਚ ਲਾਗੇ ਜਨਮੁ ਗਵਾਇਆ*
*ਮਾਇਆ ਭਰਮ ਭੁਲਾਹਿਗਾ ॥*
*ਧਨ ਜੋਬਨ ਕਾ ਗਰਬੁ ਨ ਕੀਜੈ*
*ਕਾਗਦ ਜਿਉ ਗਲਿ ਜਾਹਿਗਾ ॥ ੧ ॥*
*ਜਉ ਜਮੁ ਆਇ ਕੇਸ ਗਹਿ ਪਟਕੈ*
*ਤਾ ਦਿਨ ਕਿਛੁ ਨ ਬਸਾਹਿਗਾ ॥*
*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ ॥ ੨ ॥* *ਅੰਗ- ੧੧੦੬*

ਤੇਰਾ ਵਸ ਕਿਵੇਂ ਚਲਨੈ ਜਦੋਂ ਜਮਾਂ ਨੇ ਆ ਕੇ ਕੇਸਾਂ ਤੋਂ ਫੜ ਲਿਆ! ਕੇਸਾਂ ਤੋਂ ਫੜਦੇ ਹੀ ਨਹੀਂ ਹੈ, ਕੇਸਾਂ ਤੋਂ ਫੜ ਕੇ ਪਟਕਾ ਕੇ ਮਾਰਦੇ ਨੇ ਜਿਵੇਂ ਕੱਪੜਾ ਮਾਰਿਆ ਜਾਂਦੈ -

*ਧਰਮ ਰਾਇ ਜਬ ਲੇਖਾ ਮਾਗੈ*
*ਕਿਆ ਮੁਖੁ ਲੈ ਕੈ ਜਾਹਿਗਾ ॥*
*ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥ ੩ ॥ ੧ ॥*

*ਅੰਗ- ੧੧੦੬*

ਉਥੇ ਜਾ ਕੇ ਤੈਨੂੰ ਸ਼ਰਮਿੰਦਾ ਹੋਣਾ ਪੈਣੈ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*
*ਅੰਗ - ੯੧੮*

ਕੀ ਜਵਾਬ ਦੇਵੇਂਗਾ ਉਸ ਥਾਂ ਦੇ ਉਤੇ?

ਉਸ ਵੇਲੇ ਚਰਨਾਂ 'ਤੇ ਢਹਿ ਪਿਆ, ਰੋਂਦਾ ਹੈ। ਬੇਨਤੀ ਕਰਦੈ। ਪੜ੍ਹੋ ਪਿਆਰ ਨਾਲ -

*ਧਾਰਨਾ - ਮੈਨੂੰ ਜਮਾਂ ਤੋਂ ਬਚਾ ਲੈ ਸਤਿਗੁਰ ਮੇਰਿਆ,*
*ਜਮਾਂ ਵਾਲੀ ਮਾਰ ਹੈ ਬੁਰੀ।*
*ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ ॥*
*ਅੰਗ- ੧੩੬੮*

ਜੋ ਧਰਮ ਖੰਡ ਦੇ ਦੂਤ ਨੇ ਉਹ ਐਨੇ ਸ਼ਕਤੀਸ਼ਾਲੀ ਨੇ, ਕਹਿੰਦੇ ਜਦੋਂ ਇਕ ਹੰਟਰ ਮਾਰਦੇ ਨੇ, ਵੱਡੇ-ਵੱਡੇ ਧਰਤੀ ਦੇ ਸੂਰਮੇ ਡੋਲ ਜਾਂਦੇ ਨੇ। ਕੋਈ ਸਹਿ ਨਹੀਂ ਸਕਦਾ। ਅੰਦਾਜ਼ਾ ਲਾਇਆ ਮਹਾਂਪੁਰਸ਼ਾਂ ਨੇ ਕਿ ਜੇ 400 ਬਿੱਛੂ ਡੰਗ ਮਾਰੇ, 100 ਤਲਵਾਰ ਦਾ ਫੱਟ ਇਕ ਥਾਂ 'ਤੇ ਮਾਰਿਆ ਜਾਵੇ, ਜਿੰਨੀ ਤਕਲੀਫ ਹੁੰਦੀ ਹੈ, ਐਨੀ ਤਕਲੀਫ ਜਮਦੂਤਾਂ ਦੇ ਠੇਂਗੇ ਦੀ ਹੁੰਦੀ ਹੈ। ਬੋਲ ਨਹੀਂ ਸਕਦਾ ਬੰਦਾ, ਦਸ ਨਹੀਂ ਸਕਦਾ। ਉਸੇ ਵੇਲੇ ਖਤਮ ਹੋ ਜਾਂਦੈ।

ਕਹਿਣ ਲੱਗਿਆ, ਮਹਾਰਾਜ! ਮੈਨੂੰ ਉਸ ਤੋਂ ਬਚਾ ਲਓ। ਮੈਂ ਤੁਹਾਡੀ ਸ਼ਰਨ ਆ ਗਿਆ।

ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਆ! ਤੇਰੀ ਜਿਹੜੀ ਮਾੜੀ ਕਿਰਤ ਕੀਤੀ ਹੋਈ ਹੈ, ਉਹਦਾ ਤੇਰੇ ਮਨ 'ਤੇ ਅਸਰ ਪੈ ਗਿਆ। ਕਹਿੰਦਾ, ਮਹਾਰਾਜ ਮੈਂ ਕੀ ਕਰਾਂ, ਮੇਰਾ ਬਾਪ ਵੀ ਐਵੇਂ ਕਰਦਾ ਸੀ, ਮੇਰਾ ਦਾਦਾ ਵੀ, ਮੇਰਾ ਪੜਦਾਦਾ ਵੀ; ਸਾਡੀ ਜਾਤ ਦਾ ਸੁਭਾਅ ਹੀ ਹੈ, ਅਸੀਂ ਖੋਟ ਜ਼ਰੂਰ ਰਲਾਉਣੀ ਹੈ, ਪੈਸੇ ਵੀ ਪੂਰੇ ਲੈਣੇ ਨੇ। ਕਹਿੰਦੇ, ਅਸਰ ਪੈ ਗਿਆ ਨਾ ਮਨ ਦੇ ਉਤੇ। ਇਹ ਜਿਹੜੇ ਅਸਰ ਨੇ ਇਹ ਸੰਸਕਾਰ ਬਣ ਜਾਣੇ ਨੇ ਤੇਰੇ। ਤੇਰਾ ਧਿਆਨ ਮਰਨ ਵੇਲੇ ਇਸੇ ਗੱਲ 'ਚ ਰਹਿ ਜਾਣੈ। ਪੈਸੇ 'ਚ। ਤੇਰੀ ਗਤੀ ਕੀ ਹੋਣੀ ਹੈ, ਸੱਪ ਬਣੇਂਗਾ -

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥* *ਅੰਗ- ੫੨੬*

ਵਾਸ਼ਨਾ ਦੇ ਮੁਤਾਬਿਕ ਅਗਲਾ ਜਨਮ ਹੋਇਆ ਕਰਦੈ, ਜੈਸੀ ਵਾਸ਼ਨਾ ਉਹੋ ਜਿਹਾ ਹੀ ਅਗਲਾ ਜਨਮ। ਵੱਡੇ-ਵੱਡੇ ਮਹਾਂਪੁਰਸ਼ ਵੀ ਉਲਝ ਗਏ ਇਸ ਗੱਲ 'ਚ।

ਗੁਰੂ ਦਸ਼ਮੇਸ਼ ਪਿਤਾ ਨੇ ਬੰਦੇ ਬਹਾਦਰ ਨੂੰ ਪੁੱਛਿਆ, ਕਹਿਣ ਲੱਗੇ, ਮਾਧੋਦਾਸ! ਤੇਰਾ ਗੁਰੂ ਕੌਣ ਸੀ ਤੇ ਹੁਣ ਇਸ ਵੇਲੇ ਕਿੱਥੇ ਹੈ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੇਰਾ ਗੁਰੂ ਅਘੜਨਾਥ ਸੀ। ਬੜੀਆਂ ਹੀ ਸ਼ਕਤੀਆਂ ਦਾ ਮਾਲਕ ਸੀ। ਬੀਰ ਉਹਦੇ ਵਸ ਵਿਚ ਸੀ। ਉਡ ਕੇ ਜਾਂਦਾ ਸੀ, ਬਹੁਤ ਸ਼ਕਤੀਆਂ ਦਾ ਮਾਲਕ ਸੀ।

ਕਹਿੰਦੇ, ਹੁਣ ਕਿੱਥੇ ਹੈ?

ਕਹਿੰਦਾ, ਬੈਕੁੰਠ ਧਾਮ 'ਚ ਹੋਣੈ ਮਹਾਰਾਜ। ਕ੍ਰਿਆ ਕਰਮ ਦੇ ਪੱਕੇ ਸੀ, ਗਲਤ ਗੱਲ ਕਰਦੇ ਨਹੀਂ ਸੀ। ਸੋ ਇਸ ਕਰਕੇ ਉਹ ਬੈਕੁੰਠ ਧਾਮ 'ਚ ਨੇ।

ਮਹਾਰਾਜ ਹੱਸ ਪਏ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਮੁਸਕਰਾਉਂਦੇ ਹੋ?

ਕਹਿਣ ਲੱਗੇ, ਮਾਧੋਦਾਸ! ਤੈਨੂੰ ਪਤਾ ਨਹੀਂ ਹੈ, ਤੇਰਾ ਗੁਰੂ ਆਹ ਉਤੇ ਜਿਹੜਾ ਬਿੱਲ ਲੱਗਿਆ ਹੋਇਐ, ਇਹਦੇ 'ਚ ਕੀੜਾ ਬਣਿਆ ਹੋਇਐ। ਲਾਹ ਲੈ ਇਹਨੂੰ। ਲਾਹ ਲਿਆ। ਚਿੜ-ਚਿੜ ਕਰਦੈ। ਕਹਿੰਦੇ, ਸਮਝ ਵਿਚ ਆਉਂਦੈ, ਕਹਿੰਦੇ ਨਹੀਂ ਆਉਂਦਾ।

ਮਹਾਰਾਜ ਨੇ ਦਿੱਬ ਬੋਲੀ, ਦਿੱਬ ਕੰਨ ਕਰ ਦਿਤੇ। ਜਿਹਦੇ ਨਾਲ ਸਾਰੀ ਦੁਨੀਆਂ ਦੀਆਂ ਬੋਲੀਆਂ ਆਪੇ ਹੀ ਸਮਝ ਵਿਚ ਆ ਜਾਂਦੀਆਂ ਨੇ। ਉਸ ਵੇਲੇ ਕਹਿਣ ਲੱਗਿਆ, ਮਾਧੋਦਾਸ! ਇਹ ਆਪ ਹੀ ਪ੍ਰਮੇਸ਼ਰ ਰੂਪ ਧਾਰ ਕੇ ਮਨੁੱਖ ਜਾਮੇ 'ਚ ਆਇਆ ਹੋਇਐ, ਤੂੰ ਇਹਦੇ ਚਰਨ ਫੜ ਲੈ। ਛੱਡੀਂ ਨਾ।

ਗੁਰੂ ਜੀ, ਤੁਹਾਡਾ ਹਾਲ ਕਿਵੇਂ ਹੋ ਗਿਆ ਇਹ?

ਕਹਿੰਦੇ, ਮੈਂ ਕੀ ਦੱਸਾਂ, ਜਦੋਂ ਮੈਂ ਪ੍ਰਾਣ ਛੱਡ ਰਿਹਾ ਸੀ। ਮੇਰਾ ਮੰਜਾ ਇਸ ਬਿੱਲ ਦੇ ਥੱਲੇ ਸੀ। ਮੇਰੀ ਨਿਗ੍ਹਾ ਬਿਲ ਵਿਚ ਚਲੀ ਗਈ ਤੇ ਮੇਰੇ ਮਨ ਵਿਚ ਖਿਆਲ ਆ ਗਿਆ ਖਾਣ ਦਾ। ਉਹ ਜਿਹੜਾ ਇਕ ਸਕਿੰਟ ਦੇ ਵਿਚ ਖਿਆਲ ਆਇਆ। ਉਹਦੇ ਨਾਲ ਹੀ ਮੇਰੇ ਪ੍ਰਾਣਾਂ ਦਾ ਅੰਤ ਹੋ ਗਿਆ। ਮੇਰੀ ਵਾਸ਼ਨਾ ਦੇ ਮੁਤਾਬਿਕ ਮੈਨੂੰ ਕੀੜਾ ਬਣਾ ਕੇ ਇਹਦੇ ਵਿਚ ਰਖ ਦਿਤਾ।

ਇਕ ਮਹਾਤਮਾ ਸੀ, ਨਿੱਤਾਨੰਦ ਸੀ ਉਹਨਾਂ ਦਾ ਨਾਮ। ਉਹ ਤੁਲਸੀ ਦਾਸ ਜੀ ਦੇ ਵੇਲੇ ਹੋਏ। ਤੁਲਸੀ ਦਾਸ ਜੀ ਨੇ ਰਾਮਾਇਣ ਬਣਾਉਣ ਤੋਂ ਬਾਅਦ ਸਤਿਸੰਗ ਕਰਨੇ ਤੇ ਕਥਾ ਕੀਰਤਨ ਕਰਨਾ, ਪਿਆਰ ਨਾਲ ਭਗਤੀ ਕਰਨੀ ਆਪ ਤੇ ਦੂਜਿਆਂ ਤੋਂ ਕਰਾਉਣੀ। ਸ੍ਰੀ ਰਾਮ ਚੰਦਰ ਜੀ ਨੂੰ ਵਿਸ਼ਨੂੰ ਦਾ ਅਵਤਾਰ ਜਾਣ ਕੇ ਚੌਦਾਂ ਕਲਾਂ ਸੰਪੂਰਨ ਉਹ ਭਗਤੀ ਕਰਦਾ ਸੀ ਉਹਨੂੰ ਇਕ ਨਗਰ ਵਾਲੇ ਲੈ ਗਏ ਬੇਨਤੀਆਂ ਕਰਕੇ ਕਿ ਮਹਾਰਾਜ! ਸਾਡੇ ਨਗਰ ਚੱਲੋ। 20-25 ਦਿਨ ਰਮਾਇਣ ਦਾ ਕੀਰਤਨ ਕਰੋ, ਸਾਡਾ ਵੀ ਭਲਾ ਹੋ ਜਾਏਗਾ। ਅਸੀਂ ਵੀ ਰਾਮ ਭਗਤੀ ਵਿਚ ਲਗ ਜਾਵਾਂਗੇ। ਉਸ ਵੇਲੇ ਬਚਨ ਮੰਨ ਕੇ ਆਪ ਚਲੇ ਜਾਂਦੇ ਨੇ। 15-17 ਦਿਨ ਦਾ ਜੋ ਪ੍ਰੋਗਰਾਮ ਸੀ ਉਹਦੇ 'ਚ ਬਹੁਤ ਸੰਗਤ ਆਉਣੀ ਸ਼ੁਰੂ ਹੋ ਗਈ। ਨੇੜੇ-ਨੇੜੇ ਦੇ ਇਲਾਕਿਆਂ ਤੋਂ ਆਉਣ ਲਗ ਗਏ। ਸਮਾਪਤੀ ਹੋਣੀ ਤਾਂ ਸਾਰੇ ਨਗਰ ਨੇ ਰਲ ਕੇ ਬੇਨਤੀ ਕੀਤੀ ਕਿ ਮਹਾਰਾਜ! ਇਕ ਕ੍ਰਿਪਾ ਕਰ ਦਿਓ ਸਾਡੇ ਉਪਰ। ਆਹ ਜਿਹੜਾ ਪੂਰਬ ਦਿਸ਼ਾ ਨੂੰ ਰਸਤਾ ਜਾਂਦੈ, ਇਹ ਕਾਫੀ ਦੇਰ ਤੋਂ ਬੰਦ ਹੋ ਗਿਆ। ਰਸਤੇ ਵਿਚ ਘਾਹ ਉੱਗ ਆਇਆ। ਡੰਡੀ ਵੀ ਬੰਦ ਹੋ ਗਈ। ਬੰਦਾ ਤਾਂ ਕਦੇ-ਕਦੇ ਕੋਈ ਲੰਘ ਸਕਦੈ, ਬੀਬੀਆਂ ਬਿਲਕੁਲ ਨਹੀਂ ਲੰਘ ਸਕਦੀਆਂ। ਬੀਬੀਆਂ ਦੇ ਕੱਪੜੇ ਪਾੜੇ ਜਾਂਦੇ ਨੇ, ਕੱਪੜੇ ਪਾੜ ਦਿੰਦੀ ਹੈ ਕੋਈ ਸ਼ਕਤੀ ਆ ਕੇ। ਕੋਈ ਭੂਤ-ਪ੍ਰੇਤ ਹੈ ਇਸ ਦਰਖਤ ਤੋਂ ਉਤਰ ਆਉਂਦੈ। ਕ੍ਰਿਪਾ ਕਰੋ ਸਾਨੂੰ ਇਸ ਸੰਕਟ ਤੋਂ ਬਚਾਓ।

ਉਹਨਾਂ ਨੇ ਅਨੁਭਵ ਨਾਲ ਅੰਦਰ ਦੇਖਿਆ ਤਾਂ ਕਹਿਣ ਲੱਗੇ ਕਿ ਇਥੇ ਤਾਂ ਬਦਰੂਹ ਹੈ ਕੋਈ। ਉਥੇ ਚਲੇ ਗਏ, ਜਾ ਕੇ ਕੀਰਤਨ ਕਰਿਆ, ਕੀਰਤਨ ਦਾ ਫਲ ਇਹ ਹੋਇਆ ਕਿ ਉਹ ਰੂਹ ਜਿਹੜੀ ਸੀ ਉਹਦਾ ਜਿਹੜਾ ਵਡਰੂਪ ਸੀ ਉਹ ਖਤਮ ਹੋ ਕੇ ਬੰਦਿਆਂ ਵਾਂਗਣ ਸਾਮ੍ਹਣੇ ਆ ਗਈ। ਇਹਨਾਂ ਨੇ ਪਛਾਣ ਲਿਆ ਕਿ ਇਹ ਤਾਂ ਸੰਤ ਨਿੱਤਾਨੰਦ ਹੈ। ਕਹਿੰਦੇ, ਬਾਬਾ! ਤੂੰ ਤਾਂ ਬੜਾ ਮਸ਼ਹੂਰ ਸੰਤ ਸੀ, ਆਹ ਤੇਰਾ ਕੀ ਹਾਲ ਹੋ ਗਿਆ? ਕਹਿਣ ਲੱਗੇ, ਸੰਤ ਜੀ! ਮੈਂ ਕੀ ਕਰਾਂ? ਮੈਂ ਵੀ ਰਾਮਾਇਣ ਲਿਖ ਰਿਹਾ ਸੀ ਤੁਹਾਡੇ ਵਾਂਗੂੰ। ਦਸਰਥ ਦੇ ਦਰਬਾਰ ਨੂੰ ਸਜਾਉਣ ਵਾਸਤੇ ਨਾਚੀਆਂ ਨੂੰ ਕੱਪੜੇ ਪਹਿਨਾਉਂਦਾ ਸੀ, heart fail ਹੋ ਗਿਆ। ਉਸ ਫੁਰਨੇ ਦੇ ਮੁਤਾਬਿਕ ਮੈਨੂੰ ਬਹੁਤ ਭਿਆਨਕ ਪ੍ਰੇਤ ਦੀ ਦੇਹ ਮਿਲ ਗਈ। ਹੁਣ ਮੇਰਾ ਕੰਮ ਕੀ ਸੀ? ਲੜਕੀਆਂ ਆਉਂਦੀਆਂ ਸੀ, ਕੱਪੜੇ ਪਾੜ ਦਿੰਦਾ ਸੀ ਕਿਉਂਕਿ ਓਹੀ ਖਿਆਲ ਮੇਰੇ ਮਨ 'ਚ ਰਹਿ ਗਿਆ। ਉਸ ਖਿਆਲ ਦੇ ਮੁਤਾਬਿਕ ਮੈਂ ਪ੍ਰੇਤ ਦੀ ਦੇਹ ਭੁਗਤ ਰਿਹਾ ਹਾਂ। ਕ੍ਰਿਪਾ ਕਰੋ ਮੇਰਾ ਭਲਾ ਕਰੋ। ਉਸ ਵੇਲੇ ਉਹਨਾਂ ਨੇ ਫੇਰ ਕੀਰਤਨ ਦੇ ਪ੍ਰੋਗਰਾਮ ਰੱਖੇ ਉਹਦੀ ਦੇਹ ਛੁਟ ਗਈ।

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਪਿਆਰਿਆ! ਸੰਸਕਾਰ ਬਣ ਜਾਂਦੇ ਨੇ, ਮਾੜੇ ਕੰਮਾਂ ਦੇ ਵੀ, ਚੰਗੇ ਕੰਮਾਂ ਦੇ ਵੀ। ਉਤੋਂ-ਉਤੋਂ ਤਾਂ ਇਸ ਤਰ੍ਹਾਂ ਲਗਦੈ ਕਿ ਉਹ ਮਿਟ ਗਏ, ਲੇਕਿਨ ਅੰਦਰੋਂ ਨਹੀਂ ਮਿਟਦੇ। ਅੰਦਰੋਂ ਉਹ ਉਵੇਂ ਹੀ ਰਹਿ ਜਾਂਦੇ ਨੇ। ਉਤੋਂ ਚੰਗਿਆਈ ਬੰਦਾ ਧਾਰ ਲੈਂਦੈ। ਨੇਕੀ ਧਾਰ ਲੈਂਦੈ, ਨੇਕ ਬੰਦਾ ਹੋ ਕੇ ਨਜ਼ਰ ਆਉਂਦੈ, ਲੇਕਿਨ ਅੰਦਰਲੇ ਸੰਸਕਾਰ ਮੌਕਾ ਪਾ ਕੇ ਫੇਰ ਉਠ ਖੜ੍ਹਦੇ ਨੇ। ਜਦੋਂ ਤਕ ਉਹ ਨਹੀਂ ਮਰਦੇ, ਓਨੀਂ ਦੇਰ ਤਕ ਅਗਾਂਹਾਂ ਨਹੀਂ ਤੁਰਿਆ ਜਾਂਦਾ। ਧਰਮ ਦੀ ਕਿਰਤ, ਰਾਹ ਲੱਭੇਗਾ ਪ੍ਰਮੇਸ਼ਰ ਦਾ। ਮਾੜੀ ਕਿਰਤ ਦਾ ਮਨ 'ਤੇ ਅਸਰ ਪੈਂਦੈ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਤੁਹਾਡੀ ਚਰਨ ਸ਼ਰਨ ਆ ਗਿਆ। ਕ੍ਰਿਪਾ ਕਰੋ।

ਮਹਾਰਾਜ ਕਹਿੰਦੇ, ਦੇਖ, ਸਮਾਂ ਘੱਟ ਹੈ ਤੇਰੇ ਕੋਲ। ਹੁਣ ਨਾਲ ਸੇਵਾ ਵੀ ਕਰ ਤੇ ਸਿਮਰਨ ਵੀ ਕਰ। ਉਸ ਵੇਲੇ ਸ੍ਰੀ ਦਰਬਾਰ ਸਾਹਿਬ ਬਣ ਰਹੇ ਸੀ ਤੇ ਮਹਾਰਾਜ ਜੀ ਨੇ ਨਾਮ ਦੀ ਦਾਤ ਦੇ ਦਿਤੀ। ਕਹਿਣ ਲੱਗੇ, ਹੁਣ ਤੂੰ ਇਕ ਗੱਲ ਸਾਡੀ ਯਾਦ ਰੱਖੀਂ, ਜਿਹਦਾ ਤੂੰ ਨਾਉਂ ਲੈਂਦੈ ਤੇਰੇ ਆਲੇ-ਦੁਆਲੇ ਚਾਰੇ ਪਾਸੇ ਅੰਦਰ ਬਾਹਰ ਓਹੀ ਵਸਦੈ ਤੇ ਕਹਿ ਉਹਨੂੰ ਵਾਹਿਗੁਰੂ। ਹੁਣ ਤੂੰ ਵਾਹਿਗੁਰੂ-ਵਾਹਿਗੁਰੂ ਕਹੀ ਜਾਹ ਹਟੀਂ ਨਾਹ। ਮਹਾਰਾਜ ਨੇ ਰਸ ਭਰ ਦਿਤਾ। ਨਾਮ ਦਾ ਰਸ ਛੇਤੀ ਹੀ ਆਉਣ ਲਗ ਗਿਆ। ਜਿਉਂ-ਜਿਉਂ ਨਾਮ ਜਪਦੈ, ਤਿਉਂ-ਤਿਉਂ ਅੰਤਸ਼ਕਰਣ ਦਾ ਗੰਧਲਾ ਚੁਬੱਚਾ, ਉਹਦੇ ਵਿਚੋਂ ਮੈਲ ਬਾਹਰ ਨਿਕਲੀ ਜਾਂਦੀ ਹੈ, ਨਾਮ ਦੀ ਧਾਰ ਚਲੀ ਜਾਂਦੀ ਹੈ। ਮਹਾਰਾਜ ਕਹਿਣ ਲੱਗੇ ਕਿ ਦੇਖ, ਨਾਮ ਜਪਣ ਵਿਚ ਕਿਰਤ ਰੁਕਾਵਟ ਨਹੀਂ ਪਾਇਆ ਕਰਦੀ ਤੇ ਤੂੰ ਨਾਮ ਵੀ ਜਪ ਤੇ ਸੇਵਾ ਵੀ ਕਰ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਕਹਿਣ ਲੱਗੇ, ਭਾਈ ਬੋਹੜੂ! ਨਾਮ ਜਪੇਂਗਾ, ਵਾਹਿਗੁਰੂ-ਵਾਹਿਗੁਰੂ ਨਾ ਕਹਿਣ ਤੋਂ ਹਟੀਂ। ਰਸਨਾ ਦਿਤੀ ਹੀ ਨਾਮ ਜਪਣ ਵਾਸਤੇ ਹੈ। ਜਿਹੜੀ ਰਸਨਾ ਨਾਮ ਨਹੀਂ ਜਪਦੀ ਉਹਨੂੰ

ਗੁਰਬਾਣੀ 'ਚ ਹੁਕਮ ਹੈ ਕਿ ਉਹਨੂੰ ਕੱਟ ਦੇ -

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ਅੰਗ- ੧੧੬੩*
*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥*
*ਅੰਗ - ੧੩੬੨*

ਇਹ ਵਾਹਿਗੁਰੂ-ਵਾਹਿਗੁਰੂ ਜਪਦੇ ਨਾਲ ਹੱਥਾਂ ਪੈਰਾਂ ਨਾਲ ਸੇਵਾ ਕਰੀਂ ਜਾਈਂ। ਗੁਫਾਵਾਂ 'ਚ ਨਹੀਂ ਅਸੀਂ ਬਿਠਾਉਣਾ। ਸੇਵਾ ਦਾ ਹੀ ਓਡਾ ਹੀ ਮਹਾਤਮ ਹੈ, ਜਿੰਨਾਂ ਨਾਮ ਜਪਣ ਦਾ ਹੈ। ਜੇ ਸੇਵਾ ਨਾਮ ਦੇ ਨਾਲ ਰਲ ਜਾਵੇ ਤਾਂ ਬਹੁਤ ਛੇਤੀ ਤਰੱਕੀ ਹੋ ਜਾਇਆ ਕਰਦੀ ਹੈ। ਸੇਵਾ ਕਰਨੀ ਹੈ ਹੱਥਾਂ ਪੈਰਾਂ ਨਾਲ। ਸ੍ਰੀ ਹਰਿਮੰਦਰ ਸਾਹਿਬ ਬਣ ਰਿਹੈ, ਸੰਗਤਾਂ ਸੇਵਾ ਕਰ ਰਹੀਆਂ ਨੇ, ਵਿਚ ਰਲ ਕੇ ਤੂੰ ਵੀ ਕਰ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰੀਂ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਅੰਗ- ੩੦੫*

ਸੋ ਇਹ ਪ੍ਰੋਗਰਾਮ ਦੇ ਮੁਤਾਬਿਕ ਆਪਣਾ ਜੀਵਨ ਢਾਲ ਲੈ। ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣੀ। ਉਹਦੇ ਉਪਰ ਹੈ ਭਾਵਨਾ ਤਾਂ ਅੰਦਰ ਧਾਰਨ ਕਰ ਲਈਂ। ਨਾਮ ਜਪਿਆ ਹਜ਼ਾਰਾਂ ਵਾਰੀ ਫਲ ਦੇਵੇਗਾ। ਇਕ ਵਾਰੀ ਵਾਹਿਗੁਰੂ ਕਿਹਾ, ਹਜ਼ਾਰਾਂ ਗੁਣਾਂ ਫਲੇਗਾ। ਪਿਆਰਿਆ! ਜੇ ਗੈਰ ਹਾਜ਼ਰੀ 'ਚ ਨਾਮ ਜਪੇਂਗਾ। ਠੀਕ ਹੈ ਫਲ ਤਾਂ ਉਹਦਾ ਹੋਏਗਾ ਹੀ ਲੇਕਿਨ ਘੱਟ ਹੈ, ਛੋਟੇ ਦਰਜੇ ਦਾ ਫਲ ਹੋਏਗਾ। ਕਿਉਂਕਿ ਜਿਹਦਾ ਨਾਮ ਲੈਂਦੈ ਉਹ ਤੇਰੇ ਸਾਮ੍ਹਣੇ ਨਹੀਂ ਹੈ। ਉਹ ਅੱਖਾਂ ਨਾਲ ਦਿਸਦਾ ਨਹੀਂ ਹੈ। ਲੇਕਿਨ ਅਨੁਭਵ ਨਾਲ ਦਿਸਣ ਲਗ ਜਾਂਦੈ। ਗੁਰੂ ਬਚਨ ਤੂੰ ਮੰਨ ਲੈ ਉਹ ਤੇਰੇ ਨਾਲ ਹੈ, ਅੰਦਰ ਵੀ ਨਾਲ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ- ੨੯੪*

ਆਹ ਜਿਹੜਾ ਤੈਨੂੰ ਅਸੀਂ ਉਪਦੇਸ਼ ਦਿਤਾ ਹੈ, ਇਹਨੂੰ ਤੂੰ ਹਿਰਦੇ ਵਿਚ ਧਾਰ ਲਈਂ। ਅੰਦਰ-ਬਾਹਰ ਹਰ ਥਾਂ, ਪਉਣ, ਪਾਣੀ, ਬੈਸੰਤਰ, ਅਕਾਸ਼ਾਂ ਵਿਚ, ਤਾਰਿਆਂ ਵਿਚ, ਉਹ ਪ੍ਰਮੇਸ਼ਰ ਸੂਖਸ਼ਮ ਰੂਪ ਦੇ ਅੰਦਰ ਸਾਰਿਆਂ ਨੂੰ ਸੱਤਾ ਦੇ ਰਿਹੈ। ਹਵਾ ਦੀ ਸੱਤਾ ਨਹੀਂ ਕਿ ਆਪਣੇ ਆਪ ਚਲ ਪਵੇ, ਅੱਗ ਦੇ ਵਿਚ ਤਾਕਤ ਨਹੀਂ ਕਿ ਜਾਲ ਸਕੇ। ਪਾਣੀ ਵਿਚ ਸੱਤਾ ਨਹੀਂ ਕਿ ਉਹ ਦ੍ਰਵਤਾ ਹਾਸਲ ਕਰ ਲਵੇ। ਸਾਰੀ ਸ਼ਕਤੀ ਓਹੀ ਕੰਮ ਕਰ ਰਹੀ ਹੈ। ਸਾਰਿਆਂ ਦੇ ਵਿਚ ਰਲ ਕੇ ਗੁਪਤ ਰੂਪ ਵਿਚ ਸਾਰੇ ਸੰਸਾਰ ਨੂੰ ਚਲਾਉਣ ਵਾਲਾ। ਉਹਦੀ 'ਹੈ' ਭਾਵਨਾ ਵਸਾ ਲੈ ਮਨ ਵਿਚ ਕਿ ਹੈਗਾ। ਉਹਦੇ ਨਾਲ ਪਿਆਰ ਪਾ। ਉਹ ਨਿਰਾ ਹੀ ਪਿਆਰ ਹੈ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।*
*ਜਾਪੁ ਸਾਹਿਬ*

ਫੇਰ ਕੀ ਹੋਏਗਾ? ਤੇਰੇ ਅੰਦਰ ਰਸ ਆ ਜਾਏਗਾ ਵਾਹਿਗੁਰੂ ਕਹਿੰਦੇ ਹੀ। ਉਹਦੀਆਂ ਨਿਸ਼ਾਨੀਆਂ ਨੇ। ਇਕ ਨਿਸ਼ਾਨੀ ਹੈ ਨਾਮ ਜਪਦੇ ਰਸ ਆ ਜਾਣਾ। ਸਮਝ ਲਓ ਕਿ ਮੇਰਾ ਨਾਮ ਜਿਹੜਾ ਹੈ ਉਹ ਵਾਹਿਗੁਰੂ ਦੇ ਮੰਡਲ ਵਿਚ ਪਹੁੰਚ ਗਿਆ। ਹੁਣ ਮੈਂ ਰਸ ਦੇ ਮੰਡਲ 'ਚ ਆ ਗਿਆ। ਦੂਸਰਾ ਹੈ, ਪਿਆਰਿਆ! ਤੈਨੂੰ ਅਨੰਦ ਆਏਗਾ, ਖੁਸ਼ੀਆਂ ਆਪੇ ਉਠਣਗੀਆਂ ਅੰਦਰ ਜਿਵੇਂ ਚਸ਼ਮਾ ਚਲਦੈ ਹੈ ਨਾ ਇਸ ਤਰ੍ਹਾਂ ਤੇਰੇ ਅੰਦਰ ਫੁਹਾਰ ਚੱਲੇਗੀ -

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥ ਅੰਗ - ੧੨੯੧*

ਕਮਲ ਜਿਹੜਾ ਪੁੱਠਾ ਹੋਇਆ ਪਿਐ ਉਹ ਸਿੱਧਾ ਹੋ ਜਾਏਗਾ ਨਾਮ ਦੇ ਰਸ ਨਾਲ। ਫੇਰ ਤੇਰੇ ਅੰਦਰ ਖੇੜਾ ਆ ਜਾਏਗਾ। ਝੁਣਝੁਣੀਆਂ ਆਉਣਗੀਆਂ, ਝਰਨ੍ਹਾਟਾਂ ਆਉਣਗੀਆਂ। ਸਾਂਭਿਆ ਨਹੀਂ ਜਾਣਾ ਤੇਰੇ ਤੋਂ ਵਾਹਿਗੁਰੂ ਦਾ ਜੋ ਅਕਸ ਪੈਣੈ ਤੇਰੇ ਉਤੇ। ਉਹਦੇ ਵਿਚ ਆਏਗਾ। ਫੇਰ ਤੇਰੇ ਅੰਦਰ ਸੱਤਤਾ ਆਏਗੀ। ਸਤਿ ਦੀ ਪਛਾਣ ਪੈਦਾ ਹੋ ਜਾਏਗੀ। ਚੇਤਨ ਨਾਲ ਤੇਰਾ ਮਨ ਲਗ ਜਾਏਗਾ। ਫੇਰ ਤੇਰੇ ਅੰਦਰ ਪ੍ਰਕਾਸ਼ ਆਏਗਾ। ਉਹ ਰੋਸ਼ਨੀ ਅਜੀਬ ਹੈ, ਇਸ ਤਰ੍ਹਾਂ ਦੀ ਰੋਸ਼ਨੀ ਨਹੀਂ ਹੈ, ਉਹ ਹੈ ਗਿਆਨ ਦੀ ਰੋਸ਼ਨੀ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ- ੨੯੩*

ਦੋ ਕੰਮ ਕਰੀਂ, ਹੱਥਾਂ ਪੈਰਾਂ ਨਾਲ ਤਾਂ ਸੇਵਾ ਕਰੀਂ। ਸਾਰਿਆਂ ਨੂੰ ਹੀ ਗੁਰੂ ਮਹਾਰਾਜ ਨੇ ਸਮਝਾਇਐ -

*ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲਾਈਏ,*
*ਹੱਥੀਂ ਪੈਰੀਂ ਕੰਮ ਕਰੀਏ।*

ਨਾਮ ਜਪਦੇ-ਜਪਦੇ ਨਾਮ ਅੰਦਰ ਵਸ ਜਾਇਆ ਕਰਦੈ। ਉਸ ਵੇਲੇ ਕੰਮ ਵੀ ਹੋ ਸਕਦੈ। ਕਈ ਪ੍ਰੇਮੀਆਂ ਦਾ ਖਿਆਲ ਹੁੰਦੈ ਕਿ ਕਿਵੇਂ ਹੋ ਸਕਦੈ? ਦੋ ਕੰਮ ਇਕ ਸਮੇਂ 'ਚ ਕਿਵੇਂ ਹੁੰਦੇ ਨੇ? ਮਨ ਇਕ ਹੈ ਕਿ ਦੋ ਨੇ। ਇਹਦੀਆਂ ਪਰਤਾਂ ਨੇ ਸਾਧਸੰਗਤ ਜੀ! ਇਕ ਉਪਰੀ ਪਰਤ ਹੈ। ਇਕ ਅੰਦਰਲੀ ਪਰਤ ਹੈ। ਨਾਮ ਅੰਦਰਲੀ ਪਰਤ 'ਚ ਇਕ ਵਾਰੀ ਚਲਿਆ ਜਾਵੇ ਫੇਰ ਲਿਵ ਨਹੀਂ ਕਦੇ ਵੀ ਟੁੱਟਿਆ ਕਰਦੀ। ਫੇਰ ਆਹੀ ਦੇਹ ਜਿਹੜੀ ਹੈ ਸਕਾਰਥੀ ਹੋ ਜਾਂਦੀ ਹੈ। ਨਹੀਂ ਇਸ ਦੇਹ ਨੂੰ -

*ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥ ਅੰਗ- ੯੧੨*

ਨਿਮਾਣੀ ਕਹਿੰਦੇ ਨੇ ਨਿਆਸਰੀ ਹੋਈ-ਹੋਈ ਦੇਹ ਹੈ। ਜਿਹਦੇ ਅੰਦਰ ਲਿਵ ਨਹੀਂ ਜਾਗਦੀ। 17 ਕੁ ਸਾਲ ਦੀ ਉਮਰ ਸੀ ਇਸ ਸਰੀਰ ਦੀ। ਇਕ ਦਿਨ ਇਕ ਥਾਂ ਮੈਂ ਚਲਿਆ ਗਿਆ। ਐਸਾ ਸਮਾਂ ਮਿਲਿਆ ਕਿ ਦਿਨ ਰਾਤ ਹੀ ਨਾਮ ਜਪੀ ਜਾਇਆ ਕਰਾਂ। ਲੇਕਿਨ ਉਥੇ ਇਕ ਆਫੀਸਰ ਸੀ, ਉਹ ਕਹਿਣ ਲੱਗਿਆ ਕਿ ਅਕਾਊਂਟਸ ਨੂੰ ਸਮਝਦੈ ਕਿ ਟੋਟਲ ਮੈਂ ਕਰਾ ਲਿਆ ਕਰਾਂ। ਉਹ ਹਜ਼ਾਰਾਂ ਹੀ ਆਈਟਮਾਂ ਉਹਦੇ ਟੋਟਲ ਵਿਚ ਸੀ। ਜਦੋਂ ਉਹਨੇ ਮੈਨੂੰ ਬੁਲਾਉਣਾ, ਮੇਰੇ ਨਾਲ ਉਹ ਵੀ ਕਰਦਾ ਸੀ ਤੇ ਮੇਰੇ ਮੂੰਹ ਵਲ ਦੇਖੀ ਜਾਇਆ ਕਰੇ।

ਮੈਂ ਕਿਹਾ, ਕੀ ਦੇਖਦੇ ਹੋਂ ਤੁਸੀਂ? ਬੜਾ ਧਿਆਨ ਦਿੰਦੇ ਹੋਂ?

ਕਹਿੰਦਾ, ਮੈਂ ਇਹ ਦੇਖਦਾਂ ਜਦੋਂ ਤੂੰ ਆਉਂਦੈ, ਉਦੋਂ ਤਾਂ ਚੁੱਪ ਹੁੰਦੇ ਹੋਂ। ਜਦੋਂ ਤੂੰ ਟੋਟਲ ਕਰਦੈਂ ਤੇਰੀ ਜੀਭ ਬਹੁਤ ਹਿਲਦੀ ਹੈ। ਮੈਂ ਕਿਹਾ, ਇਹ ਗੱਲ ਤੇਰੀ ਸਮਝ 'ਚ ਨਹੀਂ ਆਉਣੀ। ਕਹਿੰਦਾ, ਫੇਰ ਵੀ? ਮੈਂ ਕਿਹਾ ਕਿ ਇਹ ਹੈ ਕਿ ਜੇ ਵਾਹਿਗੁਰੂ ਦਾ ਨਾਮ ਅੰਦਰ ਚਲਿਆ ਜਾਵੇ ਨਾ, ਉਹ ਤਾਂ ਅੰਦਰ ਜਪਿਆ ਜਾ ਰਿਹੈ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ- ੧੨੫੬*

ਬਗੈਰ ਰਸਨਾ ਤੋਂ ਨਾਮ ਜਪਣ ਵਾਲੇ ਨੂੰ ਪਤਾ ਹੈ ਕਿ ਉਹਦਾ ਆਨੰਦ ਹੁੰਦੈ। ਮੈਂ ਕਿਹਾ, ਜਿਸ ਵਕਤ ਮੈਂ ਟੋਟਲ ਕਰਦਾ ਹਾਂ। ਜਿਥੇ ਨਾਮ ਚਲ ਰਿਹਾ ਹੁੰਦੈ ਉਥੇ ਮੈਨੂੰ ਸੋਚਣ ਦੀ ਲੋੜ ਪੈਂਦੀ ਹੈ। ਉਸ ਵੇਲੇ ਉਹ ਨਾਮ ਹੇਠਾਂ ਆ ਕੇ ਜੀਭ ਨੂੰ ਹਰਕਤ ਦੇ ਦਿੰਦੈ। ਜੀਭ ਹਿਲਦੀ ਹੈ ਬਸ ਐਨਾ ਹੀ ਭੇਤ ਹੈ। ਇਹ ਬਾਣੀ ਜੋ ਕੋਈ ਕਹੀ ਹੋਈ ਹੈ ਇਹ ਸਭ ਪਰਤਿਆ-ਪਰਤਿਆ ਕੇ ਲਿਖੀ ਹੋਈ ਹੈ ਮਹਾਂਪੁਰਸ਼ਾਂ ਨੇ -

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ- ੧੩੭੬*

ਸੋ ਜਦੋਂ ਅਸੀਂ ਚਿੱਤ ਵਾਹਿਗੁਰੂ ਵਲ ਲਾਵਾਂਗੇ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਪਹਿਲਾਂ ਰਸਨਾ ਨਾਲ ਨਾਮ ਜਪੋ। ਸਵਾਸ-ਸਵਾਸ ਨਾਮ ਜਪਣ ਦੀ ਅਵਸਥਾ ਬਾਅਦ ਦੀ ਹੁੰਦੀ ਹੈ। ਜਦੋਂ ਰਸਨਾ ਦੇ ਵਿਚ ਸਮਾਅ ਜਾਂਦੈ। ਉਹਦੀ ਨਿਸ਼ਾਨੀ ਕੀ ਹੁੰਦੀ ਹੈ? ਰਸਨਾ ਰਸ ਨਾਲ ਭਰ ਜਾਂਦੀ ਹੈ। ਨਾ ਤਾਂ ਉਹ ਕੌੜਾ ਬੋਲ ਸਕਦੈ, ਨਾ ਉਹ ਫਿੱਕਾ ਬੋਲ ਸਕਦੈ। ਉਹਦੀ ਰਸਨਾ ਦੇ ਵਿਚ ਮਿਠਾਸ ਹੋਏਗੀ, ਖਿੱਚ ਹੋਏਗੀ। ਉਹਦੇ ਬੋਲ ਵਿਚ ਕਸ਼ਿਸ਼ ਹੋਏਗੀ। ਮੈਗੇਨਿਟਕ ਪਾਵਰ ਹੋਵੇਗੀ। ਉਹਦੇ ਨੇਤਰਾਂ ਦੇ ਵਿਚ ਮੈਗੇਨਿਟਕ ਪਾਵਰ ਆ ਜਾਏਗੀ, ਜਿਹਨੂੰ ਇਕ ਵਾਰ ਦੇਖੇਗਾ ਉਹ ਖਿੱਚ ਖਾ ਜਾਏਗਾ। ਇਹ ਨਿਸ਼ਾਨੀ ਹੈ। ਉਸ ਤੋਂ ਬਾਅਦ ਸਵਾਸਾਂ ਨੂੰ ਪਾਰ ਕਰ ਜਾਂਦੈ, ਅੰਦਰ ਹਿਰਦੇ ਵਿਚ ਨਾਮ ਚਲਿਆ ਜਾਂਦੈ। ਉਥੇ ਧੁਨ ਜਾਗ ਪੈਂਦੀ ਹੈ ਆਪੇ ਹੀ। ਅਨਹਦ ਸ਼ਬਦ ਜਾਗ ਪੈਂਦੇ ਨੇ। ਉਹ ਐਨੇ ਰਸਮਈ ਹੁੰਦੇ ਨੇ ਕਿ ਉਥੇ ਨਾਮ ਜਿਹੜਾ ਹੈ ਕੀਰਤਨ ਬਣ ਜਾਂਦੈ। ਧੁਨਾਂ ਨਿਕਲਦੀਆਂ ਨੇ। ਬਿਨਾਂ ਵਾਜੇ ਢੋਲਕੀਆਂ ਤੋਂ ਉਥੇ ਆਪਣੇ ਆਪ ਹੀ ਰਾਗ ਜਿਹੜੇ ਕਦੇ ਸੁਣੇ ਹੀ ਨਹੀਂ, ਉਹ ਸੁਣਾਈ ਦੇਣ ਲਗ ਜਾਂਦੇ ਨੇ। ਇਹ ਅਵਸਥਾ ਅਕਹਿ ਤੋਂ ਅਕਹਿ ਹੁੰਦੀ ਤੁਰੀ ਜਾਂਦੀ ਹੈ। ਫੇਰ ਇਸ ਤੋਂ ਬਾਅਦ ਕੀ ਹੁੰਦੈ, ਸਾਰੇ ਸਰੀਰ ਦੇ ਵਿਚ ਮਹਿਸੂਸ ਹੁੰਦੈ ਜਿਵੇਂ ਕਰੰਟ ਚਲਦੀ ਹੈ। ਰੋਮਾਂ ਦੇ ਵਿਚੋਂ ਨਾਮ ਸੁਣਾਈ ਦੇਣ ਲਗ ਜਾਂਦੈ। ਇਸ ਤਰ੍ਹਾਂ ਲਗਦੈ ਜਿਵੇਂ ਸਾਰੇ ਰੋਮਾਂ 'ਚ ਨਾਮ ਹੀ ਚਲ ਰਿਹਾ ਹੈ -

*ਧਾਰਨਾ - ਰੋਮ ਰੋਮ ਹਰਿ ਧਿਆਵੈ,*
*ਗੁਰਮੁਖ ਪਿਆਰੇ ਦਾ।*

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ- ੯੪੧*

ਕੁਦਰਤੀ ਨੇ ਇਹ ਸਾਰੀਆਂ ਚੀਜ਼ਾਂ। ਜਿਹੜਾ ਨਾਮ ਜਪਦੈ, ਮਿਹਨਤ ਕਰਦੈ, ਦੱਸੀ ਹੋਈ ਜੁਗਤੀ ਦੇ ਮੁਤਾਬਿਕ ਮਨ ਨੂੰ ਸੋਧਦੈ, ਅੰਦਰ ਦੀ ਖੋਜ ਕਰਦੈ ਤੇ ਉਹਦਾ ਸਾਰਾ ਸਰੀਰ ਨਾਮ ਵਾਲਾ ਹੋ ਜਾਇਆ ਕਰਦੈ।

ਸੋ ਇਸ ਤਰ੍ਹਾਂ ਜਿਹੜੀ ਬਾਹਰਲੀਆਂ ਅਵਾਜ਼ਾਂ ਨੇ ਫੇਰ ਉਹਨੂੰ ਤੰਗ ਨਹੀਂ ਕਰਦੀਆਂ। ਰੇਡੀਓ ਚੱਲੀ ਜਾਵੇ, ਟੈਲੀਵੀਜ਼ਨ ਚੱਲੀ ਜਾਵੇ, ਜੋ ਮਰਜ਼ੀ ਚੱਲੀ ਜਾਵੇ ਉਹਦੇ ਨਾਮ ਦੀ ਰੌਅ ਨਹੀਂ ਰੁਕਦੀ। ਉਹਨੂੰ ਉਹਨਾਂ ਦੀਆਂ ਧੁਨੀਆਂ ਦੇ ਵਿਚ ਨਾਮ ਸੁਣਾਈ ਦੇਣਾ ਸ਼ੁਰੂ ਕਰ ਦਿੰਦੈ। ਪੰਛੀਆਂ ਦੀ ਬੋਲੀਆਂ ਵਿਚੋਂ ਨਾਮ ਸੁਣਨਾ ਸ਼ੁਰੂ ਹੋ ਜਾਂਦੈ। ਉਹ ਟੁੱਟਦੀ ਨਹੀਂ ਹੈ। ਓਨੇ ਹੀ ਜ਼ੋਰ ਨਾਲ ਉਹ ਉੱਚੀ ਹੋ ਜਾਂਦੀ ਹੈ ਜਿੰਨੀ ਬਾਹਰਲੇ ਪਾਸੇ ਵਿਖਸ਼ੇਪਤਾ ਹੁੰਦੀ ਹੈ। ਉਸ ਵੇਲੇ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*

*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ- ੧੨੬੫*

ਸੋ ਇਸ ਤਰ੍ਹਾਂ ਆਹਿਸਤਾ-ਆਹਿਸਤਾ ਗੁਰੂ ਦੀ ਕ੍ਰਿਪਾ ਦੇ ਨਾਲ, ਸਤਿਸੰਗ ਦੇ ਨਾਲ, ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਦੇ ਨਾਲ, ਅੰਦਰ ਸ਼ਾਂਤ ਹੋ ਜਾਇਆ ਕਰਦੈ -

*ਗੁਰਮੁਖਿ ਅੰਤਰਿ ਸਾਂਤਿ ਹੈ*
*ਮਨਿ ਤਨਿ ਨਾਮਿ ਸਮਾਇ ॥ ਅੰਗ- ੬੫੩*

ਮਨ ਵੀ ਨਾਮ ਵਿਚ ਲੀਨ ਹੋ ਗਿਆ, ਤਨ ਵੀ ਨਾਮ ਵਿਚ ਲੀਨ ਹੋ ਗਿਆ -

*ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ ॥*
*ਅੰਗ - ੬੫੩*

ਚਿਤਵਨਾ ਵੀ ਨਾਮ ਦੀ ਹੈ, ਨਾਮ ਹੀ ਪੜ੍ਹਦੈ, ਨਾਮ 'ਚ ਹੀ ਲਿਵ ਲੱਗੀ ਰਹਿੰਦੀ ਹੈ -

*ਨਾਮੁ ਪਦਾਰਥੁ ਪਾਇਆ ਚਿੰਤਾ ਗਈ ਬਿਲਾਇ ॥*
*ਸਤਿਗੁਰਿ ਮਿਲਿਐ ਨਾਮੁ ਊਪਜੈ ਤਿਸਨਾ ਭੁਖ ਸਭ ਜਾਇ ॥*
*ਅੰਗ- ੬੫੩*

ਉਸ ਵੇਲੇ ਸ਼ਾਂਤ ਆ ਜਾਂਦੀ ਹੈ। ਸ਼ਾਂਤ ਆਉਂਦੇ ਸਾਰ ਜਿਹੜਾ ਨਾਮ ਹੈ ਇਹ ਅੰਦਰ ਟਿਕ ਜਾਂਦੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਮਨ ਚੜ੍ਹ ਗਿਆ ਬਈ ਦਸਵੇਂ ਦੁਆਰੇ,*
*ਜਪ ਕੇ ਨਾਮ ਵਾਹਿਗੁਰੂ।*

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ- ੧੪੧੪*

ਰਾਮ ਅੰਦਰੋਂ ਪ੍ਰਕਾਸ਼ ਹੋ ਗਿਆ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ- ੩੦੯*

ਜਦੋਂ ਖੋਤ ਕੇ, ਖੁਣ ਕੇ ਅੰਦਰ ਦੇਖਿਆ, ਨਾਮ ਦੇ ਚਾਨਣੇ 'ਚ, ਨਾਮ ਦੇ ਬਲ ਨਾਲ, ਨਜ਼ਰ ਕੀ ਆਇਆ-

*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ ॥ ਅੰਗ- ੩੦੯*

ਅੰਦਰੋਂ ਹੀ ਜਾਗ ਗਿਆ। ਗੁਰੂ ਮਹਾਰਾਜ ਨੇ ਜਦੋਂ ਅੰਦਰੋਂ ਦੇਖਿਆ ਕਿ ਗੁਰਮੁਖ ਪਦਵੀ ਨੂੰ ਪਹੁੰਚ ਗਿਆ। ਆਖਰੀ ਕਦਮ (ਅਵਸਥਾ) ਜਿਹੜਾ ਹੈ ਉਹ ਗੁਰੂ ਦੇ ਹੱਥ ਵਿਚ ਹੁੰਦੈ। ਉਸ ਵੇਲੇ ਗੁਰੂ ਮਿਹਰ ਕਰਦੈ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ- ੩੦੬*

ਇਸ ਗੱਲ ਨੂੰ ਕੋਈ ਨਹੀਂ ਸਮਝਦਾ ਕਿ ਗੁਰ ਉਪਦੇਸ਼ ਕਿਹੜਾ ਹੈ, ਜਿਹੜਾ ਗੁਰੂ ਸੁਣਾਉਂਦੈ, ਦਇਆਲ ਹੋ ਕੇ। ਪਹਿਲਾਂ ਤਾਂ ਨਾਮ ਸਭ ਨੂੰ ਦੇ ਦਿੰਦੈ, ਮੰਤਰ ਤਾਂ ਸਭ ਨੂੰ ਦਿੰਦੈ, ਉਪਦੇਸ਼ ਤਾਂ ਉਹਨੂੰ ਦਿੰਦੈ ਜਿਹੜਾ ਉਹਦਾ ਅਧਿਕਾਰੀ ਹੁੰਦੈ। ਉਹਦੇ ਵਾਸਤੇ ਹੀ ਫੁਰਮਾਨ ਕੀਤਾ ਹੈ -

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*
*ਅੰਗ- ੧੩੬੫*

*ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥*
*ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥*
*ਅੰਗ- ੧੩੭੨*

ਬਾਬਾ ਫਰੀਦ ਉਪਰ ਕਦੋਂ ਦਇਆਲ ਹੋਇਆ ਸੀ ਮੁਰਸ਼ਦ ਜਦੋਂ ਅੱਖ ਦੇ ਕੇ ਅੱਗ ਦਾ ਕੋਲਾ ਲੈ ਕੇ ਆਇਆ। ਮਾਮੂਲੀ ਗੱਲ ਨਹੀਂ ਇਹ। ਸਭ ਤੋਂ ਵੱਡੀ ਦੌਲਤ ਹੈ ਗੁਰੂ ਕੋਲ। ਜਿਹੜਾ ਉਹ ਪੂਰੇ ਸਿੱਖ ਨੂੰ ਅਧਿਕਾਰੀ ਦੇਖ ਕੇ ਦਿੰਦੈ। ਐਵੇਂ ਨਹੀਂ ਵੰਡਦਾ ਫਿਰਦਾ। ਹਰੇਕ ਦੇ ਹਿੱਸੇ ਵਿਚ ਨਹੀਂ ਇਹ ਚੀਜ਼ਾਂ ਆਉਂਦੀਆਂ। ਉਹ ਗੁਰ ਉਪਦੇਸ਼ ਕਿਹੜਾ ਹੈ? ਬਾਣੀ ਵਿਚ ਤਾਂ ਸਾਰੇ ਹੀ ਹੈ। ਲੇਕਿਨ ਪੜ੍ਹਿਆ ਹੋਇਆਂ ਨੂੰ, ਅਰਥ ਕਰਨ ਵਾਲਿਆਂ ਨੂੰ ਪਤਾ ਹੀ ਨਹੀਂ ਕਿ ਉਹ ਕਿਹੜੇ ਬਚਨ ਨੇ ਜਿਹੜੇ ਗੁਰੂ ਉਪਦੇਸ਼ ਦਿੰਦੈ। ਉਹ ਉਪਦੇਸ਼ ਸੁਣਾ ਕੇ ਸਿੱਖ ਨੂੰ ਚੁੱਕ ਕੇ ਵਾਹਿਗੁਰੂ ਵਿਚ ਅਭੇਦ ਕਰ ਦਿਤਾ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ। ਕਹਿੰਦੇ, ਲੈ ਸਿੱਖਾ! ਲੈ ਭਾਈ ਬੋਹੜੂ! ਹੁਣ ਤੇਰੀ ਤੇ ਸਾਡੀ ਤੇ ਰੱਬ ਦੀ ਇੱਕੋ ਹੀ ਅਵਸਥਾ ਹੈ। ਤੂੰ ਅਭੇਦ ਹੋ ਗਿਆ, ਤੇਰੇ ਵਿਚ ਬੋਹੜੂ ਨਾਮ ਦਾ ਕੋਈ ਨਹੀਂ ਹੈਗਾ। ਤੇਰੇ ਅੰਦਰ ਆਤਮਾ ਸਾਖਸ਼ਾਤਕਾਰ ਹੋ ਗਈ। ਗੁਰੂਆਂ ਦੇ ਅੰਦਰ ਵੀ ਓਹੀ ਆਤਮਾ ਸਾਖਸ਼ਾਤਕਾਰ ਹੈ। ਬਾਹਰ ਵੀ ਓਹੀ ਆਤਮਾ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਹ।*
*ਪ੍ਰਭ ਮਹਿ, ਮੋਹਿ ਮਹਿ, ਤਾਸ ਮਹਿ ਰੰਚਕ ਨਾਹਨ ਭੇਵ।*

ਸਿੱਖ ਗੁਰੂ ਦਾ ਰੂਪ ਬਣ ਗਿਆ ਤੇ ਗੁਰੂ ਇਹ ਕਹਿੰਦੈ ਕਿ ਜਿਹੜੇ ਮੇਰੇ ਨਾਲ ਹਰ ਵਕਤ ਜੁੜੇ ਰਹਿੰਦੇ ਨੇ ਤੇ ਉਹਨਾਂ ਦਾ ਤੇ ਮੇਰਾ ਕੋਈ ਭੇਦ ਨਾ ਜਾਣਿਓ -

*ਧਾਰਨਾ - ਮੇਰਾ ਹੀ ਰੂਪ ਹੈ,*
*ਮੇਰੇ ਹੀ ਬਣ ਗਏ ਜਿਹੜੇ।*

*ਦਾਸ ਅਨਿੰਨ ਮੇਰੋ ਨਿਜ ਰੂਪ॥* *ਅੰਗ- ੧੨੫੨*

ਵਾਹਿਗੁਰੂ ਜੀ ਕਹਿੰਦੇ ਨੇ ਜਿਹੜੇ ਮੇਰੇ ਵਿਚ ਲੀਨ ਹੋ ਗਏ ਉਹ ਮੇਰਾ ਰੂਪ ਨੇ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰਹੁੰ ਨਿਵਾਸ॥*

ਉਹ ਸਰੀਰ ਨਹੀਂ ਹੋਇਆ ਕਰਦਾ। ਅੰਦਰਲੀ ਖੇਡ ਵਰਤਦੀ ਹੈ। ਜਿਥੇ ਗੁਰੂ ਤੇ ਸਿੱਖ ਤੇ ਰੱਬ ਇਕ ਰੂਪ ਹੋ ਜਾਇਆ ਕਰਦੇ ਨੇ। ਉਹ ਹੁੰਦਾ ਕੀ ਜਿਹੜੀ ਦੁਜਾਇਗੀ ਹੈ, ਉਹ ਖਤਮ ਹੋ ਜਾਂਦੀ ਹੈ। ਬਾਕੀ ਤਾਂ ਵਾਹਿਗੁਰੂ ਹੀ ਹੈ। ਤੁਹਾਡੇ ਵੀ ਸਭ ਦੇ ਅੰਦਰ ਪ੍ਰਮੇਸ਼ਰ ਹੈ। ਅਸੀਂ ਅੱਡ ਕਿਉਂ ਹੁੰਦੇ ਹਾਂ? ਸਾਡੇ ਅੰਦਰ ਇਕ ਜਜ਼ਬਾ ਹੈ ਜਿਹਨੂੰ ਹਉਮੈ ਕਹਿੰਦੇ ਨੇ, ਮੈਂ ਕਹਿੰਦੇ ਨੇ, ਉਸ ਮੈਂ ਨਾਲ ਆਪਣੀ ਮਨੌਤ ਕਰ ਲਈ। ਮੇਰਾ ਘਰ, ਮੇਰੇ ਪੁੱਤਰ, ਮੇਰੀਆਂ ਧੀਆਂ, ਮੇਰਾ ਪੈਸਾ, ਮੇਰਾ ਨਾਉਂ, ਮੇਰੀ ਇੱਜ਼ਤ, ਮੁੱਕਦਾ ਹੀ ਨਹੀਂ। ਉਹ ਫਜ਼ੂਲ ਚੀਜ਼ ਹੈ, ਵਾਧੂ ਚੀਜ਼ ਹੈ। ਇਕ ਭੁਲੇਖਾ ਹੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*
*ਅੰਗ- ੯੯੯*

ਹਉਮੈ ਪਾ ਕੇ ਜੀਵ ਨੂੰ ਭੁਲਾ ਦਿਤਾ। ਜਗਤ ਬਣਾ ਦਿਤਾ। ਜਿਹਦੇ ਨਾਮ ਦੇ ਨਾਲ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ- ੫੬੦*

ਨਾਮ ਨੇ ਹਉਮੈ ਦਾ ਨਾਸ਼ ਕਰ ਦਿਤਾ। ਬਾਕੀ ਕੀ ਰਹਿ ਗਿਆ ਇਹਦੇ ਅੰਦਰ, ਵਾਹਿਗੁਰੂ ਪਹਿਲਾਂ ਵੀ ਸੀ, ਵਾਹਿਗੁਰੂ ਕਿਤੇ ਗਿਆ ਹੋਇਆ ਤਾਂ ਨਹੀਂ ਹੈ। ਕੋਈ ਪਿੰਨ ਪੁਆਇੰਟ ਕਰੋ ਕਿ ਇਥੇ ਨਹੀਂ ਵਾਹਿਗੁਰੂ। ਉਹ ਤਾਂ ਜਿਵੇਂ ਆਕਾਸ਼ ਹੈ ਇਸੇ ਤਰ੍ਹਾਂ ਸਭ ਦੇ ਅੰਦਰ ਇਕ ਰਸ, ਇਕ ਜੋਤ, ਪ੍ਰੀਪੂਰਨ ਹੈ। ਉਹ ਮੈਂ ਦਾ ਜਿਹੜਾ ਬੁਲਬੁਲਾ ਹੈ ਉਹ ਜਦੋਂ ਫਟ ਜਾਂਦੈ, ਇਥੇ ਕੀ ਹੁੰਦੈ, ਪਾਣੀ ਹੁੰਦੈ, ਪਹਿਲਾਂ ਵੀ ਪਾਣੀ ਸੀ, ਪਾਣੀ ਹੀ ਬਾਅਦ ਵਿਚ ਹੈ। ਵਿਚਾਲੇ ਬੁਲਬੁਲਾ ਸੀ। ਉਹ ਜਿਹੜਾ ਬੁਲਬੁਲਾ ਫਟਣ ਤੋਂ ਬਾਅਦ ਪਾਣੀ ਹੈ ਉਹ ਤਾਂ ਪਾਣੀ ਹੈਗਾ ਹੀ, ਫੇਰ ਫਰਕ ਕਿਹੜੀ ਗੱਲ ਦਾ ਰਹਿ ਗਿਆ। ਸੋ ਮਹਾਰਾਜ ਕਹਿੰਦੇ, ਭਾਈ ਬੋਹੜੂ! ਹੁਣ ਤੂੰ ਮੇਰਾ ਸਿੱਖ ਹੋ ਗਿਆ।

ਕਹਿਣ ਲੱਗਿਆ, ਮਹਾਰਾਜ! ਮੈਂ ਹੁਣ ਕਿਰਤ ਕੀ ਕਰਾਂ?

ਕਹਿੰਦੇ, ਹੁਣ ਤੂੰ ਕਰਨੀ ਹੈ ਲੰਗਰ ਚਲਾਉਣੈ ਸ਼ਬਦ ਦਾ ਵੀ ਤੇ ਅੰਨ ਦਾ ਵੀ। ਜੀਵਾਂ ਦਾ ਭਲਾ ਕਰਨੈ, ਕਲਜੁਗ ਦਾ ਸਮਾਂ ਹੈ। ਜੀਵਾਂ ਦਾ ਜਨਮ ਵਿਅਰਥ ਜਾ ਰਿਹੈ। ਸੋ ਜਿਹੜਾ ਐਸਾ ਗੁਰਸਿੱਖ ਹੈ, ਐਸੀ ਘਾਲ ਕਮਾਈ ਕਰਦੈ। ਉਹਦੀ ਪਦਵੀ ਬਾਰੇ ਮਹਾਰਾਜ ਫੁਰਮਾਉਂਦੇ ਨੇ -

*ਧਾਰਨਾ - ਆਪ ਜਪਦੈ ਤੇ ਜਪਾਉਂਦੈ ਨਾਮ ਹੋਰਾਂ ਨੂੰ,*
*ਧੂੜੀ ਮੰਗਾਂ ਉਹਨਾਂ ਸਿੱਖਾਂ ਦੀ।*

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ- ੩੦੬*

ਗੁਰਸਿੱਖ ਕਹਿ ਲਓ, ਸੰਤ ਕਹਿ ਲਓ, ਸਾਧੂ ਕਹਿ ਲਓ, ਮਹਾਂਪੁਰਸ਼ ਕਹਿ ਲਓ, ਦਰਵੇਸ਼ ਕਹਿ ਲਓ, ਸਾਂਈ ਫਕੀਰ ਕਹਿ ਲਓ। ਕੁਝ ਕਹਿ ਲਓ, ਨਾਮ ਨੇ। ਲੇਕਿਨ ਅਵਸਥਾ ਇਹ ਹੈ ਕਿ ਇਹਦੇ ਵਿਚੋਂ ਮੈਂ ਭਾਵ ਖਤਮ ਹੋ ਕੇ, ਆ ਕੇ ਬ੍ਰਹਮ ਭਾਵ ਵਿਚ ਲੀਨ ਹੋ ਗਿਆ। ਜਿਹਨੂੰ ਵਾਹਿਗੁਰੂ ਜੀ ਦਾ ਯਥਾਰਥ ਗਿਆਨ ਹੋ ਗਿਆ, ਅੰਦਰੋਂ ਪ੍ਰਗਟ ਹੋ ਗਿਆ। ਸ਼ਾਖਸ਼ਾਤਕਾਰ ਹੋ ਗਿਆ, ਉਹਦੇ ਵਿਚ ਮੈਂ ਖਤਮ ਹੋ ਜਾਂਦੀ ਹੈ। ਉਹ ਸਰੀਰ ਕੰਮ ਕਰਦਾ ਨਜ਼ਰ ਆਉਂਦੈ, ਲੇਕਿਨ ਉਹ ਨਹੀਂ ਹੁੰਦਾ ਜਿਹਨੂੰ ਤੁਸੀਂ ਪਹਿਲਾਂ ਜਾਣਦੇ ਸੀ।

ਸੰਤ ਮਹਾਰਾਜ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਜੀ ਕੋਲ ਪ੍ਰੇਮੀ ਆਉਂਦੇ ਹੁੰਦੇ ਸੀ। ਕਹਿਣਾ ਕਿ ਮਹਾਰਾਜ! ਤੁਹਾਡੇ ਦਰਸ਼ਨ ਕਰਨ ਆਏ ਹਾਂ। ਉਹ ਅੰਦਰਲੀ ਭਾਵਨਾ ਜਾਣ ਜਾਂਦੇ ਸੀ। ਉਹ ਕਹਿੰਦੇ, ਜਿਹਨੂੰ ਤੁਸੀਂ ਮਿਲਣ ਆਏ ਹੋਂ, ਈਸ਼ਰ ਸਿੰਘ ਨੂੰ ਮਿਲਣ ਆਏ ਹੋਂ? ਕਹਿੰਦੇ, ਜੀ ਹਾਂ। ਮਹਾਰਾਜ ਜੀ ਨੇ ਕਹਿਣਾ ਕਿ ਉਹ ਤਾਂ ਬੜੀ ਦੇਰ ਦਾ ਮਰ ਗਿਆ। ਉਹਨਾਂ ਦੇ ਇਹ ਬਚਨ ਸੁਣ ਕੇ ਸਾਨੂੰ ਕਈ ਵਾਰੀ ਚੰਗੇ ਨਾ ਲੱਗਣੇ ਕਿ ਮਹਾਰਾਜ! ਇਹ ਕੀ ਕਹਿ ਦਿੰਦੇ ਨੇ। ਉਹ ਕਹਿੰਦੇ ਸੀ ਕਿ ਉਹ ਤਾਂ ਬਹੁਤ ਦੇਰ ਹੋ ਗਈ, ਖਤਮ ਹੋ ਗਿਆ। ਪਹਿਲਾਂ ਸੀਗਾ ਇਸ ਕੋਠੇ ਦੇ ਵਿਚ ਰਹਿੰਦਾ ਸੀਗਾ। ਹੁਣ ਅਗਾਂਹਾਂ ਵਾਲੀ ਗੱਲ ਨਹੀਂ ਸੀ ਬੋਲਦੇ। ਫੇਰ ਰਹਿੰਦਾ ਕੀ ਸੀ ਉਹਦੇ ਵਿਚ। ਹੁਣ ਉਹ ਆਪਣੇ ਆਪ ਸਮਝਣਾ ਚਾਹੀਦੈ ਕਿ ਕੌਣ ਰਹਿੰਦਾ ਸੀ। ਵਾਹਿਗੁਰੂ ਦੇ ਨਾਲ ਇਕ ਵਾਧੂ ਚੀਜ਼ ਜੀਵ ਬਣਿਆ ਹੋਇਐ। ਜਦੋਂ ਤਕ ਉਹਦਾ ਜੀਵ ਭਾਵ ਨਹੀਂ ਮਰਦਾ, ਓਨੀਂ ਦੇਰ ਤਕ ਜੰਮਣ ਮਰਨ ਦੇ ਚੱਕਰ 'ਚ ਪਿਆ ਰਹਿੰਦੈ। ਜਦੋਂ ਗਿਆਨ ਦੇ ਨਾਲ ਉਹਦਾ ਜੀਵ ਭਾਵ ਮਰ ਜਾਂਦੈ ਪੂਰੀ ਤਰ੍ਹਾਂ ਦੇ ਨਾਲ, ਫੇਰ ਵਾਹਿਗੁਰੂ ਰਹਿ ਜਾਂਦੈ ਸਰੀਰ 'ਚ। ਭਾਗਾਂ ਵਾਲਿਆਂ ਨੂੰ ਤਾਂ ਪਛਾਣ ਆ ਜਾਂਦੀ ਹੈ। ਮਹਾਂਪੁਰਸ਼ ਵੈਸੇ ਭੇਤ ਤਾਂ ਕਦੇ ਦਿੰਦੇ ਨਹੀਂ-

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥*
*ਅੰਗ- ੧੩੮੪*

ਪਰ ਕਿਤੇ-ਕਿਤੇ ਸੱਚ ਦਾ ਪ੍ਰਕਾਸ਼ ਮੱਲੋ-ਮੱਲੀ ਹੋ ਜਾਂਦੈ। ਉਹ ਕਹਿੰਦੇ, ਭਾਈ ਬੜੀ ਦੇਰ ਹੋ ਗਈ, ਉਹ ਤਾਂ ਖਤਮ ਹੋ ਗਿਆ ਸੀ। ਹੁਣ ਜਿਹਨੂੰ ਮਿਲਣ ਆਏ ਹੋਂ, ਦਰਸ਼ਨ ਕਰਨ ਆਏ ਹੋਂ ਉਹਨੂੰ ਤੁਸੀਂ ਨਹੀਂ ਜਾਣਦੇ ਤੇ ਅਸੀਂ ਆਪਣੇ ਮੂੰਹ ਨਾਲ ਕਹਿ ਨਹੀਂ ਸਕਦੇ -

'ਉਚਾ ਨਹੀ ਕਹਿਣਾ ਮਨ ਮਹਿ ਰਹਿਣਾ।' ਸੋ ਖੁਦਾ ਦੇ ਨੇੜੇ ਰਹਿਣ ਵਾਲੇ ਭੇਤ ਨਹੀਂ ਦਿੰਦੇ ਕਿ ਹੁਣ ਇਸ ਸਰੀਰ ਵਿਚ ਕੌਣ ਰਹਿੰਦੈ। ਜਿਹੜਾ ਰਹਿੰਦਾ ਸੀ ਉਹ ਖਤਮ ਹੋ ਗਿਆ। ਬਾਕੀ ਵਾਹਿਗੁਰੂ ਬਚ ਗਿਆ, ਫੇਰ ਤਾਂ ਆਪੇ ਹੀ ਸਮਝ ਲੈਣਾ ਚਾਹੀਦੈ। ਸੋ ਭੇਤ ਨਹੀਂ ਹੋਇਆ ਕਰਦਾ –

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥*

*ਅੰਗ– ੭੯੩*

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥*
*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥*

*ਅੰਗ– ੧੩੬੯*

ਜਿਹਨੂੰ ਹੋਰ-ਹੋਰ ਕਹਿੰਦੇ ਸੀ, ਉਹ ਕਬੀਰ ਤਾਂ ਚੜ੍ਹਾਈ ਹੀ ਕਰ ਗਿਆ ਵਿਚੋਂ ਹੀ। ਹੁਣ ਰਹਿ ਕੌਣ ਗਿਆ? ਜਿਹਨੂੰ ਖੋਜਦੇ ਸੀ ਓਹੀ ਰਹਿ ਗਿਆ –

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*

*ਅੰਗ– ੧੩੭੫*

ਜਦੋਂ ਇਹ ਅਵਸਥਾ ਆ ਜਾਂਦੀ ਹੈ ਓਸ ਵੇਲੇ ਆਹ ਸ਼ਬਦ ਪ੍ਰਤੱਖ ਹੋ ਜਾਂਦੈ –

*ਧਾਰਨਾ – ਸੰਸਾ ਮੇਰਾ ਓ ਉਤਰ ਗਿਆ,*
*ਪਿਆਰੇ ਜਬ ਤੇ ਦਰਸ਼ਨ ਪਾਇਆ।*

*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥* *ਅੰਗ – ੧੨੧੮*

ਅੰਦਰੋਂ ਹੀ ਪ੍ਰਕਾਸ਼ ਕਰਕੇ ਮਹਾਰਾਜ ਨੇ –

*ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ ॥*
*ਇਹੁ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ ॥ ਅੰਗ– ੫੭੬*

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥*
*ਅਨਭਉ ਅਚਰਜ ਰੂਪੁ ਪ੍ਰਭ ਪੇਖਿਆ*
*ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥*

*ਅੰਗ – ੧੦੦੨*

ਐਸੀ ਅਵਸਥਾ ਦ੍ਵੈਤ ਦੀ ਖਤਮ ਕਰਕੇ ਦ੍ਵੈਤ ਦੇ ਵਿਚ ਲਿਆ ਕੇ ਮਹਾਰਾਜ ਨੇ ਜੀਵ ਭਾਵ ਖਤਮ ਕਰਕੇ, ਬ੍ਰਹਮ ਭਾਵ ਪ੍ਰਗਟ ਕਰਕੇ ਕਿਹਾ, ਭਾਈ ਬੋਹੜੂ! ਉਹ ਬੋਹੜੂਪੁਣਾ ਤੇਰੇ 'ਚੋਂ ਮਰ ਗਿਆ। ਤੇਰੇ ਸਰੀਰ ਦੇ ਅੰਦਰ ਹੁਣ ਵਾਹਿਗੁਰੂ ਹੈ। ਜਾਹ ਜਾ ਕੇ ਗੁਰਸਿੱਖੀ ਦਾ ਰੂਪ ਧਾਰ। ਆਪ ਨਾਮ ਜਪ ਤੇ ਸੰਸਾਰ ਨੂੰ ਨਾਮ ਜਪਾ। ਤੇਰੀ ਪਦਵੀ ਕਿੱਡੀ ਹੈ, ਅਸੀਂ ਵੀ ਤੇਰੀ ਧੂੜ ਮੰਗਦੇ ਹਾਂ। ਸੋ ਐਸਾ ਜੀਵ ਪਾਪ ਕਰਨ ਵਾਲਾ, ਗਲਤ ਕਮਾਈ ਕਰਨ ਵਾਲਾ, ਜਦੋਂ ਨਾਮ ਦੇ ਲੜ ਲੱਗਿਆ, ਤਰੱਕੀ ਕੀਤੀ, ਅੰਦਰੋਂ ਪਾਪਾਂ ਦਾ ਖਾਤਮਾ ਹੋ ਗਿਆ, ਰੁਚੀਆਂ ਖਤਮ ਹੋ ਗਈਆਂ, ਅੰਤਸ਼ਕਰਣ ਨਿਰਮਲ ਹੋ ਗਿਆ, ਅੰਦਰ ਪ੍ਰਕਾਸ਼ ਹੋਇਆ ਜਦ ਫੇਰ ਦਿਸਦਾ ਕੀ ਹੈ –

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*

*ਅੰਗ– ੨੭੨*

ਸੋ ਜੋ ਬੇਨਤੀਆਂ ਕੀਤੀਆਂ ਗਈਆਂ ਨੇ। ਧਿਆਨ ਰੱਖੋ ਇਹਨਾਂ ਦਾ –

*ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥*

*ਅੰਗ– ੩੩੫*

ਬ੍ਰਹਮ ਦੀ ਬੀਚਾਰ ਹੈ। ਭਾਗ ਅਤਿ ਚੰਗੇ ਹੋਣ ਤਾਂ ਐਸੇ ਬਚਨ ਆਪਾਂ ਨੂੰ ਸੁਣਨ ਵਾਸਤੇ ਪ੍ਰਾਪਤ ਹੁੰਦੇ ਨੇ। ਜਿਹੜੇ ਜੰਮਣ-ਮਰਨ ਨੂੰ ਕੱਟਣ ਦੀ ਸਮਰੱਥਾ ਰਖਦੇ ਨੇ। ਮੰਨਣਾ ਕੰਮ ਹੈ ਸਾਰਾ। ਮੈਂ ਫੇਰ ਬੇਨਤੀ ਕਰਦਾ ਹਾਂ ਕਿ ਨਾਮ ਜਪੋ। ਲੇਕਿਨ ਹਾਜ਼ਰੀ ਦਾ ਨਾਮ ਜਪੋ। ਗੈਰਹਾਜ਼ਰੀ ਦਾ ਨਾ ਜਪੋ। ਵਿਸ਼ਵਾਸ਼ ਕਰੋ ਕਿ ਮੈਂ ਵਾਹਿਗੁਰੂ ਦੀ ਹਜ਼ੂਰੀ 'ਚ ਨਾਮ ਜਪ ਰਿਹਾਂ। ਚਲੋ ਜੇ ਸਾਰਾ ਦਿਨ ਨਹੀਂ ਮੰਨ ਹੁੰਦਾ ਤਾਂ ਪਾਠ ਕਰਨ ਵੇਲੇ ਤਾਂ ਮੰਨ ਕਿ ਮੈਂ ਉਹਦੇ ਹਾਜ਼ਰ-ਹਜ਼ੂਰ ਬੈਠਣ ਲੱਗਿਆਂ, ਗਲਤੀ ਨਾ ਮੇਰੇ ਤੋਂ ਕੋਈ ਹੋ ਜਾਵੇ।

ਮੁਹੰਮਦ ਸਾਹਿਬ ਦਾ ਜੋ ਦੁਧੀਆ ਭਰਾ ਸੀ ਜਿਥੋਂ ਸੂਫੀ ਮਤ ਚੱਲਿਐ ਇਸਲਾਮ ਦੇ ਅੰਦਰ। ਉਹ ਜਦੋਂ ਭਜਨ ਕਰਨ ਬੈਠਦੇ ਸੀ ਕੰਬੀ ਜਾਂਦੇ ਸੀ। ਮੁਰੀਦ ਕਹਿਣ ਲੱਗੇ ਕਿ ਐ ਮੁਰਸ਼ਦ! ਤੁਸੀਂ ਐਨਾ ਕਿਉਂ ਕੰਬਦੇ ਹੋਂ? ਕਹਿੰਦੇ, ਪਿਆਰਿਓ! ਮੈਂ ਅੱਲਾਹ ਦੀ ਦਰਗਾਹ ਦੇ ਵਿਚ ਸਾਮ੍ਹਣੇ ਬੈਠਾ ਹੁੰਦਾ ਹਾਂ। ਮੈਂ ਡਰਦਾ ਰਹਿੰਦਾ ਹਾਂ ਕਿ ਮੇਰਾ ਮਨ ਕਿਤੇ ਇਥੋਂ ਨੱਠ ਨਾ ਜਾਵੇ। ਮੈਂ ਗੈਰ-ਹਾਜ਼ਰ ਨਾ ਹੋ ਜਾਵਾਂ। ਉਹ ਦਰਗਾਹ ਬੜੀ ਚੌਕਸ ਹੈਗੀ। ਇਕ ਦਮ ਜਾਣ ਜਾਂਦੀ ਹੈ ਕਿ ਨੱਠ ਗਿਆ ਤਾਂ ਮੈਂ ਉਸ ਅਦਬ ਦੇ ਵਿਚ ਬੈਠਾ ਰਹਿੰਦਾ ਹਾਂ। ਅਦਬ ਨੂੰ ਭੈ ਕਹਿੰਦੇ ਨੇ। ਰੱਬ ਦਾ ਭੈ ਹੋਰ ਨਹੀਂ ਹੁੰਦਾ ਕਿ ਐਵੇਂ ਡਰੀ ਜਾਓ, ਉਹ ਅਦਬ ਦਾ ਭੈ ਹੋਇਆ ਕਰਦੀ ਹੈ। ਨਿਰਮਲ ਭਉ ਕਹਿੰਦੇ ਨੇ ਉਹਨੂੰ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਨਾਮ ਜਪੋਂਗੇ, ਬਾਣੀ ਪੜ੍ਹੋਂਗੇ, ਲੇਖੇ ਵਿਚ ਪਵੇਗੀ। ਜਿਹੜਾ ਸਾਡਾ ਦਿਨ ਬਾਕੀ ਬਚਦੈ, ਜਿੰਨੀ ਕੁ ਉਮਰ ਬਚਦੀ ਹੈ ਇਹਦੇ ਵਿਚ ਹੀ ਸਾਨੂੰ ਸਭ ਕੁਝ ਪ੍ਰਾਪਤ ਹੋ ਸਕਦੈ। ਜੇ ਲਗਨ ਦੇ ਨਾਲ ਅਸੀਂ ਚੱਲੀਏ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

*(ਵੀਡੀਓ ਫਿਲਮ ਦੀਵਾਨ ਨੰ: 620 ਦੀ ਬਾਕੀ)*

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-20)*

ਮਹਾਤਮਾ ਬੁੱਧ ਨੇ ਤਾਂ ਪੂਰੀ ਤਰ੍ਹਾਂ ਨਿਰਣਾ ਹੀ ਦਿਤਾ ਹੋਇਆ ਹੈ ਕਿ ਸੰਸਾਰ ਦੁਖਾਂ ਦਾ ਘਰ ਹੈ। ਇਸਦੇ ਇਲਾਜ ਲਈ ਉਨ੍ਹਾਂ ਨੇ ਘੋਰ ਤਪ ਕਰਕੇ ਉਹ ਅਵਸਥਾ ਪ੍ਰਾਪਤ ਕਰ ਲਈ ਜਿਸ ਨੂੰ ਨਿਰਵਾਣ ਅਵਸਥਾ ਕਹਿੰਦੇ ਹਨ। ਜਿਥੇ ਦੁਖ ਵਿਚ ਕੋਈ ਸ਼ਕਤੀ ਨਹੀਂ ਕਿ ਉਥੇ ਪਹੁੰਚ ਸਕੇ। ਗੁਰੂ ਮਹਾਰਾਜ ਜੀ ਨੇ ਬਹੁਤ ਵੱਡੀਆਂ-ਵੱਡੀਆਂ ਉਦਾਹਰਣਾਂ ਦਿਤੀਆਂ ਹਨ ਕਿ ਸੰਸਾਰ ਵਿਚ ਦੁਖ ਇਸ ਕਰਕੇ ਹੈ ਕਿ ਉਹ ਮਾਇਆ ਦੇ ਮੰਡਲ ਵਿਚੋਂ ਉਠ ਨਹੀਂ ਸਕਿਆ ਅਤੇ ਨਾਮ ਮੰਡਲ ਵਿਚ ਪ੍ਰਵੇਸ਼ ਨਾ ਕਰਨ ਕਰਕੇ ਦੁਖਾਂ ਦੀ ਪ੍ਰਾਪਤੀ ਹੋਣੀ ਸੁਭਾਵਿਕ ਹੀ ਹੈ। ਬਾਬਾ ਫਰੀਦ ਜੀ ਨੇ ਵੀ ਫੁਰਮਾਇਆ ਹੈ-

***ਫਰੀਦਾ ਮੈ ਜਾਨਿਆ ਦੁਖੁ ਮੁਝ ਕੂ***
***ਦੁਖੁ ਸਬਾਇਐ ਜਗਿ॥***
***ਉਚੇ ਚੜਿ ਕੈ ਦੇਖਿਆ***
***ਤਾਂ ਘਰਿ ਘਰਿ ਏਹਾ ਅਗਿ॥ ਅੰਗ - ੧੩੮੨***

ਗੁਰੂ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਵੱਡੀਆਂ-ਵੱਡੀਆਂ ਇਤਿਹਾਸਕ ਅਤੇ ਮਿਥਿਆਹਸਕ ਹਸਤੀਆਂ ਦਾ ਜ਼ਿਕਰ ਕਰਦੇ ਫੁਰਮਾਨ ਕੀਤਾ ਹੈ ਕਿ ਦੁਖ ਦਾ ਕਾਰਨ ਨਾਮ ਦੀ ਪ੍ਰਾਪਤੀ ਨਾ ਹੋਣ ਕਰਕੇ ਹੈ, ਜਿਸ ਦੇ ਹਿਰਦੇ ਵਿਚ ਨਾਮ ਦੀ ਪ੍ਰਾਪਤੀ ਹੋ ਗਈ ਉਹ ਦੁਖ ਤੋਂ ਉਪਰ ਲੰਘ ਜਾਇਆ ਕਰਦਾ ਹੈ ਜਿਸ ਤਰ੍ਹਾਂ ਕਿ -

***ਗੁਰਮੁਖਿ ਅੰਤਰਿ ਸਹਜੁ ਹੈ***
***ਮਨੁ ਚੜਿਆ ਦਸਵੈ ਆਕਾਸਿ॥***
***ਤਿਥੈ ਊਂਘ ਨ ਭੁਖ ਹੈ***
***ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ***
***ਜਿਥੈ ਆਤਮ ਰਾਮ ਪ੍ਰਗਾਸੁ॥ ਅੰਗ - ੧੪੧੪***

ਜਿਥੇ ਨਾਮ ਦਾ ਪ੍ਰਕਾਸ਼ ਹੋ ਗਿਆ ਉਸ ਥਾਂ ਤੇ ਦੁਖ-ਸੁਖ ਸਮਾਨ ਹੋ ਜਾਇਆ ਕਰਦੇ ਹਨ। ਅੰਦਰ ਅਜਿਹੀ ਸ਼ਕਤੀ ਪੈਦਾ ਹੋ ਜਾਇਆ ਕਰਦੀ ਹੈ ਕਿ ਦੁਖ ਦਾ ਅਹਿਸਾਸ ਹੋਣਾ ਬੰਦ ਹੋ ਜਾਇਆ ਕਰਦਾ ਹੈ ਕਿਉਂਕਿ ਨਾਮ ਸ਼ਕਤੀ ਐਨੀ ਪ੍ਰਬਲ ਹੈ ਕਿ ਦੁਖ ਨੂੰ ਨੇੜੇ ਹੀ ਨਹੀਂ ਆਉਣ ਦਿੰਦੀ ਅਤੇ ਇਤਿਹਾਸ ਦੇ ਵਿਚ ਮਿਸਾਲਾਂ ਆਉਂਦੀਆਂ ਹਨ ਕਿ ਗੁਰੂ ਮਹਾਰਾਜ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਪਾਣੀ ਵਿਚ ਉਬਾਲਿਆ ਗਿਆ, ਤੱਤੀ ਤਵੀ ਤੇ ਬਿਠਾਇਆ ਗਿਆ, ਸੀਸ ਵਿਚ ਗਰਮ ਕਰਕੇ ਰੇਤਾ ਪਾਇਆ ਗਿਆ ਇਸ ਕਰਕੇ ਕਿ ਕਿਤੇ ਇਹ ਦਸਵੇਂ ਦੁਆਰ ਵਾਸਾ ਨਾ ਕਰ ਲੈਣ ਪਰ ਗੁਰੂ ਮਹਾਰਾਜ ਜੀ ਨੇ ਸਾਰੇ ਸਰੀਰਕ ਦੁਖ ਭਾਣੇ ਵਿਚ ਰਹਿੰਦੇ ਹੋਏ ਉਸੇ ਤਰ੍ਹਾਂ ਸਹਿਨ ਕੀਤੇ ਜਿਸ ਤਰ੍ਹਾਂ ਸੁਖ ਹੋਇਆ ਕਰਦੇ ਹਨ। ਉਨ੍ਹਾਂ ਨੂੰ ਦੁਖ ਵਿਚਲਤ ਨਾ ਕਰ ਸਕਿਆ। ਜਦੋਂ ਗੋਰਖਨਾਥ ਇਸ ਮਹਾਨ ਦੁਖਾਂ ਭਰੇ torture (ਤਸੀਹਿਆਂ) ਨੂੰ ਦੇਖ ਗੁਰੂ ਮਹਾਰਾਜ ਦੇ ਹਜ਼ੂਰ ਹਾਜ਼ਰ ਹੋਇਆ ਤਾਂ ਉਸ ਨੇ ਕਿਹਾ ਕਿ ਮਹਾਰਾਜ! ਇਨ੍ਹਾਂ ਨੂੰ ਆਪ ਸਰਾਪ ਦੇ ਦੇਵੋ। ਜੇ ਤੁਸੀਂ ਨਹੀਂ ਦਿੰਦੇ ਤਾਂ ਮੈਂ ਹੁਣੇ ਹੀ ਲਾਹੌਰ ਨੂੰ ਗਰਕ ਕਰ ਦਿੰਦਾ ਹਾਂ। ਇਸੇ ਤਰ੍ਹਾਂ ਗੁਰੂ ਮਹਾਰਾਜ ਜੀ ਨੂੰ ਮਹਾਨ ਉਚ ਕੋਟੀ ਦੇ ਪੀਰ ਮੀਆਂ ਮੀਰ ਜੀ ਜਿਨ੍ਹਾਂ ਨੇ ਅਸਾਡੇ ਧਰਮ ਮੰਦਰ ਦੀ ਬੁਨਿਆਦ ਰਖੀ ਸੀ, ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਦੇ ਵਿਚ ਬੇਨਤੀ ਕੀਤੀ ਕਿ ਆਪ ਇਨ੍ਹਾਂ ਨੂੰ ਸਰਾਪ ਦੇ ਦੇਵੋ, ਨਹੀਂ ਮੈਂ ਸਭ ਕੁਝ ਗਰਕ ਕਰਦਾ ਹਾਂ। ਮਹਾਰਾਜ ਕਹਿਣ ਲੱਗੇ ਕਿ ਪੀਰ ਜੀ! ਯਾਦ ਕਰੋ ਤੁਸੀਂ ਇਕ ਵਾਰੀ ਅਸਾਡੇ ਨਾਲ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਸੀ ਕਿ ਕੀ ਬ੍ਰਹਮਗਿਆਨੀ ਧੀਰਜ ਰਖ ਸਕਦਾ ਹੈ? ਇਕ ਸਮਾਨ ਰਹਿ ਸਕਦਾ ਹੈ ਜਦੋਂ ਉਸ ਦੇ ਨਾਲ ਅਣਸੁਖਾਵੇਂ ਵਰਤਾਓ ਰਾਹੀਂ ਉਸ ਨੂੰ ਹਦ ਦਰਜੇ ਦਾ ਦੁਖੀ ਕੀਤਾ ਜਾਵੇ? ਇਸ ਵੇਲੇ ਅਸੀਂ ਇਸ ਦਾ ਅਰਥ ਅਮਲੀ ਤੌਰ ਤੇ ਕਰਕੇ ਦਸ ਰਹੇ ਹਾਂ। ਐਸਾ ਜ਼ਿਕਰ ਇਤਿਹਾਸ ਵਿਚ ਆਉਂਦਾ ਹੈ ਕਿ ਗੁਰੂ ਮਹਾਰਾਜ ਨੇ ਕਿਹਾ ਕਿ ਪੀਰ ਜੀ! ਗੁਰੂ ਮਹਾਰਾਜ ਦਾ ਸਿਧਾਂਤ ਜੋ ਪੂਰਨ ਰੂਪ ਵਿਚ ਸਤਿ ਤੇ ਅਧਾਰਿਤ ਹੈ ਉਹ ਹੈ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***
***ਅੰਗ - ੧***

ਸੁਖਮਨੀ ਸਾਹਿਬ ਵਿਚ ਤੁਸੀਂ ਵੀ ਪੜ੍ਹਿਆ ਸੀ ਇਸੇ ਸਿਧਾਂਤ ਨੂੰ ਮੁਖ ਰੱਖ ਕੇ ਪ੍ਰਗਟ ਕੀਤਾ ਸੀ -

***ਸੋਧਤ ਸੋਧਤ ਸੋਧਤ ਸੀਝਿਆ॥***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥***
***ਜਬ ਦੇਖਉ ਤਬ ਸਭੁ ਕਿਛੁ ਮੂਲੁ॥***
***ਨਾਨਕ ਸੋ ਸੂਖਮੁ ਸੋਈ ਅਸਥੂਲੁ॥***
***ਅੰਗ - ੨੮੧***

ਅਤੇ ਐਸੇ ਵੀ ਸਲੋਕ ਆਏ ਸਨ ਕਿ -

***ਸਰਗੁਨ ਨਿਰਗੁਨ ਨਿਰੰਕਾਰ***
***ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ***

*ਆਪੇ ਹੀ ਫਿਰਿ ਜਾਪਿ॥ ਅੰਗ - ੨੯੦*

ਜਦੋਂ ਵਾਹਿਗੁਰੂ ਜੀ ਤੋਂ ਬਗੈਰ ਇਥੇ ਹੈ ਹੀ ਕੋਈ ਨਹੀਂ, ਹਰ ਸਰੀਰ ਵਿਚ ਵਾਹਿਗੁਰੂ ਜੀ ਆਪ ਹੀ ਗੁਪਤ ਪ੍ਰਗਟ ਹੋ ਕੇ ਖੇਲ੍ਹ ਕਰ ਰਹੇ ਹਨ ਤਾਂ ਫੇਰ ਸਰਾਪ ਕਿਸ ਨੂੰ ਦਿਤਾ ਜਾਵੇ, ਕਿਹਨੂੰ ਬੁਰਾ ਆਖਿਆ ਜਾਵੇ? ਜਿਸਦੇ ਹਿਰਦੇ ਵਿਚੋਂ ਪੰਜਾਂ ਭਰਮਾਂ ਦਾ ਨਾਸ਼ ਹੋ ਚੁਕਿਆ ਹੈ, ਉਸ ਦਾ ਵਿਅਕਤੀਤਵ ਪਰਮ ਆਪੇ ਵਿਚ ਐਉਂ ਲੀਨ ਹੋ ਗਿਆ ਜਿਵੇਂ ਘੜੇ ਵਿਚ ਪੈਂਦਾ ਪ੍ਰਤੀਬਿੰਬ ਆਪਣੇ ਬਿੰਬ ਚੰਦਰਮਾ ਵਿਚ ਸਮਾਅ ਜਾਇਆ ਕਰਦਾ ਹੈ। ਪਾਣੀ ਦੀ ਉਪਾਧੀ ਕਰਕੇ ਅਸਮਾਨ ਵਿਚ ਚਮਕ ਰਿਹਾ ਚੰਦਰਮਾ ਭਾਂਡੇ ਵਿਚ ਪ੍ਰਤੀਬਿੰਬਤ ਹੋ ਕੇ ਵਖਰਾ ਦਿਸ ਰਿਹਾ ਸੀ ਪਰ ਯਥਾਰਥ ਵਿਚ ਚੰਦਰਮਾ ਇਕੋ ਸੀ। ਇਹ ਕ੍ਰਿਆ ਮਾਇਕ ਕਿਰਿਆ ਸੀ ਜੋ ਇਕ ਚੰਦਰਮਾ ਨੂੰ ਪਾਣੀ ਦੇ ਭਰੇ ਬਰਤਨਾਂ ਵਿਚ ਅਨੇਕਤਾ ਵਿਚ ਦਿਖਾ ਰਿਹਾ ਸੀ। ਜਦੋਂ ਭਾਂਡਿਆਂ ਵਿਚੋਂ ਪਾਣੀ ਡੋਲ੍ਹ ਦਿਤਾ ਗਿਆ ਤਾਂ ਉਹ ਪ੍ਰਤੀਬਿੰਬਤ ਚੰਦਰਮਾ ਆਪਣੇ ਬਿੰਬ ਵਿਚ ਸਮਾਅ ਗਿਆ ਅਤੇ ਸਤਿ ਅਵਸਥਾ ਜੋ ਇਕੋ ਚੰਦਰਮਾ ਸੀ ਉਹ ਪ੍ਰਤੀਬਿੰਬ ਦੇ ਨਾਸ਼ ਹੋਣ ਨਾਲ ਜਿਉਂ ਦਾ ਤਿਉਂ ਰਹਿ ਗਿਆ। ਸੋ ਪੀਰ ਜੀ! ਇਥੇ ਕੋਈ ਭੁੱਲਿਆ ਹੋਇਆ ਨਹੀਂ। ਜਿਸ ਨੇ ਆਪਣਾ ਭਰਮ ਗੁਆ ਦਿਤਾ ਹੈ ਉਸ ਨੂੰ ਹਰ ਥਾਂ ਦੇ ਉਤੇ ਆਪਣੇ ਆਪ ਹੀ ਦ੍ਰਿਸ਼ਟਮਾਨ ਹੋ ਰਿਹਾ ਹੈ। ਸੋ ਆਪਣੇ ਆਪ ਨੂੰ ਕੌਣ ਸਰਾਪ ਦਿੰਦਾ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ।।*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥ ਅੰਗ - ੬੧੦*

ਦੁਖ ਉਤਨੀ ਦੇਰ ਹੀ ਹੈ ਜਦੋਂ ਤਕ ਹੁਕਮ ਦੀ ਕ੍ਰਿਆ ਨੂੰ ਬੁੱਝ ਕੇ ਕੂੜ ਦੀ ਪਾਲ ਨਹੀਂ ਤੋੜ ਲੈਂਦਾ।

*ਜਬ ਲਗੁ ਹੁਕਮੁ ਨ ਬੂਝਤਾ*
*ਤਬ ਹੀ ਲਉ ਦੁਖੀਆ।।*
*ਗੁਰ ਮਿਲਿ ਹੁਕਮੁ ਪਛਾਣਿਆ*
*ਤਬ ਹੀ ਤੇ ਸੁਖੀਆ॥ ਅੰਗ-੪੦੦*

ਦੁਖ ਨੂੰ ਖਤਮ ਕਰਨ ਵਾਸਤੇ ਘਾਲ ਕਮਾਈ ਦੀ ਲੋੜ ਹੈ, ਪੂਰੇ ਸਤਿਗੁਰੂ ਦੀ ਬਖਸ਼ਿਸ਼ ਦੀ ਲੋੜ ਹੈ। ਪੂਰਾ ਸਤਿਗੁਰੂ ਇਸ ਜੀਵ ਨੂੰ ਮਾਇਆ ਮੰਡਲ ਵਿਚੋਂ ਚੁਕ ਕੇ ਹਉਮੈ ਦਾ ਹਨ੍ਹੇਰਾ ਦੂਰ ਕਰਦਾ ਹੈ ਅਤੇ ਉਸ ਨੂੰ ਆਤਮ ਮੰਡਲ ਵਿਚ ਪਹੁੰਚਾ ਕੇ ਤੱਤ ਦਾ ਗਿਆਨ ਪ੍ਰਦਾਨ ਕਰਦਾ ਹੈ। ਉਸ ਨੂੰ ਘਾਲ ਕਮਾਈ ਨਾਲ ਦੁਖਾਂ ਦੀ ਅੱਗ ਨੂੰ ਦੁਖ ਨਾਲ ਮਾਰਿਆਂ ਦੁਖ ਦਾਰੂ ਬਣ ਜਾਇਆ ਕਰਦਾ ਹੈ। ਫੁਰਮਾਨ ਹੈ -

*ਦੁਖ ਵਿਚਿ ਜੰਮਣੁ ਦੁਖਿ ਮਰਣੁ*
*ਦੁਖਿ ਵਰਤਣੁ ਸੰਸਾਰਿ।।*
*ਦੁਖੁ ਦੁਖੁ ਅਗੈ ਆਖੀਐ*
*ਪੜ੍ਹਿ ਪੜ੍ਹਿ ਕਰਹਿ ਪੁਕਾਰ॥*
*ਦੁਖ ਕੀਆ ਪੰਡਾ ਖੁਲੀਆ*
*ਸੁਖੁ ਨ ਨਿਕਲਿਓ ਕੋਇ॥*
*ਦੁਖ ਵਿਚਿ ਜੀਉ ਜਲਾਇਆ*
*ਦੁਖੀਆ ਚਲਿਆ ਰੋਇ॥*
*ਨਾਨਕ ਸਿਫਤੀ ਰਤਿਆ*
*ਮਨੁ ਤਨੁ ਹਰਿਆ ਹੋਇ॥ ਅੰਗ-੧੨੪੦*

ਸੋ ਗੁਰੂ ਮਹਾਰਾਜ ਜੀ ਨੇ ਦੁਖ ਕਿਉਂ ਆਉਂਦਾ ਹੈ? ਇਸ ਦੀ ਭਰਪੂਰ ਵਿਚਾਰ ਗੁਰਬਾਣੀ ਵਿਚ ਦਿਤੀ ਹੈ, ਉਸ ਦਾ ਕਾਰਨ ਦਸਿਆ ਹੈ ਕਿ ਜਦੋਂ ਅਸੀਂ ਨਾਮ ਨਾਲੋਂ ਵਿਛੜ ਜਾਂਦੇ ਹਾਂ ਅਤੇ ਸਰੀਰਕ ਰਸਾਂ-ਕਸਾਂ ਵਿਚ ਪ੍ਰਵਿਰਤ ਹੋ ਜਾਂਦੇ ਹਾਂ ਤਾਂ ਦੁਖ ਕੁਦਰਤੀ ਤੌਰ ਤੇ ਰੂਪਮਾਨ ਹੋ ਜਾਇਆ ਕਰਦੇ ਹਨ। ਜਿਸ ਤਰ੍ਹਾਂ ਨਾਲ ਫੁਰਮਾਨ ਹੈ -

*ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥*
*ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥*
*ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥*
*ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥*
*ਅੰਗ - 1287*

ਇਸ ਨੂੰ ਹੋਰ ਸਪਸ਼ਟ ਕਰਦਿਆਂ ਵੱਡੀਆਂ-ਵੱਡੀਆਂ ਇਤਿਹਾਸਕ ਅਤੇ ਮਿਥਿਆਹਾਸਕ ਹਸਤੀਆਂ ਦਾ ਜ਼ਿਕਰ ਕਰਦਿਆਂ ਫੁਰਮਾਨ ਆਇਆ ਹੈ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥*
*ਪਰਸ ਰਾਮੁ ਰੋਵੈ ਘਰਿ ਆਇਆ॥*
*ਅਜੈ ਸੁ ਰੋਵੈ ਭੀਖਿਆ ਖਾਇ॥*
*ਐਸੀ ਦਰਗਹ ਮਿਲੈ ਸਜਾਇ॥*
*ਰੋਵੈ ਰਾਮੁ ਨਿਕਾਲਾ ਭਇਆ॥*
*ਸੀਤਾ ਲਖਮਣੁ ਵਿਛੁੜਿ ਗਇਆ॥*
*ਰੋਵੈ ਦਹਸਿਰੁ ਲੰਕ ਗਵਾਇ॥*
*ਜਿਨਿ ਸੀਤਾ ਆਦੀ ਡਉਰੂ ਵਾਇ।।*
*ਰੋਵਹਿ ਪਾਂਡਵ ਭਏ ਮਜੂਰ॥*
*ਜਿਨ ਕੈ ਸੁਆਮੀ ਰਹਤ ਹਦੂਰਿ॥*
*ਰੋਵੈ ਜਨਮੇਜਾ ਖੁਇ ਗਇਆ।।*
*ਏਕੀ ਕਾਰਣਿ ਪਾਪੀ ਭਇਆ॥*
*ਰੋਵਹਿ ਸੇਖ ਮਸਾਇਕ ਪੀਰ॥*
*ਅੰਤਿ ਕਾਲਿ ਮਤੁ ਲਾਗੈ ਭੀੜ॥*
*ਰੋਵਹਿ ਰਾਜੇ ਕੰਨ ਪੜਾਇ॥*
*ਘਰਿ ਘਰਿ ਮਾਗਹਿ ਭੀਖਿਆ ਜਾਇ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ॥*
*ਪੰਡਿਤ ਰੋਵਹਿ ਗਿਆਨੁ ਗਵਾਇ॥*
*ਬਾਲੀ ਰੋਵੈ ਨਾਹਿ ਭਤਾਰੁ।।*
*ਨਾਨਕ ਦੁਖੀਆ ਸਭੁ ਸੰਸਾਰੁ॥*
*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ॥*
*ਅੰਗ - ੯੫੩-੫੪*

ਸੋ ਦੁਖ ਦਾ ਇਲਾਜ ਸਤਿਗੁਰੂ ਜੀ ਦੀ ਸੇਵਾ ਕਰਕੇ ਤਤੂ ਗਿਆਨ ਦੀ ਪ੍ਰਾਪਤੀ ਹੋਣ ਨਾਲ ਹੋਇਆ ਕਰਦਾ ਹੈ-

*ਕਾਮ ਕਰੋਧੁ ਸਬਲ ਸੰਸਾਰਾ॥*
*ਬਹੁ ਕਰਮ ਕਮਾਵਹਿ ਸਭੁ ਦੂਖ ਕਾ ਪਸਾਰਾ॥*
*ਸਤਿਗੁਰੁ ਸੇਵਹਿ ਸੇ ਸੁਖੁ ਪਾਵਹਿ*
*ਸਚੈ ਸਬਦਿ ਮਿਲਾਇਦਾ॥ ਅੰਗ - ੧੦੬੦*

ਇਸ ਤਰ੍ਹਾਂ ਸਤਿਗੁਰੂ ਦੀ ਕ੍ਰਿਪਾ ਨਾਲ ਜਦੋਂ ਅਸੀਂ ਨਾਮ ਮੰਡਲ ਵਿਚ ਪ੍ਰਵੇਸ਼ ਕਰ ਜਾਂਦੇ ਹਾਂ ਤਾਂ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ। ਸੰਸਾਰ ਦੁਖਾਂ ਤੋਂ ਛੁਟਕਾਰਾ ਪ੍ਰਕ੍ਰਿਤਕ ਵਸਤੂਆਂ ਦੀ ਪ੍ਰਾਪਤੀ ਹੋਣ ਨਾਲ ਸਮਝਦਾ ਹੈ, ਪਰ ਇਹ ਕਦੇ ਵੀ ਸਫਲ ਨਹੀਂ ਹੁੰਦਾ ਕਿਉਂਕਿ ਰੇਤੇ ਵਿਚੋਂ ਕਦੇ ਕਿਸੇ ਨੇ ਤੇਲ ਦੇ ਭੰਡਾਰੇ ਨਹੀਂ ਪ੍ਰਾਪਤ ਕੀਤੇ। ਰੇਤਾ ਪੀੜਣ ਤੋਂ ਤਾਂ ਕੁਝ ਵੀ ਹੱਥ ਵਿਚ ਨਹੀਂ ਆਉਂਦਾ। ਸੋ ਇਹੋ ਹਾਲ ਸੰਸਾਰ ਦਾ ਹੈ ਕਿ ਪ੍ਰਮੇਸ਼ਰ ਨੂੰ ਭੁੱਲ ਕੇ ਦੁਖਾਂ ਤੋਂ ਛੁਟਕਾਰੇ ਦੀ ਲਾਲਸਾ ਕਰਦਾ ਹੈ। ਫੁਰਮਾਨ ਹੈ -

*ਐਸਾ ਜਗੁ ਦੇਖਿਆ ਜੂਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥ ਅੰਗ - 22*

ਇਸ ਪਰ ਇਕ ਅਧਿਆਤਮਕ ਮੰਡਲ ਵਿਚ ਕਥਾ ਆਉਂਦੀ ਹੈ ਕਿ ਜੋ ਪ੍ਰਮਾਣ ਦੇ ਰੂਪ ਵਿਚ ਹੈ ਜਿਸ ਤੋਂ ਗੱਲ ਅੱਛੀ ਤਰ੍ਹਾਂ ਸਮਝ ਪੈ ਜਾਂਦੀ ਹੈ। ਸੋ ਇਸ ਤਰ੍ਹਾਂ ਹੈ ਕਿ ਇਕ ਰਾਜੇ ਦੀ ਲੜਕੀ ਨੇ ਬਹੁਤ ਕੀਮਤੀ ਹਾਰ ਬਣਵਾਇਆ। ਉਸ ਵਿਚ ਹੀਰੇ ਲਾਲ ਮਣੀਆਂ ਜੜਵਾਈਆਂ। ਉਸ ਹਾਰ ਨੂੰ ਨੌ ਲੱਖਾ ਹਾਰ ਕਿਹਾ ਜਾਂਦਾ ਹੈ। ਰਾਜੇ ਰਾਣੀਆਂ ਪਾਸ ਇਹ ਨੌ ਲੱਖੇ ਹਾਰ ਆਮ ਹੀ ਹੋਇਆ ਕਰਦੇ ਸਨ। ਇਨ੍ਹਾਂ ਬਾਰੇ ਅਨੇਕ ਕਥਾ-ਕਥਾਵਾਂ ਮਹਾਂਪੁਰਸ਼ ਸੁਣਾਇਆ ਕਰਦੇ ਹਨ ਕਿਉਂਕਿ ਇਨ੍ਹਾਂ ਕਥਾਵਾਂ ਨੂੰ ਪ੍ਰਤੀਕ ਬਣਾ ਕੇ ਨਾਮ ਵਲ ਰੁਚੀ ਲਾਉਂਦੇ ਹਨ। ਇਕ ਦਿਨ ਐਸਾ ਹੋਇਆ ਕਿ ਰਾਜਕੁਮਾਰੀ ਆਪਣੀਆਂ ਸਖੀਆਂ ਸਹੇਲੀਆਂ ਨਾਲ ਨਦੀ ਦੇ ਖੁਲ੍ਹੇ ਪਾਣੀ ਵਿਚ ਇਸ਼ਨਾਨ ਕਰਨ ਗਈ। ਅਨੇਕ ਤਰ੍ਹਾਂ ਦੀ ਜਲ ਕਰੀੜਾ, ਖੇਲ੍ਹ ਪਾਣੀ ਵਿਚ ਕੀਤੇ। ਕਦੇ ਕਿਸ਼ਤੀ ਚਲਾਈ ਜਾਂਦੀ, ਕਦੇ ਉਚੇ ਥਾਂ ਤੋਂ ਛਾਲਾਂ ਮਾਰੀਆਂ ਜਾਂਦੀਆਂ, ਕਦੇ ਗਹਿਰੇ ਗੋਤੇ ਲਾਏ ਜਾਂਦੇ। ਇਸ ਤਰ੍ਹਾਂ ਕਰਦਿਆਂ ਬਹੁਤ ਸਮਾਂ ਬਤੀਤ ਹੋ ਗਿਆ। ਗਰਮੀ ਦੇ ਦਿਨ ਸਨ ਜਦੋਂ ਕੰਢੇ ਆ ਕੇ ਵਸਤਰ ਪਹਿਨਣੇ ਸ਼ੁਰੂ ਕੀਤੇ ਤਾਂ ਬਹੁਤ ਹੈਰਾਨੀ ਹੋਈ ਕਿ ਰਾਜਕੁਮਾਰੀ ਦਾ ਨੌ ਲੱਖਾ ਹਾਰ ਉਸ ਥਾਂ ਉਪਰ ਨਹੀਂ ਸੀ। ਇਸ ਉਪਰ ਤਲਾਸ਼ ਕੀਤੀ ਗਈ ਪਰ ਕੁਝ ਨਾ ਪਤਾ ਲੱਗਿਆ। ਰਾਜੇ ਪਾਸ ਖਬਰ ਗਈ। ਉਸ ਨੇ ਵੀ ਬਹੁਤ ਢੂੰਡ ਕੀਤੀ। ਨਦੀ ਵਿਚ ਜਾਲ ਪਵਾਏ ਗਏ ਕਿ ਹੋ ਸਕਦਾ ਹੈ ਕੋਈ ਮੱਛ ਵਗੈਰਾ ਬਾਹਰ ਨਿਕਲ ਕੇ ਹਾਰ ਨਿਘਲ ਗਿਆ ਹੋਵੇ ਪਰ ਨਿਰਾਸਤਾਈ ਹੀ ਪੱਲੇ ਪਈ। ਬਹੁਤ ਖੇਚਲ ਕਰਨ ਤੇ ਵੀ ਹਾਰ ਦਾ ਜਦੋਂ ਕੁਝ ਪਤਾ ਨਾ ਲੱਗਿਆ ਤਾਂ ਰਾਜੇ ਨੇ ਐਲਾਨ ਕਰ ਦਿਤਾ ਕਿ ਜੋ ਇਸ ਨੂੰ ਟੋਲ੍ਹ ਕੇ ਦਵੇਗਾ ਤਾਂ ਉਸ ਨੂੰ ਅੱਧੀ ਕੀਮਤ ਇਨਾਮ ਵਜੋਂ ਦਿਤੀ ਜਾਵੇਗੀ, ਜਿਹੜਾ ਪੁਰਸ਼ ਉਸ ਦੀ ਦੱਸ ਵੀ ਪਾ ਦੇਵੇਗਾ ਉਸ ਨੂੰ ਵੀ ਅੱਧੀ ਕੀਮਤ ਦਿਤੀ ਜਾਵੇਗੀ। ਪਬਲਿਕ ਨੇ ਵੀ ਬਹੁਤ ਤਲਾਸ਼ ਕੀਤੀ ਪਰ ਹਾਰ ਕਿਤੋਂ ਵੀ ਪ੍ਰਾਪਤ ਨਾ ਹੋਇਆ। ਦੇਵਨੇਤ ਨਾਲ ਇਕ ਲੱਕੜਹਾਰਾ ਗਰਮੀ ਦੇ ਮਹੀਨੇ ਪਿਆਸ ਬੁਝਾਉਣ ਲਈ ਜੰਗਲ ਵਿਚ ਬਣੀ ਨਿਰਮਲ ਜਲ ਦੀ ਨਦੀ ਪਾਸ ਆਇਆ। ਥੋੜ੍ਹੀ ਦੇਰ ਸਸਤਾ ਕੇ ਹੱਥ ਮੂੰਹ ਧੋਣ ਲੱਗਿਆ ਤਾਂ ਉਸ ਦੀ ਨਜ਼ਰ ਅਚਾਨਕ ਹੀ ਪਾਣੀ ਦੇ ਤਲ ਤੇ ਚਲੀ ਗਈ। ਦੇਖ ਕੇ ਹੈਰਾਨ ਹੋ ਗਿਆ ਕਿ ਜਿਸ ਹਾਰ ਦੀ ਤਲਾਸ਼ ਕੀਤੀ ਜਾਂਦੀ ਸੀ, ਉਹ ਪਾਣੀ ਵਿਚ ਪਿਆ ਹੈ। ਇਹ ਸੋਚ ਕੇ ਉਸ ਦੀ ਪਿਆਸ ਤਾਂ ਆਪਣੇ ਆਪ ਹੀ ਬੁਝ ਗਈ। ਉਸ ਨੇ ਪਾਣੀ ਵਿਚ ਚੁੱਭੀ ਮਾਰੀ। ਪਾਣੀ ਬਹੁਤ ਗਹਿਰਾ ਸੀ। ਲੰਮਾ ਸਾਹ ਲੈ ਕੇ ਪਾਣੀ ਦੇ ਤਲ ਤਕ ਪਹੁੰਚਿਆ, ਅੱਖਾਂ ਖੁਲ੍ਹੀਆਂ ਹਨ, ਪਾਣੀ ਬਹੁਤ ਨਿਰਮਲ ਹੈ, ਹਾਰ ਨਜ਼ਰੀ ਆ ਰਿਹਾ ਹੈ ਪਰ ਜਦੋਂ ਉਸੇ ਥਾਂ ਤੇ ਹੱਥ ਪਾਇਆ ਤਾਂ ਹਾਰ ਦੀ ਥਾਂ ਚਿੱਕੜ ਉਸ ਦੇ ਹੱਥ ਵਿਚ ਆ ਗਿਆ। ਬਹੁਤ ਹੈਰਾਨ ਹੋ ਗਿਆ ਕਿ ਹਾਰ ਨਜ਼ਰੀ ਆਉਂਦਾ ਪਰ ਹਰ ਵਾਰੀ ਗੋਤਾ ਮਾਰ ਕੇ ਜਦੋਂ ਮੈਂ ਹਾਰ ਨੂੰ ਚੁਕਣ ਲਈ ਹੱਥ ਮਾਰਦਾ ਹਾਂ ਤਾਂ ਚਿੱਕੜ ਹੱਥ ਵਿਚ ਕਿਉਂ ਆਉਂਦਾ ਹੈ। ਕਦੇ ਇਹ ਖਿਆਲ ਕਰਦਾ ਹੈ ਕਿ ਕੋਈ ਜਾਦੂ ਹੋਣਾ ਹੈ, ਕੋਈ ਛਲੇਡਾ ਹੋਣਾ ਹੈ ਜਿਹੜਾ ਐਸੇ ਖੇਲ੍ਹ ਕਰ ਰਿਹਾ ਹੈ। ਫੇਰ ਨਿਰਣਾ ਕੀਤਾ ਕਿ ਚਲੋ, ਬਾਦਸ਼ਾਹ ਨੂੰ ਦਸ ਹੀ ਦਿੰਦੇ ਹਾਂ, ਉਸਦਾ ਇਨਾਮ ਵੀ ਤਾਂ ਅੱਧਾ ਹੀ ਹੈ। ਉਸ ਨੇ ਬਾਦਸ਼ਾਹ ਨੂੰ ਖਬਰ ਦਿਤੀ ਕਿ ਗੋਤਾਖੋਰ ਲਿਜਾ ਕੇ ਸ਼ੀਘਰ ਹੀ ਹਾਰ ਕੱਢ ਲਵੋ ਕਿਉਂਕਿ ਮੈਂ ਤਾਂ ਬਹੁਤ ਗੋਤੇ ਮਾਰੇ ਹਨ ਪਰ ਮੇਰੇ ਹੱਥ ਵਿਚ ਹਾਰ ਨਹੀਂ ਆਇਆ, ਪਤਾ ਨਹੀਂ ਕੀ ਗੱਲ ਹੈ। ਰਾਜਾ ਨਦੀ ਦੇ ਕਿਨਾਰੇ ਆ ਕੇ ਗੋਤਾਖੋਰਾਂ ਕੋਲੋਂ ਗੋਤੇ ਮਰਵਾ ਰਿਹਾ ਹੈ ਪਰ ਕਿਸੇ ਦੇ ਹੱਥ ਵਿਚ ਹਾਰ ਨਹੀਂ ਆਇਆ। ਐਨੇ ਸਮੇਂ ਵਿਚ ਕੋਈ ਮਹਾਤਮਾ ਉਸ ਥਾਂ ਤੇ ਪਹੁੰਚ ਜਾਂਦੇ ਹਨ। ਰਾਜੇ ਨੂੰ ਪੁਛਣ ਤੇ ਪਤਾ ਲੱਗਿਆ ਕਿ ਹਾਰ ਦੀ ਤਲਾਸ਼ ਹੋ ਰਹੀ ਹੈ। ਉਸ ਵੇਲੇ ਮਹਾਂਪੁਰਸ਼ਾਂ ਨੇ ਪਾਣੀ ਤਲ ਤੇ ਪਏ ਹਾਰ ਨੂੰ ਦੇਖਿਆ ਅਤੇ ਜੋ ਦਰੱਖਤ ਕਿਨਾਰੇ ਖੜ੍ਹਾ ਸੀ, ਉਸ ਨੇ ਟਾਹਣੇ ਵਲ ਨਿਗ੍ਹਾ ਕੀਤੀ ਤਾਂ ਇਕ ਦਮ ਦੇਖ ਲਿਆ ਕਿ ਹਾਰ ਇੱਲ੍ਹ ਦੇ ਆਲ੍ਹਣੇ ਵਿਚ ਲਟਕ ਰਿਹਾ ਹੈ। ਉਸਦਾ ਪ੍ਰਤੀਬਿੰਬ ਪਾਣੀ ਵਿਚ ਪੈ ਰਿਹਾ ਹੈ। ਮਹਾਂਪੁਰਸ਼ਾਂ ਨੇ ਕਿਹਾ ਕਿ ਰਾਜਨ! ਕੋਈ ਹੁਸ਼ਿਆਰ ਜਿਹਾ ਬੰਦਾ ਦੇਵੋ ਜੋ ਦਰਖਤ ਤੇ ਚੜ੍ਹਨਾ ਜਾਣਦਾ ਹੋਵੇ। ਰਾਜੇ ਨੇ ਇਕ ਬੰਦਾ ਦੇ ਦਿਤਾ ਅਤੇ ਮਹਾਂਪੁਰਸ਼ਾਂ ਨੇ ਕਿਹਾ ਕਿ ਪ੍ਰੇਮੀਆ! ਇਸ ਦਰਖਤ ਤੇ ਚੜ੍ਹ ਜਾਹ, ਉਸ ਟਾਹਣੇ ਵਲ ਨਿਗ੍ਹਾ ਕਰ, ਜਿਸ ਉਤੇ ਇੱਲ੍ਹ ਦਾ ਆਲ੍ਹਣਾ ਹੈ। ਉਸ ਵਿਚ ਹਾਰ ਲਟਕ ਰਿਹਾ ਹੈ, ਉਹ ਲਾਹ ਕੇ ਲਿਆ। ਸਾਰੇ ਹੈਰਾਨ ਹੋ ਗਏ, ਉਹ ਹਾਰ ਲਾਹ ਕੇ ਲੈ ਆਇਆ। ਸੋ ਇਹ ਇਕ ਦ੍ਰਿਸ਼ਟਾਂਤ ਦੀ ਗੱਲ ਹੈ ਜਿਸ ਦਾ

ਸਮਾਧਾਨ ਇਸ ਤਰ੍ਹਾਂ ਹੁੰਦਾ ਹੈ ਕਿ ਸੰਸਾਰ ਸੰਸਾਰਕ ਵਿਸ਼ਿਆਂ, ਵਾਸ਼ਨਾਵਾਂ ਵਿਚੋਂ ਸੁਖ ਦੀ ਪ੍ਰਾਪਤੀ ਲੋਚਦਾ ਹੈ ਪਰ ਇਨ੍ਹਾਂ ਸਰੀਰਕ ਰਸਾਂ-ਕਸਾਂ ਵਿਚੋਂ ਸੁਖ ਪ੍ਰਾਪਤ ਨਹੀਂ ਹੁੰਦਾ ਤੇ ਸੁਖ ਮੰਗਣ ਸਮੇਂ ਦੁਖ ਹੀ ਅੱਗੇ ਆਉਂਦਾ ਹੈ। ਇਸ ਦੇ ਸਾਰੇ ਸਾਧਨ ਵਿਚਾਰ ਤੋਂ ਹੀਣੇ ਹੋਣ ਕਰਕੇ ਦੁਖ ਦੀ ਸੀਮਾ ਤਕ ਹੀ ਪਹੁੰਚਦੇ ਹਨ।

ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਸੁਖੁ ਨਾਹੀ ਬਹੁਤੈ ਧਨਿ ਖਾਟੇ॥*
*ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*
*ਸੁਖੁ ਨਾਹੀ ਬਹੁ ਦੇਸ ਕਮਾਏ।।*
*ਸਰਬ ਸੁਖਾ ਹਰਿ ਹਰਿ ਗੁਣ ਗਾਏ॥*
*ਅੰਗ - ੧੧੪੭*

*ਕਰਿ ਕਿਰਪਾ ਸੰਤਨ ਸਚੁ ਕਹਿਆ॥*
*ਸਰਬ ਸੂਖ ਇਹੁ ਆਨੰਦੁ ਲਹਿਆ॥*
*ਸਾਧ ਸੰਗਿ ਹਰਿ ਕੀਰਤਨੁ ਗਾਈਐ॥*
*ਕਹੁ ਨਾਨਕ ਵਡਭਾਗੀ ਪਾਈਐ॥ਅੰਗ - ੧੭੯*

ਸੋ ਦੁਖਾਂ ਦਾ ਖਾਤਮਾ ਪ੍ਰਭੂ ਨਾਮ ਦੀ ਪ੍ਰਾਪਤੀ ਹੋਣ ਤੇ ਹੁੰਦਾ ਹੈ, ਵਾਹਿਗੁਰੂ ਜੀ ਦੀ ਸਦੀਵੀ ਯਾਦ ਹਿਰਦੇ ਵਿਚ ਵਸਾਉਣ ਨਾਲ ਹੁੰਦਾ ਹੈ-

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥ ਅੰਗ - ੭੧੪*

ਸੋ ਮਹਾਰਾਜ ਜੀ ਸੰਸਾਰ ਨੂੰ ਦਸਦੇ ਹਨ ਕਿ ਸਾਰੇ ਸੰਸਾਰ ਵਿਚ ਖੋਜ ਕੇ ਦੇਖ ਲਿਆ ਗਿਆ ਹੈ ਕਿ ਪਦਾਰਥਾਂ ਦੀ ਪ੍ਰਾਪਤੀ ਨਾਲ ਕਦੇ ਵੀ ਦੁਖਾਂ ਦਾ ਖਾਤਮਾ ਨਹੀਂ ਹੋਇਆ ਕਰਦਾ। ਦੁਖਾਂ ਦਾ ਨਾਸ਼ ਉਦੋਂ ਹੀ ਹੁੰਦਾ ਹੈ ਜਦੋਂ ਪੂਰਨ ਸੁਖ ਪ੍ਰਾਪਤ ਹੋ ਜਾਵੇ, ਪੂਰਨ ਸੁਖ ਨਾਮ ਮੰਡਲ ਵਿਚ ਪ੍ਰਵੇਸ਼ ਕਰਨ ਨਾਲ ਹੁੰਦਾ ਹੈ। ਫੁਰਮਾਨ ਆਇਆ ਹੈ -

*ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥*
*ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥*
*ਅੰਗ - ੩੨੨*

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਵਿਸ਼ਿਆਂ ਨੂੰ ਮਾਨਣ ਵਿਚ ਸੁਖ ਦੀ ਪ੍ਰਾਪਤੀ ਕਦੇ ਹੋ ਹੀ ਨਹੀਂ ਸਕਦੀ। ਨਾ ਹੀ ਰਿਸ਼ਤੇਦਾਰਾਂ ਦੇ ਝੁਰਮਟ, ਨਾ ਹੀ ਮਾਇਆ ਦੇ ਅੰਬਾਰ ਦੁਖ ਦੂਰ ਕਰਨ ਨੂੰ ਸਮਰੱਥ ਹਨ। ਫੁਰਮਾਨ ਹੈ -

*ਪੁਤ੍ਰ ਕਲਤ੍ਰ ਲਛਮੀ ਮਾਇਆ॥*
*ਇਨ ਤੇ ਕਹੁ ਕਵਨੈ ਸੁਖੁ ਪਾਇਆ॥*
*ਅੰਗ - ੬੯੨*

ਹਰੀ ਦੇ ਸਿਮਰਨ ਕਰਨ ਨਾਲ ਸਾਰੇ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ ਅਤੇ ਹਰ ਥਾਂ ਸੁਖ ਹੀ ਸੁਖ ਪ੍ਰਾਪਤ ਹੁੰਦਾ ਹੈ -

*ਘਰ ਮਹਿ ਸੂਖ ਬਾਹਰਿ ਫੁਨਿ ਸੂਖਾ॥*
*ਹਰਿ ਸਿਮਰਤ ਸਗਲ ਬਿਨਾਸੇ ਦੂਖਾ॥*
*ਸਗਲ ਸੂਖ ਜਾਂ ਤੂੰ ਚਿਤਿ ਆਂਵੈਂ॥*
*ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ॥*
*ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ॥*
*ਹਰਿ ਹਰਿ ਜਪਤ ਢਹੈ ਦੁਖ ਡੇਰਾ॥*
*ਹੁਕਮੁ ਬੂਝੈ ਸੋਈ ਪਰਵਾਨੁ॥*
*ਸਾਚੁ ਸਬਦੁ ਜਾ ਕਾ ਨੀਸਾਨੁ॥*
*ਗੁਰ ਪੂਰੈ ਹਰਿ ਨਾਮੁ ਦ੍ਰਿੜਾਇਆ॥*
*ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ॥*
*ਅੰਗ - ੩੮੫*

ਅਤੇ ਇਸ ਤਰ੍ਹਾਂ ਵੀ ਫੁਰਮਾਨ ਆਉਂਦਾ ਹੈ -

*ਕਬੀਰ ਸੂਖੁ ਨ ਏਂਹ ਜੁਗਿ*
*ਕਰਹਿ ਜੁ ਬਹੁਤੈ ਮੀਤ॥*
*ਜੋ ਚਿਤੁ ਰਾਖਹਿ ਏਕ ਸਿਉ*
*ਤੇ ਸੁਖੁ ਪਾਵਹਿ ਨੀਤ॥ ਅੰਗ - ੧੩੬੫*

ਸੋ ਅਸਾਨੂੰ ਇਸ ਗੱਲ ਦਾ ਵੇਰਵੇ ਸਹਿਤ ਗਿਆਨ ਹੋ ਗਿਆ ਕਿ ਸੁਖ ਪ੍ਰਾਪਤ ਕਰਨ ਲਈ ਅਸਾਨੂੰ ਨਾਮ ਵਲ ਕਦਮ ਵਧਾਉਣੇ ਪੈਣਗੇ। ਜਿਉਂ-ਜਿਉਂ ਨਾਮ ਅੰਦਰ ਪ੍ਰਗਟ ਹੁੰਦਾ ਜਾਵੇਗਾ, ਤਿਉਂ-ਤਿਉਂ ਦੁਖਾਂ ਨੂੰ ਅਸੀਂ ਪੈਰਾਂ ਥੱਲੇ ਦਲਦੇ (ਮਸਲਦੇ) ਚਲੇ ਜਾਵਾਂਗੇ। ਸੋ ਇਸ ਕਰਕੇ ਸਤਿ ਦੇ ਆਸਣ ਤਕ ਪਹੁੰਚਣ ਲਈ ਦੁਖ ਦਾ ਜੋ ਦਰਵਾਜ਼ਾ ਹੈ ਉਹ ਨਾਮ ਮੰਡਲ ਵਿਚ ਪ੍ਰਵੇਸ਼ ਕਰਨ ਨਾਲ ਲੰਘਿਆ ਜਾ ਸਕਦਾ ਹੈ। ਜੋ ਕ੍ਰੋਧ ਹੈ ਜਿਸ ਨੂੰ ਮਹਾਰਾਜ ਜੀ ਨੇ ਰੋਹ ਆਖਿਆ ਹੈ, ਗੁਰੂ ਦਾ ਸ਼ਬਦ ਜਦੋਂ ਪ੍ਰਾਪਤ ਹੋ ਗਿਆ ਉਸ ਵੇਲੇ ਇਕੱਲਾ ਕ੍ਰੋਧ ਕੀ ਇਸ ਦੇ ਸਾਥੀ - ਕਾਮ, ਲੋਭ ਸਾਰਿਆਂ ਦਾ ਖਾਤਮਾ ਹੋ ਜਾਇਆ ਕਰਦਾ ਹੈ ਕਿਉਂਕਿ ਕ੍ਰੋਧ ਦਾ ਵਿਰੋਧੀ ਤੱਤ ਨਾਮ ਹੈ। ਨਾਮ ਤੋਂ ਸ਼ਾਂਤੀ ਪ੍ਰਾਪਤ ਹੁੰਦੀ ਹੈ। ਜਦੋਂ ਨਾਮ ਮਨ ਵਿਚ ਵਸ ਗਿਆ ਤਾਂ ਸ਼ਾਂਤੀ ਪ੍ਰਾਪਤ ਹੁੰਦੀ ਹੈ। ਸ਼ਾਂਤੀ ਦੇ ਅੱਗੇ ਕ੍ਰੋਧ ਦਾ ਵਸ ਨਹੀਂ ਚਲਦਾ। ਸ਼ਾਂਤੀ ਸ਼ਰਧਾ ਦੀ ਪੁਤਰੀ ਹੈ। ਇਸ ਦੀ ਮਦਦ ਕਰਨ ਲਈ ਭਗਤੀ ਹੈ। ਜਦੋਂ ਭਗਤੀ, ਸ਼ਰਧਾ ਅਤੇ ਸ਼ਾਂਤੀ ਦੀ ਪ੍ਰਾਪਤੀ ਹੋ ਜਾਵੇ ਤਾਂ ਕ੍ਰੋਧ ਦਾ ਨਾਮ ਨਿਸ਼ਾਨ ਮਿਟ ਜਾਇਆ ਕਰਦਾ ਹੈ। ਇਸ ਤਰ੍ਹਾਂ ਕ੍ਰੋਧ ਨੂੰ ਵਸੀਭੂਤ ਕਰਕੇ ਅਸੀਂ ਆਸਾ ਤੇ ਅੰਦੇਸਿਆਂ ਦੇ ਬਜਰ ਖੋਲ੍ਹਣ ਲਈ ਉਤਸੁਕ ਹੁੰਦੇ ਹਾਂ।

*ਚਲਦਾ....'।*

# ਸਤਿ ਸੰਗਤਿ ਮਿਲੈ ਸੁ ਤਰਿਆ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-34)*

ਮਹਾਰਾਜ ਕਹਿੰਦੇ -

*ਬਾਲਮੀਕੈ ਹੋਆ ਸਾਧਸੰਗੁ ॥*
*ਧ੍ਰੂ ਕਉ ਮਿਲਿਆ ਹਰਿ ਨਿਸੰਗ ॥* *ਅੰਗ- ੧੧੯੨*

ਸੰਗਤ ਦਾ ਮਹਾਤਮ ਹੈ, ਵੱਡੇ-ਵੱਡੇ ਪਾਪੀ ਸੰਗਤ ਵਿਚ ਆ ਕੇ ਤਰ ਜਾਇਆ ਕਰਦੇ ਹਨ ਕਿਉਂਕਿ ਸਤਿਸੰਗ ਦੇ ਅੰਦਰ ਗੁਪਤ ਰੂਪ ਦੇ ਵਿਚ ਵਾਹਿਗੁਰੂ ਜੀ ਵਰਤਿਆ ਕਰਦੇ ਹਨ। ਇਕ ਸਾਖੀ ਆਉਂਦੀ ਹੈ, ਹਰੀਚੰਦ ਰਾਜੇ ਦੀ ਕਿ ਉਹ ਬਹੁਤ ਵੱਡਾ ਦਾਨੀ ਸੀ। ਪਹਿਲਾਂ ਨਹੀਂ ਸੀ ਇਸ ਤਰ੍ਹਾਂ ਦਾ। ਪਹਿਲਾਂ ਉਹ ਇਕ ਨਾਸਤਕ ਵਿਗੜਿਆ ਹੋਇਆ ਨੌਜਵਾਨ ਸੀ। ਵਿਸ਼ੇ-ਵਿਕਾਰਾਂ 'ਚ ਪਿਆ ਹੋਇਆ। ਮਾੜੀਆਂ ਗੱਲਾਂ ਵਿਚ ਪਿਆ ਹੋਇਆ। ਸਤਿਸੰਗ ਤੇ ਸਾਧੂਆਂ ਦੇ ਇਕ ਦਮ ਖਿਲਾਫ਼ ਸੀ ਕਿ ਇਹ ਲੋਕ ਐਵੇਂ ਲੋਕਾਂ ਨੂੰ ਧੋਖੇ ਦਿੰਦੇ ਫਿਰਦੇ ਨੇ। ਸਮਾਂ ਹੁੰਦਾ ਹੈ। ਸਮੇਂ ਦੇ ਅੰਦਰ ਐਸੀਆਂ ਵਿਚਾਰਾਂ ਆ ਜਾਂਦੀਆਂ ਨੇ। ਸਾਧੂ ਤਾਂ ਉਥੇ ਹੀ ਰਹਿੰਦੇ ਨੇ ਉਹ ਨਹੀਂ ਬਦਲਿਆ ਕਰਦੇ, ਉਹ ਉਸੇ ਤਰ੍ਹਾਂ ਚਲਦੇ ਨੇ। ਪਰ ਜਿਹੋ ਜਿਹਾ ਖਿਆਲਾਂ ਦਾ ਅਸਰ ਹੁੰਦੈ, ਸੰਸਾਰ ਬਦਲ ਜਾਇਆ ਕਰਦੈ। ਸੰਸਾਰ ਵਿਚ ਅਨੇਕ ਤਰ੍ਹਾਂ ਦੀਆਂ ਭਾਵਨਾਵਾਂ ਉਠਿਆ ਕਰਦੀਆਂ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਧੂਆਂ ਦੀ ਤਾਰੀਫ਼ ਕਰਦੇ ਨੇ। ਬਾਰ-ਬਾਰ ਫੁਰਮਾਨ ਕਰਦੇ ਨੇ ਕਿ ਸਾਧੂ ਦੀ ਸੰਗਤ ਤੋਂ ਬਗੈਰ ਭਵਜਲ ਪਾਰ ਨਹੀਂ ਹੋਣਾ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥*
*ਅੰਗ- ੭੪੭*

ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਸਮੇਂ ਦੇ ਹਿਸਾਬ ਨਾਲ ਇੱਕੋ ਰੱਟ ਲਾਈ ਜਾਂਦੇ ਨੇ ਕਿ ਜੀ ਭੱਠਾ ਬਹਾਅ ਦਿਤਾ ਸਿੱਖੀ ਦਾ ਸੰਤਾਂ ਨੇ। ਪਤਾ ਨਹੀਂ ਕਿਉਂ ਰਾਜਸੀ ਬਾਤਾਂ ਧਰਮ ਦੇ ਅੰਦਰ ਦਾਖਲ ਕਰਦੇ ਨੇ। ਸੰਤਾਂ ਨੇ ਜਿੰਨਾ ਕੁਛ ਕਰਕੇ ਸਿੱਖੀ ਨੂੰ ਪ੍ਰਫੁੱਲਤਾ ਰੱਖਿਐ, ਇਹਨਾਂ ਤੋਂ ਤਾਂ ਦੋ ਬੰਦੇ ਨਹੀਂ ਅੰਮ੍ਰਿਤ ਛਕਦੇ।

ਇਥੇ ਜਦੋਂ ਮੈਂ ਚੰਡੀਗੜ੍ਹ ਆਇਆ, ਸੁਭਾਅ ਮੇਰਾ ਖੁੱਲਾ ਸੀ, ਕਿਉਂਕਿ ਫਾਰਮ ਤੋਂ ਆਇਆ ਸੀ। ਖੁਲ੍ਹੀਆਂ ਗੱਲਾਂ ਕਰ ਲੈਂਦਾ ਸੀ। ਇਥੇ ਜਦੋਂ ਅਸੀਂ ਹਾਲ ਚਾਲ ਦੇਖਿਆ ਜਾ ਕੇ, ਬੀਬੀ ਜੀ ਨਾਲ ਸੀ ਤੁਹਾਡੇ ਮੇਰੇ। ਅਸੀਂ ਕਿਹਾ ਕਿ ਇਥੇ ਤਾਂ ਬਹੁਤ ਬੁਰਾ ਹਾਲ ਹੈ। ਚੰਡੀਗੜ੍ਹ ਸ਼ਹਿਰ ਹੋਵੇ ਤੇ ਆਲੇ-ਦੁਆਲੇ ਸਿੱਖੀ ਦਾ ਨਾਮ-ਨਿਸ਼ਾਨ ਵੀ ਨਾ ਹੋਵੇ। ਜਰਦੇ ਖਾਂਦੇ ਸੀ, ਕਾਗਜ਼ਾਂ ਵਾਂਗਣ ਹਿਲਦੇ ਸੀ ਜਵਾਨ ਇਥੋਂ ਦੇ। ਤਮਾਕੂ ਆਲੇ-ਦੁਆਲੇ ਬੀਜਿਆ ਜਾਂਦਾ, ਤਮਾਕੂ ਖਾਂਦੇ ਨੇ। ਮਨ ਵਿਚ ਖਿਆਲ ਆਇਆ ਕਿ ਇਥੇ ਕੁਛ ਹੋਣਾ ਚਾਹੀਦਾ ਹੈ। ਕੁਦਰਤੀ 28 ਸੈਕਟਰ ਦੇ ਵਿਚ ਮੀਟਿੰਗ ਸੀ। ਉਹ ਮੈਨੂੰ ਵੀ ਜਾਣਦਾ ਸੀ ਕੋਈ। ਕਹਿੰਦਾ ਜੀ ਮੀਟਿੰਗ ਹੈ, ਚੱਲੀਏ? ਮੈਂ ਕਿਹਾ, ਕਾਹਦੀ ਹੈ? ਕਹਿੰਦੇ, ਸਿੱਖੀ ਪ੍ਰਚਾਰ ਦੀ ਹੈ। ਮੈਂ ਕਿਹਾ, ਇਥੇ ਵੀ ਕੋਈ ਜਾਗ ਪਿਆ ਸਿੱਖੀ ਪ੍ਰਚਾਰ ਕਰਨ ਵਾਲਾ। ਕਹਿੰਦੇ, ਸਾਰਾ ਸ਼ਹਿਰ ਇਕੱਠਾ ਹੋ ਗਿਆ। ਸਾਰੇ ਜਿੰਨੇ ਵਿਸ਼ੇਸ਼ ਬੰਦੇ ਨੇ ਉਥੇ ਇਕੱਠੇ ਹੋਣੇ ਨੇ। ਮੈਂ ਵੀ ਚਲਿਆ ਗਿਆ। ਮੈਂ ਉਨ੍ਹਾਂ 'ਚ ਓਪਰਾ ਸੀ। ਪਰ ਮੈਂ ਜਾਣਦਾ ਵੀ ਸੀ ਬਹੁਤ ਸਾਰਿਆਂ ਨੂੰ। ਪਹਿਲਾਂ ਮੈਂ ਇਥੇ ਰਿਹਾ ਸੀ। ਉਹ ਗੱਲਾਂ ਕਰੀ ਗਏ। ਬਹੁਤ ਵਿਚਾਰਾਂ, ਉਠ-ਉਠ ਕੇ ਲੰਮੇ-ਲੰਮੇ ਲੈਕਚਰ, ਬਹੁਤ ਗੱਲਾਂ ਕਰੀਆਂ। ਇਸ ਤਰ੍ਹਾਂ ਹੋਏਗਾ ਪ੍ਰਚਾਰ। ਇਸ ਤਰ੍ਹਾਂ ਹੋ ਸਕਦੈ। ਉਹ ਮੈਨੂੰ ਵੀ ਕਹਿਣ ਲੱਗ ਗਿਆ, ਕਹਿੰਦੇ ਤੁਸੀਂ ਵੀ ਆਪਣੀ ਰਾਇ ਦੇਵੋ। ਵੱਡੇ-ਵੱਡੇ ਬੈਠੇ ਸੀ, ਗੁਰਨਾਮ ਸਿੰਘ ਵਾਸੂ, ਕਰਮ ਸਿੰਘ ਰਾਜੂ, ਜਸਟਿਸ ਸੀਗੇ ਹਰਬੰਸ ਸਿੰਘ। ਮੈਂ ਖੜ੍ਹਾ ਹੋਇਆ, ਮੈਂ ਕਿਹਾ ਕਿ ਮੈਂ ਗੱਲਾਂ ਤੁਹਾਡੀਆਂ ਬਹੁਤ ਦੇਰ ਦੀਆਂ ਸੁਣਦਾ ਹਾਂ। ਗੱਲਾਂ ਸੁਣ ਕੇ ਤਾਂ ਇਸ ਤਰ੍ਹਾਂ ਲਗਦੈ ਕਿ ਚੰਡੀਗੜ੍ਹ ਦਾ ਆਲਾ-ਦੁਆਲਾ ਬਸ ਹੁਣ ਸਿੱਖੀ 'ਚ ਆ ਹੀ ਗਿਆ। ਇਹ ਤਾਂ ਧਾਵਾ ਕਰਨ ਵਾਲੇ ਨੇ। ਸਾਰਾ ਪੰਜਾਬ ਹੀ ਸਿੱਖੀ 'ਚ ਆ ਜਾਏਗਾ। ਤੁਹਾਡੀਆਂ ਗੱਲਾਂ ਐਨੀਆਂ ਹੌਂਸਲਾ ਦੇਣ ਵਾਲੀਆਂ ਨੇ। ਪਰ ਇਕ ਗੱਲ ਜੇ ਮੈਂ ਕਹਿ ਦੇਵਾਂ, ਗੁੱਸਾ ਨਾ ਕਰਿਓ। ਮੈਂ ਕਿਹਾ, ਕਹਿ ਦੇਵਾਂ? ਕਹਿੰਦੇ, ਕਹਿ ਦਿਓ। ਮੈਂ ਕਿਹਾ, ਤੁਹਾਡਾ ਜਿਹੜਾ ਪ੍ਰਚਾਰ ਹੈ ਨਾ ਇਹ dining table (ਖਾਣ-ਪੀਣ) ਦੇ ਆਲੇ-ਦੁਆਲੇ ਹੈ। ਇਸ ਤੋਂ ਅੱਗੇ ਨਹੀਂ ਲੰਘਣਾ। ਇਹਦੇ ਉਤੇ ਤੁਸੀਂ ਗੱਲਾਂ ਕਰ ਲਈਆਂ। ਔਹ ਟੇਬਲ ਪਏ ਨੇ, ਹੁਣੇ ਬਰਫੀ ਆ ਜਾਣੀ ਹੈ, ਕੌਫੀ ਆ ਜਾਣੀ ਹੈ। ਪੀ ਕੇ ਘਰਾਂ ਨੂੰ ਚਲੇ ਜਾਣੈ। ਪ੍ਰਚਾਰ ਹੋ ਗਿਆ ਜਿਹੜਾ ਹੋਣਾ ਸੀ, ਬਸ ਇਥੇ ਹੀ ਖਤਮ ਹੈ। ਕਹਿੰਦੇ, ਹੋਰ ਕਿਵੇਂ ਹੁੰਦੈ ਪ੍ਰਚਾਰ? ਤੁਸੀਂ ਦੱਸੋ?

ਮੈਂ ਕਿਹਾ, ਮੈਂ ਯੂ.ਪੀ ਤੋਂ ਆਇਆ ਹਾਂ। ਉਥੇ ਜਿਹੜੇ ਲੋਕ ਸੀ ਉਹ hitman (ਬੰਦੇ ਮਾਰਨ) ਤੇ cattle lifter (ਜਾਨਵਰ ਚੁਰਾਉਣ ਵਾਲੇ) ਜ਼ਿਆਦਾ ਸੀ। ਸ਼ਰਾਬ ਬਹੁਤੀ ਹੀ ਪੀਂਦੇ ਸੀ। ਉਹਨਾਂ ਦੇ ਵਿਚ ਜਾ ਕੇ ਅਸੀਂ ਸੰਦੇਸ਼ਾ ਦਿਤਾ। ਉਹ ਹਟ ਗਏ ਕਿਉਂਕਿ ਉਹਨਾਂ ਨੂੰ ਸਮਝਾਉਣ ਵਾਲਾ ਕੋਈ ਨਹੀਂ ਸੀ। ਹੁਣ ਜਾ ਕੇ ਦੇਖ ਲਓ ਹੁਣ ਸਿੱਖੀ ਸਾਰਿਆਂ ਨਾਲੋਂ ਜ਼ਿਆਦਾ ਯੂ.ਪੀ ਵਿਚ ਹੈ। ਮੈਂ ਕਿਹਾ, ਅਸੀਂ ਸਿੱਧੀਆਂ ਧਾਰਨਾ ਦਾ ਕੀਰਤਨ ਕਰਦੇ ਸੀ। ਕਹਿੰਦੇ, ਇਥੇ ਤਾਂ ਕਿਸੇ ਨੇ ਸੁਣਨੀ ਨਹੀਂ ਸਿੱਧੀ ਧਾਰਨਾ। ਮੈਂ ਕਿਹਾ, ਉਹ ਤਾਂ ਗੱਲ ਬਾਅਦ ਵਿਚ ਹੈ। ਕਹਿੰਦੇ, ਯੂ.ਪੀ 'ਚ ਕੋਈ ਹੈ ਨਹੀਂ ਸੀ ਤਾਂ ਤੁਹਾਨੂੰ ਸੁਣਦੇ ਸੀ। ਇਥੇ ਤਾਂ ਬਹੁਤ ਦੁਨੀਆਂ ਹੈ। ਕਿਸ ਤਰ੍ਹਾਂ ਤੁਸੀਂ ਕਰ ਲਓਗੇ? ਮੈਂ ਕਿਹਾ ਤੁਸੀਂ ਇਸ ਤਰ੍ਹਾਂ ਕਰੋ, ਆਹ ਸਿੱਧੀ ਧਾਰਨਾ, ਅਸੀਂ ਵਿੰਗੀ ਧਾਰਨਾ ਕਹਿੰਦੇ ਹਾਂ ਦੂਜੀ ਨੂੰ। ਮਹਾਰਾਜ! ਬਾਹਰ ਪ੍ਰਕਾਸ਼ ਕਰੇ ਹੋਏ ਨੇ। ਮੈਂ ਇਹਨਾਂ ਤੋਂ ਡਰ ਕੇ ਬਾਤ ਕਰਦਾ ਹਾਂ ਕਿ 20 ਪਿੰਡ ਤਾਂ ਮੈਨੂੰ ਦੇ ਦਿਓ, worst (ਅਤਿ ਪਛੜੇ) ਜਿਹੜੇ ਤੁਹਾਡੇ ਇਲਾਕੇ 'ਚ ਹੈਗੇ। ਜਿਨ੍ਹਾਂ ਦਾ ਕੋਈ ਵੀ ਹੱਲ ਨਹੀਂ ਹੁੰਦਾ। ਉਹ 20 ਪਿੰਡ ਮੈਨੂੰ ਇਕੱਲੇ ਨੂੰ ਦੇ ਦਿਓ ਤੇ ਤੁਸੀਂ ਸਾਰੇ ਵਿੰਗੀਆਂ ਧਾਰਨਾ ਵਾਲੇ 20 ਪਿੰਡ ਲੈ ਲਓ। ਇਕ ਬੰਦੇ ਨੂੰ ਇਕ ਆ ਗਿਆ। ਤਿੰਨ ਮਹੀਨੇ ਦਾ ਸਮਾਂ ਮੇਰੇ ਕੋਲ। ਉਸ ਤੋਂ ਬਾਅਦ ਦੇਖ ਲਓ ਕਿ ਨਤੀਜਾ ਕਿਸ ਦਾ ਨਿਕਲੇਗਾ ਚੰਗਾ। ਮੈਂ ਕਿਹਾ, ਉਠੋ ਕੋਈ, challenge accept (ਵੰਗਾਰ ਪ੍ਰਵਾਨ) ਕਰੋ। ਡਾ. ਜਗਜੀਤ ਸਿੰਘ ਬੈਠੇ ਸੀ ਵਿਚ। ਜਦੋਂ ਇਹ ਜਵਾਨ ਜਿਹੇ ਸੀ। ਇਹ ਉੱਠ ਖੜ੍ਹੇ ਕਿ ਜਦ ਸਾਨੂੰ ਇਕੱਲਾ ਬੰਦਾ ਚੈਲੰਜ ਦਿੰਦੈ, ਸਾਰੇ ਸ਼ਹਿਰ ਨੂੰ, ਤੁਸੀਂ ਉਠਦੇ ਕਿਉਂ ਨਹੀਂ ਹੋ? ਕੋਈ ਹਾਂ ਹੀ ਨਾ ਕਰੇ, ਨੀਵੀਆਂ ਪਾਈ ਬੈਠੇ। ਮੈਂ ਕਿਹਾ, ਤੁਸੀਂ ਹੁਣੇ ਪੰਜ-ਪੰਜ ਹਜ਼ਾਰ ਰੁਪਿਆ ਲਿਐ ਇਕੱਲੇ-ਇਕੱਲੇ ਤੋਂ ਕਿ ਪ੍ਰਚਾਰ ਕਰਨੈ। ਉਹ ਲਾਓਂਗੇ ਕਾਹਦੇ ਉਤੇ ਤੁਸੀਂ? ਕਾਹਦਾ ਤੁਸੀਂ ਪ੍ਰਚਾਰ ਕਰੋਂਗੇ? ਤੁਹਾਨੂੰ ਤਾਂ ਆਪਣੇ ਕੰਮਾਂ 'ਚੋਂ ਹੀ ਵਿਹਲ ਨਹੀਂ। ਜੇ ਤੁਸੀਂ ਨੌਕਰ ਰੱਖੋਂਗੇ, ਉਹਨਾਂ ਨੇ ਕੁਛ ਨਹੀਂ ਕਰਨਾ। ਬਥੇਰਾ ਮੈਂ ਕਿਹਾ ਕਿ ਤੁਸੀਂ ਉੱਠੋ, ਕਰੋ ਕੁਛ। ਇਕ ਵੀ ਨਾ ਉਠਿਆ। ਨਤੀਜਾ ਕੀ ਹੋਇਆ, ਚਾਹ ਪਾਣੀ ਪੀਤਾ ਸਾਰਿਆਂ ਨੇ, ਘਰਾਂ ਨੂੰ ਚਲੇ ਗਏ। ਮੁੜ ਕੇ ਗੱਲ ਹੋਈ ਹੀ ਨਹੀਂ।

ਅਸੀਂ ਇਥੇ ਤੁਰ ਪਏ। ਜਾ ਕੇ ਤਜਰਬਾ ਕਰਿਆ ਕਿ ਲੋਕ ਕਿਹੋ ਜਿਹੇ ਨੇ, ਸੁਣਨਗੇ ਨਹੀਂ ਸੁਣਨਗੇ। ਪਹਿਲਾਂ ਹੀ ਸਾਰੰਗਪੁਰ ਦੇ ਗੁਰਦੁਆਰੇ 'ਚ ਅਸੀਂ ਬਹਿ ਗਏ, ਬੀਬੀ ਜੀ ਸੀ, ਮੈਂ ਸੀ ਤੇ ਇਕ ਢੋਲਕੀ ਵਾਲਾ ਮੈਂ ਕਿਰਾਏ 'ਤੇ ਲੈ ਗਿਆ। ਐਨੇ ਨੂੰ ਜਦੋਂ ਭੋਗ ਪੈ ਗਿਆ। ਪੂਰੇ ਢਾਈ ਘੰਟੇ ਮੈਂ ਕੀਰਤਨ ਕਰਿਆ। ਸੁਣਨ ਵਾਲਾ ਇਕ ਵੀ ਨਾ। ਸੁਣਨ ਵਾਲੇ 3-4-5 ਸਾਲ ਦੇ ਜਵਾਕ। ਉਹ ਉਸੇ ਵੇਲੇ ਉਠ ਜਾਇਆ ਕਰਨ, ਮੈਂ ਕਿਹਾ ਬਹਿ ਜਾਓ, ਬਹਿ ਜਾਓ। ਚਲੋ, ਮੈਂ ਕਿਹਾ, ਸੁਣਿਆ ਤਾਂ ਸਹੀ, ਚਾਹੇ ਬੱਚਿਆਂ ਨੇ ਸੁਣ ਲਿਆ। ਆਪਾਂ ਕਿਹੜਾ ਪੈਸੇ ਲੈਣੇ ਨੇ। ਐਨੇ ਨੂੰ ਇਕ ਬ੍ਰਾਹਮਣ ਆਇਆ। ਦੋ ਰੁਪਏ ਉਂਗਲਾਂ 'ਚ ਫੜੇ ਹੋਏ, ਹੱਥ ਉਪਰ ਨੂੰ ਕਰਦਾ ਆਵੇ। ਬਿਰਧ ਸੀ। ਮੈਨੂੰ ਆ ਕੇ ਕਹਿੰਦਾ, ਗਾਉਂਦਾ ਕਿਹੜਾ ਸੀ?

ਮੈਂ ਕਿਹਾ, ਕੀ ਗੱਲ ਬਾਬਾ? ਕਹਿੰਦਾ, ਮੈਂ ਪੈਸੇ ਦੇਣੇ ਨੇ ਦੋ ਰੁਪਏ। ਮੈਂ ਕਿਹਾ, ਔਹ ਗਾਉਂਦਾ ਸੀ, ਢੋਲਕੀ ਵਾਲੇ ਨੂੰ ਕਹਿ ਦਿਤਾ। ਕਹਿੰਦਾ, ਇਹ ਤਾਂ ਨਹੀਂ ਸੀ ਗਾਉਂਦਾ। ਐਨੇ ਨੂੰ ਉਹਨੇ ਬੀਬੀ ਨੂੰ ਦੇਖ ਲਿਆ। ਓਹਦੀ ਭਾਵਨਾ ਐਸੀ ਜਾਗੀ ਕਹਿੰਦਾ ਇਹ ਤਾਂ ਸੀਤਾ ਜੀ ਬੈਠੇ ਨੇ। ਮੇਰੇ ਕੱਪੜੇ ਟਾਈ ਵਗੈਰਾ ਲੱਗੀ ਹੋਈ ਹੁੰਦੀ ਸੀ। ਮੈਂ ਕਿਹਾ, ਬਾਬਾ! ਇਥੇ ਬੰਦੇ ਹੈਗੇ? ਮੈਂ ਕਿਹਾ, ਉਹ ਦੀਵਾਨ 'ਚ ਨਹੀਂ ਆਏ? ਕਹਿੰਦਾ, ਸਾਰੇ ਆਏ ਹੋਏ ਨੇ, ਪਿੰਡ 'ਚ ਇਕ ਬੰਦਾ ਨਹੀਂ। ਕਹਿੰਦਾ, ਉਹ ਪਿੱਪਲਾਂ ਥੱਲੇ ਬੈਠੇ ਨੇ। ਮੈਂ ਕਿਹਾ, ਬੀਬੀਆਂ? ਕਹਿੰਦਾ, ਕੁਛ ਮਨੇਰਿਆਂ 'ਤੇ ਬੈਠੀਆਂ ਨੇ, ਕੁਛ ਗੁਰਦੁਆਰੇ ਦੇ ਪਿੱਛੇ ਬੈਠੀਆਂ ਨੇ। ਮੈਨੂੰ ਤੂੰ ਦੋ ਰੁਪਏ ਕਿਉਂ ਦੇਣ ਆਇਐਂ? ਕਹਿੰਦਾ, ਮੈਂ ਦੋ ਰੁਪਏ ਨਹੀਂ ਦੇਣ ਆਇਆ? ਇਸ ਪਿੰਡ ਦੇ ਅੰਦਰ ਸੌ ਬ੍ਰਾਹਮਣ ਅਸੀਂ ਇਕੱਠੇ ਹੋਏ-ਹੋਏ ਹਾਂ। ਅਸੀਂ ਮੰਜਿਆਂ 'ਤੇ ਬੈਠ ਕੇ ਲਾਊਡ ਸਪੀਕਰ ਦੇ ਰਾਹੀਂ ਇਕ-ਇਕ ਅੱਖਰ ਤੁਹਾਡਾ ਸੁਣਿਆ ਹੈ ਤੇ ਮੈਨੂੰ ਪੰਚਾਇਤ ਨੇ ਦੋ ਰੁਪਏ ਦਿਤੇ ਨੇ ਕਿ ਜਾਹ, ਬ੍ਰਾਹਮਣਾਂ ਦੀ ਆਸ਼ੀਰਵਾਦ ਦੇ ਕੇ ਆ। ਇਹ ਇਥੇ ਕੰਮ ਸ਼ੁਰੂ ਕਰ ਲੈਣ। ਕਹਿੰਦੇ, ਪ੍ਰਭੂ ਜਿਹੜਾ ਹੈ ਉਹ ਸਹਾਇਤਾ ਕਰੇਗਾ।

ਮੈਂ ਕਿਹਾ, ਬਾਬਾ! ਧੰਨ ਭਾਗ। ਜੇ ਤੂੰ ਆਸ਼ੀਰਵਾਦ ਦੇਣ ਆਇਆ ਹੈਂ। ਕਹਿੰਦਾ, ਦੇਖੋ, ਤੁਸੀਂ ਕਰੀ ਹੈ ਰਾਮ ਦੇ ਨਾਮ ਦੀ ਮਹਿਮਾ। ਇਹਨੂੰ ਹਿੰਦੂਆਂ ਨੇ ਵੀ ਸੁਣਨੈ, ਮੁਸਲਮਾਨਾਂ ਨੇ ਵੀ ਸੁਣਨੈ, ਸਿੱਖਾਂ ਨੇ ਵੀ ਸੁਣਨੈ। ਸਿੱਖ ਤਾਂ ਕਹਿੰਦਾ ਇਥੇ ਹੈ ਨਹੀਂ, ਜੱਟ ਵਗੈਰਾ ਨੇ। ਉਹਦੇ ਨਾਲ ਫੇਰ ਕੀ ਹੋਇਆ, ਦੇਖ ਲਓ ਕਿੰਨਾ ਪ੍ਰਚਾਰ ਹੋਇਆ। 3 ਲੱਖ 75 ਹਜ਼ਾਰ ਬੰਦੇ ਨੇ ਅੰਮ੍ਰਿਤ ਛਕ ਲਿਆ। ਇਹ ਕਹਿ ਦਿੰਦੇ ਨੇ ਕਿ ਜੀ ਭੱਠਾ ਬਹਾਅ ਦਿਤਾ ਸੰਤਾਂ ਨੇ। ਪਤਾ ਨਹੀਂ ਸਮਝ ਨਹੀਂ ਆਉਂਦੀ ਜਾਂ ਕਮਿਊਨਿਸਟ ਲੋਕ ਅੱਗੇ ਆ ਗਏ। ਉਹ ਚਾਹੁੰਦੇ ਨੇ ਕਿ ਸੰਤ ਵੀ ਹਟ ਜਾਣ। ਫੇਰ ਇਨ੍ਹਾਂ ਨੂੰ ਜਿੱਥੋਂ ਕੱਢਿਐ ਉਥੇ ਹੀ ਚਲੇ ਜਾਣ। ਥੋੜ੍ਹੇ ਜਿਹੇ ਬੰਦੇ ਨੇ ਰੌਲਾ ਪਾਉਣ ਵਾਲੇ। ਉਹ ਸੰਤਾਂ ਨੂੰ ਨਿੰਦਦੇ ਨੇ। ਸੰਤਾਂ ਨੂੰ ਵੀ ਮੈਂ ਲੇਖ ਲਿਖਿਆ ਸੀ ਕਿ ਸੰਤ ਨਹੀਂ ਹਨ ਸਾਰੇ। ਮੈਨੂੰ ਤਾਂ ਸੰਤ ਕਹਿਓ ਨਾ ਭੁੱਲ ਕੇ ਵੀ। ਚਿੱਠੀਆਂ ਆਉਣ

ਲਗ ਗਈਆਂ ਕਿ ਮੈਨੂੰ ਨਾ ਕਹਿਓ। ਹੈਗੇ ਹੀ ਤੁਸੀਂ। ਬਾਕੀ ਜਿਹੜਾ ਹੈ ਨਾ ਰੌਲਾ ਗੌਲਾ ਜਿਹਾ ਬਹੁਤ ਆ ਗਿਆ, ਨਕਲੀ ਮਾਲ ਆ ਗਿਆ, ਉਸ ਤੋਂ ਉਹ ਵੀ ਤੰਗ ਨੇ, ਅਸੀਂ ਵੀ ਤੰਗ ਹਾਂ। ਪਰ ਜਿਹੜੀ ਸਚਾਈ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਿ ਸਾਧੂ ਦੀ ਸੰਗਤ ਬਿਨਾਂ ਲੰਘ ਨਹੀਂ ਸਕਦਾ ਆਦਮੀ। ਸਾਧੂ ਦੀ ਸੰਗਤ ਦੀ ਲੋੜ ਹੈ। ਬਹੁਤ ਮਿਸਾਲਾਂ ਦਿਤੀਆਂ ਨੇ। ਸਾਧੂਆਂ ਦੀ ਸੰਗਤ ਜਿਹਨੇ ਵੀ ਕੀਤੀ ਉਹ ਤਰਿਐ।

ਸੋ ਰਾਜਾ ਹਰੀਚੰਦ ਉਹ ਨਾਸਤਕ ਰਾਜਾ ਸੀ। ਉਹ ਐਨਾ ਨਾਸਤਕ ਸੀ ਕਿ ਉਹਨੇ ਹੁਕਮ ਕਰ ਦਿਤਾ ਕਿ ਮੇਰੇ ਰਾਜ ਦੇ ਅੰਦਰ ਕਿਤੇ ਵੀ ਸਤਿਸੰਗ ਨਾ ਹੋਵੇ। ਉਹ ਵੀ ਮਨ 'ਚ ਇਹੀ ਖਿਆਲ ਰਖਦਾ ਸੀ ਕਿ ਉਹ ਲੋਕਾਂ ਨੂੰ ਲੁੱਟ ਕੇ ਆਪਣਾ ਘਰ ਪੂਰਾ ਕਰਦੇ ਨੇ। ਇਹ ਨਹੀਂ ਮੈਂ ਹੋਣ ਦੇਣਾ। ਜਿਹੜੇ ਪ੍ਰੇਮੀ ਸੀ ਉਹ ਰਾਤਾਂ ਨੂੰ ਲੁਕ ਕੇ ਸਤਿਸੰਗ ਕਰਦੇ ਸੀ। ਸਤਿਸੰਗ ਉਸੇ ਤਰ੍ਹਾਂ ਚਲਦੇ ਰਹੇ ਲੇਕਿਨ ਜਦੋਂ ਸਾਰੇ ਸੁੱਤੇ ਹੁੰਦੇ ਉਸ ਵੇਲੇ ਸਤਿਸੰਗ ਹੁੰਦਾ। ਇਹਦੇ ਘਰ ਵਿਆਹੀ ਹੋਈ ਤਾਰਾ ਰਾਣੀ ਆ ਗਈ। ਇਹਦੇ ਪੇਕੇ ਜਿਹੜੇ ਸੀ ਉਹ ਸਾਧੂਆਂ ਦੇ ਸੰਗੀ, ਬਹੁਤ ਨਾਮ ਜਪਣ ਵਾਲੇ, ਦਾਨ ਕਰਨ ਵਾਲੇ, ਸੇਵਾ ਕਰਨ ਵਾਲੇ, ਇਹ ਜਿਸ ਵਕਤ ਇਥੇ ਆਈ, ਘਰ ਦਾ ਵਾਤਾਵਰਣ ਦੇਖਿਆ। ਕਲਜੁਗ ਤਾਂ ਆਉਣਾ ਦੁਆਪਰ ਯੁੱਗ ਲੰਘ ਕੇ, ਇਥੇ ਤਾਂ ਪਹਿਲਾਂ ਹੀ ਆ ਗਿਆ ਸਾਡੇ ਘਰ ਤੋਂ। ਉਹ ਬਹੁਤ ਤੰਗ ਹੋ ਗਈ। ਐਸੀ ਤੰਗ ਹੋਈ ਜੈਸੀ ਕਬੀਰ ਸਾਹਿਬ ਨੇ ਮਿਸਾਲ ਦਿਤੀ ਹੈ –

*ਧਾਰਨਾ – ਪਿਆਰੇ ਜੀ ਮਾਰੀ ਮੈਂ ਕੁਸੰਗ ਦੀ ਮਰਾਂ,*
*ਪਿਆਰੇ ਕੇਲੇ ਨਿਕਟ ਜਿਉਂ ਬੇਰ।*

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥*
*ਅੰਗ– ੧੩੬੯*

ਕੇਲਾ ਆਪਣੀ ਮੌਜ ਦੇ ਨਾਲ ਝੂਲਦੈ, ਜਾ ਕੇ ਬੇਰੀ ਦੇ ਕੰਡਿਆਂ 'ਚ ਫਸ ਜਾਂਦੈ। ਉਹਦੇ ਪੱਤੇ ਪਾੜ ਦਿੰਦੈ। ਐਸਾ ਹਾਲ, ਦਮ ਘੁਟ ਗਿਆ ਉਹਦਾ ਕਿ ਮੇਰਾ ਤਾਂ ਜਨਮ ਬਿਰਥਾ ਜਾ ਰਿਹੈ। ਕੈਸੇ ਘਰ ਵਿਚ ਆ ਗਈ ਮੈਂ। ਨਾਸਤਕ ਘਰ ਹੈ, ਪ੍ਰਮੇਸ਼ਰ ਦੇ ਪਿਆਰਿਆਂ ਨੂੰ ਇਕੱਠੇ ਨਹੀਂ ਹੋਣ ਦਿੰਦਾ। ਆਪਣੀ ਧੁਨ ਦੇ ਵਿਚ ਮਸਤ ਹੈ। ਬਹੁਤ ਯਤਨ ਕੀਤੇ ਲੇਕਿਨ ਕੋਈ ਵੀ ਚਾਰਾ ਨਾ ਚੱਲਿਆ ਕਿਉਂਕਿ ਸਭ ਤੋਂ ਚੰਗੀ ਚੀਜ਼ ਜਿਹੜੀ ਹੈ ਮਹਾਰਾਜ ਕਹਿੰਦੇ ਉਹ ਸਤਿਸੰਗ ਹੋਇਆ ਕਰਦੈ। ਸਾਧੂਆਂ ਦਾ ਸੰਗ। ਰਾਜ ਦੇ ਸੁਖ ਕਿੰਨੇ ਹੁੰਦੇ ਨੇ। ਅੰਦਾਜ਼ਾ ਲਾ ਲਓ, ਰਾਜਾ ਹੋਵੇ ਤਾਂ ਕਿੰਨੇ ਸੁਖ ਹੋਣਗੇ ਉਹਦੇ ਕੋਲ। ਮਹਾਰਾਜ ਕਹਿੰਦੇ, ਉਹ ਨਹੀਂ ਕੁਛ ਹੁੰਦੇ –

*ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ*
*ਨਚ ਮਿਸਟੰ ਸੁਖ ਮਾਇਆ ॥ ਅੰਗ– ੨੦੮*

ਅਨੇਕਾਂ ਕਿਸਮ ਦੇ ਭੋਗ ਕਰਕੇ ਵੀ ਉਹ ਮਿੱਠਾ ਨਹੀਂ ਹੋਇਆ ਕਰਦਾ। ਮਾਇਆ ਦੇ ਪ੍ਰਾਪਤ ਕੀਤੇ ਹੋਏ ਸੁਖ ਜਿਹੜੇ ਨੇ ਉਹ ਵੀ ਕੁਝ ਨਹੀਂ ਹੋਇਆ ਕਰਦੇ–

*ਮਿਸਟੰ ਸਾਧਸੰਗਿ ਹਰਿ*
*ਨਾਨਕ ਦਾਸ ਮਿਸਟੰ ਪ੍ਰਭ ਦਰਸਨੰ ॥ ਅੰਗ– ੨੦੮*

ਵਾਹਿਗੁਰੂ ਦੇ ਦਰਸ਼ਨ ਜਾਂ ਸਾਧੂਆਂ ਦੀ ਸੰਗਤ ਮਿੱਠੀ ਲੱਗਿਆ ਕਰਦੀ ਹੈ। ਵੱਡਿਆਂ ਭਾਗਾਂ ਵਾਲੇ ਨੇ ਜਿਨ੍ਹਾਂ ਨੂੰ ਸੰਗਤ ਪ੍ਰਾਪਤ ਹੁੰਦੀ ਹੈ –

*ਧਾਰਨਾ – ਸੇਈ ਵਡਭਾਗੇ ਜੀ,*
*ਸਾਧਸੰਗ ਜਿਨ ਪਾਇਆ।*
*ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ ॥*
*ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ ॥*
*ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥*
*ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥*
*ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥*
*ਅੰਗ – ੩੨੨*

ਵੱਡਿਆਂ ਭਾਗਾਂ ਵਾਲੇ ਨੇ ਜਿਨ੍ਹਾਂ ਨੂੰ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਜਾਂਦੀ ਹੈ। ਜੰਮਣਾ–ਮਰਨਾ ਉਹਨਾਂ ਦਾ ਖਤਮ ਹੋ ਜਾਂਦੈ। ਐਸਾ ਪ੍ਰਤਾਪ ਹੁੰਦੈ। ਪ੍ਰਵਾਨ ਹੋ ਜਾਂਦੇ ਨੇ ਜਿਉਂਦੇ–ਜਿਉਂਦੇ ਜਿਹੜੇ ਹਰੀ ਦੇ ਜਸ ਵਿਚ, ਕੀਰਤਨ ਵਿਚ ਜਾਗਦੇ ਨੇ – ***'ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ ॥ ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ ॥'*** ਬਾਕੀ ਜਿਹਨੂੰ ਨਾਮ ਵਿਸਰ ਜਾਂਦੈ, ਧਿਰਕਾਰ ਹੈ ਉਹਦੇ ਜੀਵਨ ਨੂੰ। ***'ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ॥ '*** ਗੰਗਾ ਦੇ ਲੱਖ ਵਾਰੀ ਇਸ਼ਨਾਨ ਕਰ ਲਓ, ਸਾਧੂ ਦੀ ਧੂੜ ਮਿਲ ਜਾਵੇ ਉਹ ਬਿਹਤਰ ਹੋਇਆ ਕਰਦੀ ਹੈ। ਐਨਾ ਮਹਾਤਮਾ ਗੁਰੂ ਮਹਾਰਾਜ ਨੇ ਪੂਰਨ ਮਹਾਂਪੁਰਸ਼ਾਂ ਦੀ ਸੰਗਤ ਦਾ ਦੱਸਿਆ ਹੈ ਸਾਨੂੰ। ਕਹਿੰਦੇ –

*ਜਨਮ ਜਨਮ ਕੀ ਹਉਮੈ ਮਲੁ ਲਾਗੀ*
*ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ ਅੰਗ– ੧੩੦੯*

ਸੰਗਤ ਵਿਚ ਮਿਲ ਕੇ ਮੈਲ ਲਹਿੰਦੀ ਹੈ ਹੋਰ ਕੋਈ ਤਰੀਕਾ ਨਹੀਂ ਹੈ।

ਸੋ ਇਸ ਤਰ੍ਹਾਂ ਦੇ ਨਾਲ ਰਾਣੀ ਸਤਿਸੰਗ ਤੋਂ ਵਾਂਝੀ ਹੋ ਗਈ। ਇਸ ਤਰ੍ਹਾਂ ਜਿਉਣਾ ਬਹੁਤ ਔਖਾ ਹੋ ਜਾਂਦੈ–

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*

*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ- ੭੦੮*

ਅਖੀਰ ਉਸ ਨੇ ਪੁੱਛਦੇ-ਪੁੱਛਦੇ, ਪਤਾ ਕਰ ਲਿਆ ਕਿ ਸਤਿਸੰਗ ਤਾਂ ਹੁੰਦਾ ਹੈ ਪਰ ਬਹੁਤ ਗੁਪਤ ਰੂਪ ਵਿਚ ਹੁੰਦੈ। ਸਾਰਾ ਪਤਾ ਕੱਢ ਲਿਆ। ਇਸ ਤਰ੍ਹਾਂ ਤਾਂ ਜੀਵਨ ਹੀ ਆਪਣਾ ਬਰਬਾਦ ਹੋ ਜਾਣੈ। ਸਤਿਸੰਗ ਨਾ ਮਿਲਿਆ ਤਾਂ ਜੀਵਨ ਕਿਸ ਕੰਮ। ਗੋਲੀ ਨੂੰ ਭੇਜ ਦਿਤਾ ਕਿ ਜਾਹ, ਚੰਗੀ ਤਰ੍ਹਾਂ ਰਸਤਾ ਦੇਖ ਕੇ ਆ। ਉਜਾੜ ਬੀਆਬਾਨ 'ਚ ਹੁੰਦੈ ਜਾਂ ਪਹਾੜ ਦੀਆਂ ਗੁਫਾਵਾਂ 'ਚ ਹੁੰਦੈ। ਕਿੱਥੇ ਹੁੰਦੈ। ਸੋ ਗੋਲੀ ਨੇ ਸਾਰਾ ਭੇਤ ਕੱਢ ਲਿਆ ਤੇ ਆ ਕੇ ਦਾਸੀ ਨੇ ਦੱਸਿਆ ਕਿ ਮਹਾਰਾਣੀ ਸਾਹਿਬਾ! ਸਤਿਸੰਗ ਤਾਂ ਹੁੰਦੈ, ਪਰ ਉਹ ਹੁੰਦਾ ਅੱਧੀ ਰਾਤ ਜਦੋਂ ਟੁੱਟ ਜਾਂਦੀ ਹੈ, ਉਸ ਵੇਲੇ ਸ਼ੁਰੂ ਹੋ ਜਾਂਦੈ, ਦੋ ਵਜੇ। ਪਹਿਰ ਰਾਤ ਸਤਿਸੰਗ ਹੋਣ ਤੋਂ ਬਾਅਦ ਸਾਰੇ ਆਪਣੇ-ਆਪਣੇ ਘਰਾਂ ਨੂੰ ਚਲੇ ਜਾਂਦੇ ਨੇ। ਉਸ ਵੇਲੇ ਕੋਈ ਵੀ ਜਾਗਦਾ ਨਹੀਂ ਹੁੰਦਾ। ਸਭ ਆਲਸ ਦੇ ਜੁਲੜ ਥੱਲੇ ਪਏ ਹੁੰਦੇ ਨੇ। ਬੜੀ ਮਨ ਵਿਚ ਖੁਸ਼ੀ ਆਈ ਤੇ ਨਾਲ ਮਨ ਵਿਚ ਖਿਆਲ ਹੋਇਆ ਕਿ ਜੇ ਮੈਂ ਰਾਜਾ ਜੀ ਨੂੰ ਪੁੱਛਿਆ ਤਾਂ ਇਹਨੇ ਤਾਂ ਇਨਕਾਰ ਕਰ ਦੇਣੈ। ਇਹ ਤਾਂ ਉਹਨਾਂ ਦਾ ਵੀ ਸਤਿਸੰਗ ਬੰਦ ਹੋ ਜਾਏਗਾ ਕਿ ਹੈਂ ਮੇਰਾ ਹੁਕਮ ਹੈ ਸਤਿਸੰਗ ਨਾ ਹੋਵੇ ਤੇ ਇਹ ਸਤਿਸੰਗ ਕਰਦੇ ਨੇ?

ਕਹਿਣ ਲੱਗੀ ਕਿ ਮੈਂ ਕੋਈ ਮਾੜਾ ਕੰਮ ਨਹੀਂ ਕਰ ਰਹੀ। ਸਤਿਸੰਗ ਤੋਂ ਬਗੈਰ ਮੈਂ ਜਿਉਂਦੀ ਨਹੀਂ ਰਹਿ ਸਕਦੀ।

ਸੋ ਦੂਸਰੇ ਦਿਨ ਸਤਿਸੰਗ ਵਾਸਤੇ ਜਾਂਦੀ ਹੈ। ਬੜਾ ਮਨ ਪ੍ਰਸੰਨ ਹੋਇਆ, ਚਿੱਤ ਲੱਗਿਆ। ਰੋਜ਼ ਜਾਣਾ ਸ਼ੁਰੂ ਕਰ ਦਿਤਾ ਤੇ ਉਹਦੇ ਬਾਰੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਪਿਆਰੇ ਜੀ! ਰਾਣੀ ਰਾਜੇ ਹਰੀ ਚੰਦ ਦੀ,*
*ਰਾਤੀਂ ਜਾਏ ਸੁਣੇ ਗੁਰਬਾਣੀ।*

*ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।*
*ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।*
*ਭਾਈ ਗੁਰਦਾਸ ਜੀ, ਵਾਰ ੧੦/੯*

ਰਾਜਾ ਸੌਂ ਜਾਂਦੈ। ਰਾਣੀ ਉਠਦੀ ਹੈ, ਉਠ ਕੇ ਇਸ਼ਨਾਨ ਕਰਦੀ ਹੈ। ਗੋਲੀ ਨੂੰ ਜਗਾਉਂਦੀ ਹੈ ਤੇ ਜੋ ਮਹਿਲਾਂ ਦਾ ਪਿਛਲਾ ਰਸਤਾ ਸੀ ਉਸ ਥਾਂ 'ਤੇ ਅਛੋਪਲੇ ਚਲੀ ਜਾਂਦੀ ਹੈ। ਹੌਲੀ-ਹੌਲੀ ਤੁਰ ਕੇ ਸਤਿਸੰਗ ਦੇ ਵਿਚ ਜਾ ਕੇ ਬਹਿ ਜਾਂਦੀ ਹੈ। ਸਤਿਸੰਗ ਦੇ ਵਿਚ ਹਰੀ ਦਾ ਜਸ ਹੁੰਦੈ। ਫੇਰ ਨਾਮ ਦਾ ਸਿਮਰਨ ਹੁੰਦੈ। ਇਕ ਮਾਹੌਲ ਹੈ ਜਿਹਦੇ ਬਾਰੇ ਮਹਾਰਾਜ ਕਹਿੰਦੇ ਨੇ ਕਿ -

*ਕਹੁ ਕਬੀਰ ਇਹ ਕਹੀਐ ਕਾਹਿ ॥*
*ਸਾਧਸੰਗਤਿ ਬੈਕੁੰਠੈ ਆਹਿ ॥* *ਅੰਗ- ੩੨੫*

ਬੈਕੁੰਠ ਵੀ ਉਹਦਾ ਮੁਕਾਬਲਾ ਨਹੀਂ ਕਰ ਸਕਦਾ। ਰਾਜਾ ਬੇਖਬਰ ਹੋ ਕੇ ਸੁੱਤਾ ਰਹਿੰਦੈ। ਇਕ ਦਿਨ ਐਸਾ ਹੋਇਆ ਕਿ ਜਾਗ ਆ ਗਈ ਇਸ ਨੂੰ। ਜਾਗ ਆਈ ਤਾਂ ਦੇਖਦੈ ਕਿ ਰਾਣੀ ਕਿੱਥੇ ਚਲੀ ਗਈ? ਪਤਾ ਨਹੀਂ ਲਗਦਾ। ਲੇਕਿਨ ਸੀ ਧੀਰਜ ਵਾਲਾ ਬਹੁਤ। ਕਹਿਣ ਲੱਗਿਆ, ਅੱਛਾ, ਪਤਾ ਕਰ ਲੈਂਦੇ ਹਾਂ। ਇਹ ਫੇਰ ਸੌਂ ਗਿਆ ਤੇ ਰਾਣੀ ਆ ਗਈ ਸਤਿਸੰਗ ਕਰਕੇ। ਦੂਸਰੇ ਦਿਨ ਇਹਨੇ ਇਰਾਦਾ ਕਰ ਲਿਆ ਕਿ ਮੈਂ ਦੇਖਾਂਗਾ ਕਿ ਕਿੱਥੇ ਜਾਂਦੀ ਹੈ। ਫੇਰ ਕੋਈ ਖਿਆਲ ਸੋਚਾਂਗਾ ਕਿ ਚੰਗੇ ਥਾਂ ਜਾਂਦੀ ਹੈ ਜਾਂ ਕਿਸੇ ਮਾੜੇ ਥਾਂ ਜਾਂਦੀ ਹੈ। ਦੂਜੇ ਦਿਨ ਪਿਆ ਰਿਹਾ। ਇਹਨੂੰ ਪਤਾ ਲਗ ਗਿਆ ਕਿ ਰਾਣੀ ਉਠੀ ਹੈ, ਉਸ ਵੇਲੇ ਅੱਧੀ ਰਾਤ ਮੁੱਕ ਚੁੱਕੀ ਸੀ, ਅੰਮ੍ਰਿਤ ਵੇਲਾ ਹੋ ਚੁਕਿਆ ਸੀ -

*ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।*
*ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ।*
*ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ।*
*ਭਾਈ ਗੁਰਦਾਸ ਜੀ, ਵਾਰ ੧੦/੯*

ਰਾਣੀ ਆਪਣਾ ਉਸੇ ਤਰ੍ਹਾਂ ਦੇ ਨਾਲ ਜਾ ਰਹੀ ਹੈ। ਕੋਈ ਖਬਰ ਨਹੀਂ। ਰਾਜੇ ਨੇ ਬੀਰ-ਯਾਤਰਾ ਵਾਲੀ ਵਰਦੀ ਪਾ ਲਈ। ਖਾਸ ਕਿਸਮ ਦੇ ਕੱਪੜੇ ਹੁੰਦੇ ਜਿਹਦੇ ਵਿਚ ਕੋਈ ਨਹੀਂ ਸੀ ਪਛਾਣ ਸਕਦਾ ਕਿ ਇਹ ਰਾਜਾ ਹੈ। ਪਿਛਲੇ ਜਿਹੜੇ ਸੀ, ਸੀ.ਆਈ.ਡੀ, ਗੁਪਤਚਰ ਤਾਂ ਉਹਨਾਂ ਦੇ ਹੁੰਦੇ ਸੀ। ਲੇਕਿਨ ਆਪ ਫਿਰ ਕੇ ਦੇਖਿਆ ਕਰਦੇ ਸੀ ਕਿ ਪਰਜਾ ਦਾ ਕੀ ਹਾਲ ਹੈ? ਸੁਖੀ ਹੈ ਦੁਖੀ ਹੈ। ਕੋਈ ਅਫ਼ਸਰ ਤਾਂ ਨਹੀਂ ਤੰਗ ਕਰਦੇ। ਕੋਈ ਜ਼ੋਰ ਵਾਲਾ ਬੰਦਾ ਤਾਂ ਨਹੀਂ ਤੰਗ ਕਰਦਾ। ਦਵਾਈਆਂ ਮਿਲਦੀਆਂ ਨੇ। ਹੋਰ ਸਹੂਲਤਾਂ ਮਿਲਦੀਆਂ ਨੇ। ਪਬਲਿਕ ਦੇ ਵਿਚ ਘੁੰਮ ਕੇ ਵੇਖਿਆ ਕਰਦੇ ਸੀ। ਲੇਕਿਨ ਵਰਦੀ ਐਸੀ ਹੁੰਦੀ ਬੀਰ ਯਾਤਰਾ ਦੀ ਕਿ ਕੋਈ ਪਛਾਣ ਨਹੀਂ ਸੀ ਸਕਦਾ ਕਿ ਰਾਜਾ ਹੈ ਕਿ ਕੌਣ ਹੈ। ਸੋ ਪਿੱਛੇ ਚੱਲ ਪਿਆ ਉਹਦੇ। ਰਾਣੀ ਸਤਿਸੰਗ ਵਿਚ ਜਾ ਕੇ ਬਹਿ ਗਈ। ਇਹਨੇ ਵੀ ਝਾਤੀ ਮਾਰੀ ਦੇਖਿਆ ਕਿ ਆਈ ਤਾਂ ਚੰਗੇ ਥਾਂ ਹੈ। ਉਸ ਵੇਲੇ ਕੀ ਦੇਖਦੈ ਕਿ ਸਾਰੇ ਜਿੰਨੇ ਬੈਠੇ ਨੇ ਕੋਈ ਉਂਘ ਨਹੀਂ, ਕੋਈ ਬੋਲ ਨਹੀਂ ਰਿਹਾ। ਸੁਰਤੀਆਂ ਟਿਕੀਆਂ ਹੋਈਆਂ ਨੇ ਸਾਰਿਆਂ ਦੀਆਂ, ਸਾਹ ਦੀ ਵੀ ਅਵਾਜ਼ ਨਹੀਂ ਆਉਂਦੀ। ਮਾਹੌਲ ਐਨਾ ਜ਼ਬਰਦਸਤ ਅਸਰ ਵਾਲਾ ਹੈ ਕਿ ਇਹਦੇ ਮਨ ਦੇ ਉਤੇ ਵੀ ਅਸਰ ਹੋਣ ਲੱਗ ਗਿਆ। ਸਾਰਿਆਂ ਦੀ ਰੀੜ੍ਹ ਦੀ ਹੱਡੀ ਸਿੱਧੀ ਹੈ, ਸਵਾਸ ਦੇ ਉਤੇ ਪੂਰਾ ਕੰਟਰੋਲ ਕਰਿਆ ਹੋਇਆ ਹੈ ਤੇ ਮਾਨੋ ਇਸ ਤਰ੍ਹਾਂ ਲਗਦੈ ਕਿ ਬਹੁਤ ਵੱਡੇ ਰਸ ਦੇ ਵਿਚ ਲੀਨ ਹੋਏ-ਹੋਏ ਨੇ ਤੇ ਉਹਦਾ

ਆਲੇ-ਦੁਆਲੇ ਦਾ ਕੋਈ ਕਿਸੇ ਨੂੰ ਪਤਾ ਨਹੀਂ ਲਗਦਾ। ਰਾਜਾ ਵੀ ਉਹਦੇ ਵਿਚ ਬੈਠ ਗਿਆ ਤੇ ਉਹਨਾਂ ਦੀ ਐਸੀ ਅਵਸਥਾ ਹੈ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਹਨ-

*ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,*
*ਸੋ ਰਸ ਸੋਈ ਜਾਣੈ।*

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ ॥* *ਅੰਗ- ੧੦੬*

ਨਾ ਸੰਸਾਰ ਦਾ ਪਤਾ ਹੈ, ਨਾ ਸਮੇਂ ਦਾ ਪਤਾ ਹੈ, ਐਸੀਆਂ ਬਿਰਤੀਆਂ ਰੁੜ੍ਹ ਹੋਈਆਂ-ਹੋਈਆਂ ਨੇ ਨਾਮ ਦੀ ਧੁਨ ਦੇ ਨਾਲ, ਮਾਨੋ ਬੈਕੁੰਠ ਦੇ ਵਿਚ ਦੇਵਤੇ ਬੈਠੇ ਨੇ। ਇਹ ਰਾਜਾ ਜਿਸ ਵਕਤ ਸਤਿਸੰਗ ਦੇ ਵਾਤਾਵਰਣ 'ਚ ਵੜਿਆ, ਪਹਿਲੇ ਦਿਨ ਦੇਖਿਆ ਕਿ ਇਥੇ ਤਾਂ ਬੇਅੰਤ ਸ਼ਾਂਤੀ ਹੈ ਤੇ ਕੋਈ ਨਹੀਂ ਹੈ ਜਿਹੜਾ ਅੱਖਾਂ ਖੋਲ੍ਹ ਕੇ ਦੇਖੇ, ਸਭ ਦੇ ਨੇਤਰ ਬੰਦ ਨੇ ਕਿਉਂਕਿ ਉਹ ਰਸ ਐਸਾ ਹੈ, ਮਹਾਰਾਜ ਕਹਿੰਦੇ ਉਹ ਛੱਡਿਆ ਨਹੀਂ ਜਾਇਆ ਕਰਦਾ ਤੇ ਬੇਮੁੱਲਾ ਹੈ। ਐਸਾ ਫੁਰਮਾਨ ਹੈ -

*ਧਾਰਨਾ - ਹਰਿ ਨਾਮ ਅਮੋਲਾ ਜੀ,*
*ਸੋ ਜਾਣੈ ਜਿਨਿ ਚਾਖਿਆ।*

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥*
*ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ ੧ ॥ ਰਹਾਉ ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ ੨ ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥ ੩ ॥*
*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥ ੪ ॥ ੩ ॥ ੩੩ ॥* *ਅੰਗ- ੮੦੯*

ਐਸਾ ਰੰਗ ਹੈ ਨਾਮ ਦਾ, ਇਕ ਵਾਰੀ ਚੜ੍ਹ ਜਾਵੇ-

*ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।* *ਜਨਮ ਸਾਖੀ*

ਫੇਰ ਨਹੀਂ ਉਤਰਿਆ ਕਰਦਾ -

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥* *ਅੰਗ- ੯੮੫*

*ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥*
*ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥*
*ਅੰਗ- ੧੩੭੯*

ਸੋ ਐਸੇ ਨਾਮ ਰਸ ਦੇ ਵਿਚ ਬਿਰਤੀਆਂ ਲੱਗੀਆਂ ਹੋਈਆਂ ਨੇ। ਸੁਰਤਾਂ ਚੜ੍ਹੀਆਂ ਹੋਈਆਂ ਨੇ। ਅੰਮ੍ਰਿਤ ਸਰੋਵਰ ਦੇ ਵਿਚ ਇਸ਼ਨਾਨ ਕਰ ਰਹੇ ਨੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ- ੨੯੩*

ਘਟ-ਘਟ ਦੇ ਵਿਚ ਵਿਆਪਕ ਪ੍ਰਮੇਸ਼ਰ ਨੂੰ ਅੰਦਰ ਵੀ ਦੇਖ ਰਹੇ ਨੇ, ਬਾਹਰ ਵੀ ਦੇਖ ਰਹੇ ਹਨ। ਆਪਣਾ ਆਪਾ ਲੀਨ ਕੀਤਾ ਹੋਇਆ ਹੈ। ਖਤਮ ਕੀਤਾ ਹੋਇਐ ਆਪਣਾ ਜੀਵਤ ਭਾਵ ਤੇ ਵਾਹਿਗੁਰੂ ਦੇ ਵਿਚ ਲੀਨ ਨੇ। ਇਕ ਪਾਸੇ ਬਹੁਤ ਹੀ ਧੀਮੀ ਅਵਾਜ਼ ਦੇ ਵਿਚ ਇਕ ਸਿਤਾਰ ਦੇ ਉਤੇ ਉਂਗਲੀ ਚੱਲ ਰਹੀ ਹੈ। ਉਹਦੇ ਨਾਲ ਧੁਨ ਨਿਕਲ ਰਹੀ ਹੈ। ਉਸ ਧੁਨ ਦੇ ਵਿਚ ਨਾਮ ਧੁਨ ਰਲਾ ਕੇ ਅੰਦਰ ਵੀ ਅਨਹਦ ਵਾਜੇ ਸੁਣਦੇ ਨੇ ਤੇ ਬਾਹਰੋਂ ਵੀ ਮਦਦ ਮਿਲ ਰਹੀ ਹੈ। ਇਸ ਤਰ੍ਹਾਂ ਜਦੋਂ ਰਾਜੇ ਨੇ ਦੇਖਿਆ। ਸਤਿਸੰਗ ਦਾ ਅਧਿਕਾਰੀ ਤਾਂ ਹੈ ਨਹੀਂ ਸੀ। ਪਰ ਉਹਨੇ ਦੇਖਿਆ ਕਿ ਇਹ ਤਾਂ ਗੱਲ ਬੜੀ ਕਮਾਲ ਦੀ ਹੈ। ਮੈਂ ਤਾਂ ਐਵੇਂ ਸਤਿਸੰਗ ਬੰਦ ਕਰ ਦਿਤੇ। ਇਹ ਤਾਂ ਠੱਗ ਨਹੀਂ ਹੈਗੇ। ਇਥੇ ਤਾਂ ਅਮਲੀ ਤੌਰ 'ਤੇ ਸਭ ਕੁਛ ਹੋ ਰਿਹੈ। ਰਾਣੀ ਦਾ ਆਉਣਾ ਠੀਕ ਹੈ ਪਰ ਇਕ ਗੱਲ ਦੀ ਮੈਨੂੰ ਨਰਾਜ਼ੀ ਹੈ, ਉਹ ਮੈਨੂੰ ਪੁੱਛ ਕੇ ਨਹੀਂ ਆਈ। ਆਪੇ ਹੀ ਕਹਿਣ ਲੱਗਿਆ ਕਿ ਜੇ ਉਹ ਪੁੱਛਦੀ ਤਾਂ ਮੈਂ ਇਜਾਜ਼ਤ ਨਹੀਂ ਸੀ ਦੇਣੀ। ਚੰਗਾ, ਐਨਾ ਜ਼ਰੂਰ ਪੁੱਛਾਗਾਂ ਕਿ ਤੂੰ ਬਗੈਰ ਪੁੱਛੇ ਕਿਉਂ ਗਈ? ਮੈਨੂੰ ਪੁੱਛ ਲੈਣਾ ਸੀ। ਉਸ ਵੇਲੇ ਰਾਣੀ ਬੈਠੀ ਹੈ ਸੰਗਤ ਵਿਚ। ਉਹ ਉੱਠਿਆ ਬਾਹਰ ਦੇਖਿਆ, ਜਿਥੇ ਰਾਣੀ ਨੇ ਆਪਣਾ ਜੋੜਾ ਖੋਲ੍ਹਿਆ ਹੋਇਆ ਸੀ, ਖੜਾਵਾਂ ਦਾ, ਉਹਦੇ ਵਿਚੋਂ ਇਕ ਚੁੱਕ ਲਈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਰਾਣੀ ਪਹੁੰਚ ਗਈ ਸੰਗਤ ਵਿਚ ਜਾ ਕੇ,*
*ਰਾਜੇ ਨੇ ਖੜਾਂਵ ਚੁੱਕ ਲਈ।*

*ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।*
*ਭਾਈ ਗੁਰਦਾਸ ਜੀ, ਵਾਰ ੧੦/੬*

ਉਠਿਆ, ਉੱਠ ਕੇ ਦੇਖਿਆ ਕਿ ਇਥੇ ਤਾਂ ਕੋਈ ਬੋਲਦਾ ਨਹੀਂ, ਕੋਈ ਹਿਲਦਾ ਨਹੀਂ, ਕੋਈ ਝਾਕਦਾ ਨਹੀਂ ਹੈ। ਸਾਹ ਲੈਂਦੇ ਵੀ ਨਹੀਂ ਸੁਣਦੇ, ਪਤਾ ਨਹੀਂ ਕਾਹਦੇ ਵਿਚ ਇਹ ਮਸਤ ਹੋਈਂ ਬੈਠੇ ਨੇ। ਕਿੱਡਾ ਕੁ ਉੱਚਾ ਇਹ ਰਸ ਹੋਏਗਾ। ਉਸ ਵੇਲੇ ਉਹਨੇ ਗੱਲਬਾਤ ਨੂੰ ਜਾਰੀ ਰੱਖਣ ਵਾਸਤੇ, ਰਾਣੀ ਤੋਂ ਮੈਂ ਪੁੱਛਾਂਗਾ ਕਿ ਖੜਾਂਵ ਕਿੱਥੇ ਹੈ ਜਿਹੜੀ ਤੋਹਫਾ ਦਿਤਾ ਸੀ ਮੈਂ ਤੈਨੂੰ ਸ਼ਾਦੀ ਵੇਲੇ। ਆਪੇ ਹੀ ਦੱਸੇਗੀ, ਫੇਰ ਮੈਂ ਪੁੱਛ ਲਵਾਂਗਾ ਇਸ ਤੋਂ। ਸੋ ਚਲਿਆ ਗਿਆ। ਲੇਕਿਨ ਸਤਿਸੰਗ ਦਾ ਅਸਰ ਉਹਦੇ ਮਨ ਉਤੇ ਹੋ ਗਿਆ। ਜਾਂਦਾ ਹੋਇਆ ਸੋਚਦਾ ਹੈ ਕਿ ਮਨਾ! ਐਵੇਂ ਹੀ ਸਮਾਂ ਬਤੀਤ ਕਰ ਲਿਆ, ਇਹ ਤਾਂ

ਬਹੁਤ ਵਧੀਆ ਚੀਜ਼ ਹੈ। ਦੇਖ ਮੈਂ ਥੋੜ੍ਹਾ ਜਿਹਾ ਹੀ ਚਿਰ ਬੈਠਿਆ ਹਾਂ। ਐਨਾ ਅਨੰਦ ਹੈ। ਨਾ ਇਹ ਪਹਿਲਾਂ ਵਿਸ਼ੇ-ਵਿਕਾਰਾਂ 'ਚੋਂ ਆਇਐ। ਨਾ ਇਹ ਸ਼ਰਾਬਾਂ-ਕਬਾਬਾਂ 'ਚੋਂ ਆਇਐ, ਨਾ ਇਹ ਰੰਗ-ਰਲੀਆ 'ਚੋਂ ਆਇਐ, ਨਾ ਇਹ ਸ਼ਿਕਾਰਾਂ 'ਚੋਂ, ਕਿਸੇ ਥਾਂ 'ਤੇ ਮੈਂ ਤਾਂ ਦੇਖਿਆ ਨਹੀਂ। ਕਿਤੇ ਸ਼ਾਂਤੀ ਹੁੰਦੀ ਹੀ ਨਹੀਂ। ਕਿਉਂਕਿ ਸ਼ਾਂਤੀ ਮਹਾਰਾਜ ਕਹਿੰਦੇ ਨਾਮ ਦੇ ਵਿਚ ਹੈ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ- ੭੦੭*

ਸਰ੍ਹੋਂ ਦੇ ਦਾਣੇ ਨੇ ਉਹਨਾਂ ਦੇ ਵਿਚ ਤੇਲ ਹੈ। ਸੂਰਜ ਮੁਖੀ ਦੇ ਬੀਜ ਨੇ ਉਹਨਾਂ ਵਿਚ ਤੇਲ ਹੈ। ਹੋਰ ਅਨਾਜ ਨੇ ਕਿਸੇ ਵਿਚ ਗੁਲੂਕੋਸ ਹੈ, ਕਿਸੇ 'ਚ ਕੋਈ ਹੋਰ ਤੱਤ ਹੈ, ਕਿਸੇ 'ਚ ਕੋਈ ਹੋਰ। ਜਿਹੜਾ ਸੁਖ ਹੈ ਉਹ ਪ੍ਰਮੇਸ਼ਰ ਨੇ ਨਾਮ ਦੇ ਵਿਚ ਰੱਖਿਆ ਹੋਇਐ -

*ਐਸਾ ਜਗੁ ਦੇਖਿਆ ਜੁਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ- ੨੨੨*

ਨਾਮ ਜਿਸ ਥਾਂ 'ਤੇ ਹੋਏਗਾ। ਉਹ ਮਹਾਨ ਸੁਖੀ ਹੁੰਦੈ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*
*ਅੰਗ- ੭੦੭*

ਸੁੱਖ ਜੋ ਹੈ ਇਹ ਕੇਵਲ ਨਾਮ ਵਿਚ ਰੱਖਿਆ ਹੈ ਪ੍ਰਮੇਸ਼ਰ ਨੇ। ਹੋਰ ਕਿਸੇ ਥਾਂ ਤੋਂ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਥੇ ਨਾਮ ਜਪਿਆ ਜਾਂਦੈ ਉਹ ਸਾਰਾ ਵਾਤਾਵਰਣ ਪਵਿੱਤਰ ਹੋ ਜਾਂਦੈ। ਮਹਾਂਪੁਰਸ਼ਾਂ ਨੂੰ ਪਤਾ ਹੁੰਦੈ ਕਿ ਇਸ ਥਾਂ ਦੇ ਉਤੇ ਕਿਸੇ ਨੇ ਨਾਮ ਜਪਿਆ ਹੈ ਕਿਉਂਕਿ ਉਥੇ ਦਾ ਵਾਤਾਵਰਣ ਜਿਹੜਾ ਹੈ ਉਹ ਉਸੇ ਤਰ੍ਹਾਂ ਕਾਇਮ ਰਹਿੰਦੈ। ਨਾਮ ਜਪਣ ਵਾਲਾ ਚਾਹੇ ਚਲਿਆ ਹੀ ਜਾਵੇ ਉਹ ਥਾਂ ਪਵਿੱਤਰ ਰਹਿੰਦੀ ਹੈ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ ਅੰਗ- ੩੧੯*

ਮਨ ਲਗਦੈ ਉਥੇ ਆ ਕੇ। ਚਿੱਤ ਦੀਆਂ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਨੇ। ਸੋ ਇਸ ਤਰ੍ਹਾਂ ਉਹਦੇ ਉਤੇ ਥੋੜ੍ਹਾ ਜਿਹਾ ਸਤਿਸੰਗ ਕਰਨ ਦਾ ਐਨਾ ਅਸਰ ਹੋਇਆ ਕਿ ਮਨ ਦੇ ਵਿਚ ਸ਼ਾਂਤੀ ਆ ਗਈ। ਸੋਚਦਾ ਜਾਂਦਾ ਹੈ ਕਿ ਥਾਂ ਤਾਂ ਬਹੁਤ ਚੰਗਾ ਹੈ। ਬੜਾ ਸੋਹਣਾ ਮਨ ਲੱਗਿਆ ਹੈ। ਮੈਂ ਤਾਂ ਪਹਿਲੇ ਦਿਨ ਸ਼ਾਂਤੀ ਦੇਖੀ ਹੈ। ਮੈਨੂੰ ਕੀ ਪਤੈ ਕਿ ਮੈਨੂੰ ਭੋਗਾਂ 'ਚ ਸ਼ਾਂਤੀ ਹੁੰਦੀ ਹੈ ਕਿ ਨਾਮ 'ਚ ਸ਼ਾਂਤੀ ਹੁੰਦੀ ਹੈ। ਘਰ ਚਲਿਆ ਗਿਆ, ਜਾ ਕੇ ਪੈ ਗਿਆ। ਇਧਰਲੇ ਪਾਸਿਓਂ ਸਤਿਸੰਗ ਦੀ ਸਮਾਪਤੀ ਹੁੰਦੀ ਹੈ। ਸਾਰੇ ਆਪਣੇ-ਆਪਣੇ ਘਰਾਂ ਨੂੰ ਜਾਣ ਨੂੰ ਤਿਆਰ ਹੁੰਦੇ ਨੇ। ਰਾਣੀ ਨੇ ਜਦੋਂ ਆ ਕੇ ਦੇਖਿਆ ਤਾਂ ਇਕ ਪੈਰ ਪਿਐ ਇਕ ਹੈ ਨਹੀਂ। ਮਨ ਵਿਚ ਬੜੀ ਹੈਰਾਨੀ ਹੋਈ ਕਿ ਇਕ ਪੈਰ ਨਹੀਂ ਹੈ। ਰਾਜਾ ਜੀ ਨੇ ਬੜੀ ਦੂਰ ਤੋਂ ਕਿਸੇ ਰਾਜੇ ਤੋਂ ਲੈ ਕੇ ਮੈਨੂੰ ਗਿਫਟ ਦਿਤਾ ਸੀ। ਮੇਰੇ ਕੋਲ ਹੁਣ ਇਕ ਪੈਰ ਹੈ ਜੇ ਉਹਨਾਂ ਨੇ ਮੈਨੂੰ ਪੁੱਛ ਲਿਆ ਤਾਂ ਮੈਂ ਕੀ ਕਹਾਂਗੀ। ਸਤਿਸੰਗ ਦੇ ਵਿਚ ਮੈਂ ਉਹਨਾਂ ਦੀ ਇਜਾਜ਼ਤ ਤੋਂ ਬਗੈਰ ਆਉਂਦੀ ਹਾਂ। ਸਮੱਸਿਆ ਖੜ੍ਹੀ ਹੋ ਗਈ। ਉਸੇ ਵੇਲੇ ਬੇਨਤੀ ਕਰਕੇ ਸੰਗਤ ਨੂੰ ਰੋਕ ਲਿਆ। ਕਹਿਣ ਲੱਗੀ, ਦੇਖੋ ਪਿਆਰਿਓ! ਮੈਂ ਵੀ ਸੰਗਤ 'ਚ ਆਉਂਦੀ ਹਾਂ, ਤੁਹਾਨੂੰ ਕਿਸੇ ਨੂੰ ਨਹੀਂ ਪਤਾ ਕਿ ਮੈਂ ਇਸ ਦੇਸ਼ ਦੇ ਰਾਜੇ ਦੀ ਪਟਰਾਣੀ ਹਾਂ। ਸੰਗਤ ਵਿਚ ਆਉਂਦੀ ਹਾਂ। ਇਥੇ ਨਾ ਕੋਈ ਰਾਜਾ ਹੈ ਨਾ ਕੋਈ ਰੰਕ ਹੈ, ਸਭ ਬਰਾਬਰ ਨੇ। ਨੀਵੀਂ ਹੋ ਕੇ ਮੈਂ ਆਉਂਦੀ ਹਾਂ। ਪਰ ਅੱਜ ਮੈਨੂੰ ਦਸਣਾ ਪਿਆ ਤੁਹਾਨੂੰ। ਕਿਉਂਕਿ ਰਾਜਾ ਜੀ ਨੇ ਮੈਨੂੰ ਇਕ ਖੜਾਂਵ ਲਿਆ ਕੇ ਦਿਤੀ ਸੀ। ਉਹ ਬਹੁਤ ਉਹਨਾਂ ਨੂੰ ਪਿਆਰੀ ਸੀ, ਬਹੁਤ ਵਾਰੀ ਇਹਦੀਆਂ ਗੱਲਾਂ ਕਰਦੇ ਰਹਿੰਦੇ। ਇਹਦੇ ਵਿਚ ਹੀਰੇ ਮੋਤੀ ਲੱਗੇ ਹੋਏ ਨੇ। ਝਿਲਮਿਲ-ਝਿਲਮਿਲ ਕਰਦੀ ਹੈ। ਮੇਰਾ ਇਕ ਪੈਰ ਨਹੀਂ ਹੁਣ ਲੱਭ ਰਿਹਾ। ਇਹਦੇ ਨਾਲ ਇਹ ਹੋਏਗਾ ਕਿ ਰਾਜਾ ਜੀ ਨੇ ਮੈਨੂੰ ਪੁੱਛਣਾ ਹੈ। ਮੇਰਾ ਸਤਿਸੰਗ ਬੰਦ ਹੋ ਜਾਣੈ। ਕਿਉਂਕਿ ਉਹ ਸਤਿਸੰਗ ਦੇ ਖਿਲਾਫ ਨੇ। ਉਹ ਨਹੀਂ ਆਉਣ ਦੇਣਾ ਚਾਹੁੰਦੇ। ਇਸ ਕਰਕੇ ਕੋਈ ਉਪਾਅ ਸੋਚੋ।

ਜਦੋਂ ਕੋਈ ਵੀ ਆਸਰਾ, ਕੋਈ ਵੀ ਜ਼ੋਰ ਨਾ ਚਲਦਾ ਹੋਵੇ, ਉਸ ਵੇਲੇ ਇਕ veeto power (ਸ਼ਕਤੀ) ਹੈ ਸਾਡੇ ਕੋਲ। ਉਹ ਹੈ ਕਿ ਅਸੀਂ ਪ੍ਰਮੇਸ਼ਰ ਦੇ ਅੱਗੇ ਅਰਦਾਸ ਕਰੀਏ। ਵਾਹਿਗੁਰੂ ਹਾਜ਼ਰ ਨਾਜ਼ਰ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਅੰਗ- ੬੭੭*

ਉਹਦੇ ਅੱਗੇ ਜਦੋਂ ਅਰਦਾਸ ਕੀਤੀ ਜਾਂਦੀ ਹੈ ਸੱਚੇ ਦਿਲ ਦੇ ਨਾਲ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਜਨ ਕੀ ਅਰਦਾਸ ਜੀ,*
*ਬਿਰਥੀ ਨਾ ਹੋਵੇ ਕਬਹੂੰ।*

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥*
*ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥*

*ਅੰਗ- ੮੧੯*

ਅਰਦਾਸ ਕੀਤੀ ਹੋਈ ਬਿਰਥੀ ਨਹੀਂ ਜਾਇਆ ਕਰਦੀ। ਲੇਕਿਨ ਅਰਦਾਸ ਕਰਨ ਦਾ ਖਾਸ ਅਸੂਲ ਹੋਇਆ ਕਰਦੈ। ਜਿਸ ਤਰ੍ਹਾਂ negative (ਨਾਂਹ ਪੱਖੀ) ਤੇ positive (ਹਾਂ-ਪੱਖੀ) ਦੀਆਂ ਤਾਰਾਂ ਜੁੜੇ ਤੋਂ ਬਗੈਰ ਰੋਸ਼ਨੀ ਨਹੀਂ ਹੁੰਦੀ। ਤਾਰਾਂ ਦੇ ਵਿਚ ਰੋਸ਼ਨੀ ਹੈ, ਬਿਜਲੀ ਹੈ ਲੇਕਿਨ ਉਹ ਬਲਬ 'ਚ ਨਹੀਂ ਜਾਂਦੀ ਜਦੋਂ ਤਕ ਪੂਰੇ ਤਰੀਕੇ ਦੇ ਨਾਲ ਤਾਰਾਂ ਨਹੀਂ ਜੁੜਦੀਆਂ। ਉਹਨਾਂ ਵਿਚ ਕਾਰਬਨ ਨਾ ਹੋਵੇ, ਕੋਈ ਹੋਰ ਨੁਕਸ ਨਾ ਹੋਵੇ ਤਾਂ ਬਿਜਲੀ ਨੇ ਜਲਣਾ ਹੀ ਜਲਣਾ ਹੈ। ਇਵੇਂ ਜਿਵੇਂ ਆਪਣੇ ਟੈਲੀਵੀਜ਼ਨਾਂ ਨੇ। ਜੇ ਇਕ ਤਾਰ ਵੀ ਨਾ ਜੁੜੀ ਹੋਵੇ, ਕੋਈ ਵੀ ਮਸ਼ੀਨ ਕੰਮ ਨਹੀਂ ਕਰਿਆ ਕਰਦੀ। ਇਸੇ ਤਰ੍ਹਾਂ ਦੇ ਨਾਲ ਵਾਹਿਗੁਰੂ ਦੇ ਨਾਲ ਜੇ ਸੁਰਤ ਨਾ ਜੁੜੀ ਹੋਵੇ, ਫੇਰ ਨਹੀਂ ਕੰਮ ਹੋਇਆ ਕਰਦਾ। ਤਿੰਨ ਚਾਰ ਚੀਜ਼ਾਂ ਨੇ ਇਹਦੇ ਵਿਚ। ਪਹਿਲਾਂ ਤਾਂ ਹੈ 'ਜਨ'। ਵਾਹਿਗੁਰੂ ਜੀ ਨਾਲ ਸੱਚੇ ਦਿਲ ਉਹਦਾ ਬਣਿਆ ਹੋਇਆ ਹੋਵੇ, ਦੂਸਰਾ ਹੈ ਵਾਹਿਗੁਰੂ ਜੀ ਦੀ ਹੋਂਦ ਦੇ ਉਤੇ ਵਿਸ਼ਵਾਸ਼। ਉਹ ਇਹ ਕਿ ਵਾਹਿਗੁਰੂ ਜੀ ਨੇ ਨਾ ਤਾਂ ਸੱਤਾਂ ਅਸਮਾਨਾਂ 'ਤੇ ਬੈਠੇ ਨੇ ਕਿ ਅਵਾਜ਼ ਨਹੀਂ ਸੁਣਨੀ ਕਿ ਉੱਚੀ-ਉੱਚੀ ਬੋਲੋ। ਬਾਣੀ ਕਹਿੰਦੀ ਕਿ ਉੱਚੀ ਬੋਲਣ ਦੀ ਲੋੜ ਹੀ ਨਹੀਂ ਹੈ ਪਿਆਰਿਓ-

*ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥*
*ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥*

*ਅੰਗ- ੧੩੭੪*

ਉਹ ਤੇਰੇ ਅੰਦਰ ਬੈਠਾ ਹੈ। ਤੂੰ ਉੱਚੀ-ਉੱਚੀ ਹਾਕਾਂ ਮਾਰਦੈਂ। ਕੀਹਨੂੰ ਸੁਣਾਉਂਦੈ? ਰੱਬ ਬਾਹਰ ਹੈ? ਤੇਰੇ ਅੰਦਰ ਬੈਠੈ। ਵਿਸ਼ਵਾਸ਼ ਹੋਵੇ ਕਿ ਮੇਰਾ ਪਿਆਰਾ ਮੇਰੇ ਨਾਲ ਰਹਿੰਦੈ ਹਰ ਵਕਤ। ਕਦੇ ਵੀ ਨਹੀਂ ਵਿਛੜਦਾ-

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* *ਅੰਗ- ੨੯੩*

ਐਨਾ ਵਿਸ਼ਵਾਸ਼ ਹੋਵੇ ਤਾਂ ਅਰਦਾਸ, ਸਮਝ ਲਓ ਮਨ ਦੀ ਤਾਰ ਜੁੜ ਗਈ ਉਸ ਨਾਲ। ਜਦੋਂ ਇਹ ਹੈ ਮਨ ਵਿਚ ਕਿ ਵਾਹਿਗੁਰੂ ਪਤਾ ਨਹੀਂ ਹੈ, ਸੁਣਦਾ ਹੈ ਕਿ ਨਹੀਂ ਸੁਣਦਾ।

ਇਕ ਅਮਰੀਕਾ ਦੀ ਪ੍ਰੋਫੈਸਰ ਹੋਈ ਹੈ। ਉਹ ਕੈਲੇਫੋਰਨੀਆ 'ਚ ਹੋਈ ਹੈ। ਉਹਦਾ ਨਾਂ ਸੀ ਡਾ. ਜੇ ਸੀ ਟਰੱਸਟ, ਉਹਨੂੰ ਵਾਹਿਗੁਰੂ ਨੇ ਤਾਕਤ ਬਖਸ਼ੀ ਹੋਈ ਸੀ ਕਿ ਹਰ ਬੰਦੇ ਦੇ ਆਲੇ-ਦੁਆਲੇ ਜਿਹੜੇ ਪ੍ਰਮਾਣੂ ਹੁੰਦੇ, ਉਹ ਪੜ੍ਹ ਲੈਂਦੀ ਸੀ। ਹਰ ਬੰਦੇ ਦੇ ਦੁਆਲੇ ਰੰਗ ਨੇ, ਸਾਧਸੰਗਤ ਜੀ। ਉਹ ਹਰ ਵਕਤ ਸਰੀਰ 'ਚੋਂ ਨਿਕਲਦੇ ਨੇ। ਪਾਪੀਆਂ ਦੇ ਬਿਲਕੁਲ ਕਾਲੇ ਸਿਆਹ ਹੁੰਦੇ ਨੇ। ਬੰਦਗੀ ਕਰਨ ਵਾਲਿਆਂ ਦੇ ਬਿਲਕੁਲ ਚਿੱਟੇ ਹੋ ਜਾਂਦੇ ਨੇ। ਡਰਨ ਵਾਲਿਆਂ ਦਾ ਹੋਰ ਰੰਗ ਹੁੰਦੈ, ਛਲ ਵਾਲਿਆਂ ਦਾ ਹੋਰ, ਸੇਵਾ ਕਰਨ ਵਾਲਿਆਂ ਦਾ ਹੋਰ ਹੁੰਦੈ। ਉਹਦੇ ਉਪਰ ਵਾਹਿਗੁਰੂ ਦੀ ਐਸੀ ਕ੍ਰਿਪਾ ਸੀ ਇਕ ਦਮ ਪਛਾਣ ਜਾਂਦੀ ਸੀ ਕਿ ਆਹ ਬੰਦੇ ਵਿਚ ਆਹ ਨੁਕਸ ਹੈ। ਉਹ ਸੰਸਾਰ ਦਾ ਭ੍ਰਮਣ ਕਰ ਰਹੀ ਸੀ। ਆਉਂਦੀ-ਆਉਂਦੀ ਉਹ ਇਸਰਾਈਲ ਦੇ ਵਿਚ ਆਈ। ਇਥੇ ਮੀਂਹ ਨਹੀਂ ਸੀ ਪਿਆ। ਮੀਂਹ ਨਾ ਪਿਆ ਤਾਂ ਫੇਰ ਸਾਡੇ ਕੋਲ ਇੱਕੋ ਹੀ ਇਲਾਜ ਹੈ ਕਿ ਵਾਹਿਗੁਰੂ ਕੋਲ ਅਰਦਾਸ ਕੀਤੀ ਜਾਵੇ। ਅਰਦਾਸ ਦੇ ਵਾਸਤੇ ਦਿਨ ਬੰਨ੍ਹ ਲਿਆ ਐਤਵਾਰ ਦਾ। ਇਕ ਮੈਦਾਨ ਦੇ ਵਿਚ ਸਾਰੇ ਇਕੱਠੇ ਹੋ ਜਾਂਦੇ ਨੇ। ਉਥੇ ਅਰਦਾਸ ਕਰਦੇ ਨੇ ਟਸ ਤੇ ਮਸ ਨਹੀਂ ਹੁੰਦਾ ਰੱਬ। ਸੁਣਦਾ ਹੀ ਨਹੀਂ। ਕਿਉਂਕਿ ਨੰਬਰ ਨਹੀਂ ਸਹੀ ਘੁੰਮਾਇਆ ਜਾ ਰਿਹਾ। ਟੈਲੀਫੋਨ 'ਤੇ ਨੰਬਰ ਡਾਇਲ ਕਰੀ ਜਾਓ, ਜੇ ਨੰਬਰ ਸਹੀ ਘੁੰਮਾਵਾਂਗੇ ਉਸੇ ਵੇਲੇ ਸਬੰਧ ਜੁੜ ਜਾਂਦੈ। ਉਹ ਉਥੇ ਚਲੀ ਗਈ, ਦੇਖਣ ਵਾਸਤੇ ਨਾਲ ਹੀ। ਕਹਿੰਦੀ, ਕੀ ਹੋ ਰਿਹੈ? ਕਹਿੰਦੇ, ਅਰਦਾਸ ਹੋ ਰਹੀ ਹੈ। ਕਹਿੰਦੀ, ਕਮਾਲ ਹੈ ਤੁਹਾਡੀ ਅਰਦਾਸ ਤਾਂ ਸੌ ਸਾਲ ਨਹੀਂ ਸੁਣਨੀ ਰੱਬ ਨੇ।

ਕਹਿਣ ਲੱਗੇ, ਕਿਉਂ?

ਕਹਿੰਦੀ, ਤੁਹਾਨੂੰ ਵਿਸ਼ਵਾਸ਼ ਹੀ ਨਹੀਂ ਹੈ।

ਕਹਿੰਦੇ, ਵਿਸ਼ਵਾਸ਼ ਤੋਂ ਬਿਨਾਂ ਹੀ ਐਨੇ ਬੰਦੇ ਇਕੱਠੇ ਹੁੰਦੇ ਨੇ?

ਕਹਿੰਦੀ, ਭਾਈ! ਤੁਹਾਨੂੰ ਵਿਸ਼ਵਾਸ਼ ਨਹੀਂ। ਜੇ ਵਿਸ਼ਵਾਸ਼ ਹੋਵੇ। ਅਰਦਾਸ ਹੋਣੀ ਹੈ ਤੇ ਮੀਂਹ ਨੇ ਪੈਣ ਲਗ ਜਾਣੈ। ਤੁਹਾਡੀਆਂ ਛੱਤਰੀਆਂ ਕਿੱਥੇ ਨੇ, ਤੁਸੀਂ ਤਾਂ ਬੱਚਿਆਂ ਨੂੰ ਖਿਲਾਉਂਦੇ ਫਿਰਦੇ ਹੋਂ। ਦੁਕਾਨਾਂ ਲੱਗੀਆਂ ਹੋਈਆਂ ਨੇ, ਨਿੱਕੇ-ਨਿੱਕੇ ਬੱਚੇ ਰੇੜ੍ਹੀਆਂ 'ਚ ਪਾਏ ਹੋਏ ਨੇ। ਤੁਸੀਂ ਤਾਂ ਇਕ ਪਿਕਨਿਕ ਕਰਨ ਆ ਰਹੇ ਹੋਂ। ਤੁਸੀਂ ਅਰਦਾਸ ਕਰਨ ਆ ਰਹੇ ਹੋਂ? ਇਸ ਤਰ੍ਹਾਂ ਨਹੀਂ ਹੁੰਦਾ। ਕਿਉਂਕਿ ਗੱਲ ਬਣੀ ਨਹੀਂ ਹੈ। ਜਦੋਂ ਤਕ ਜੁੜਦਾ ਨਹੀਂ ਪ੍ਰਮੇਸ਼ਰ ਦੇ ਨਾਲ, ਅਰਦਾਸ ਕਿਸ ਅੱਗੇ ਕਰ ਰਹੇ ਹੋਂ। ਅਰਦਾਸ ਤਾਂ ਤਾਂਹੀ ਮੰਨੀ ਜਾਏਗੀ ਜੇ ਸਾਮ੍ਹਣੇ ਨਜ਼ਰ ਆ ਰਿਹੈ, ਉਹਨੂੰ ਬੇਨਤੀ ਕਰ ਰਹੇ ਹੋਂ। ਫੇਰ ਮੰਨ ਲੈਂਦਾ ਹੈ। ਫੇਰ ਨਹੀਂ ਹਟਦਾ।

ਭਾਈ ਤਿਲੋਕਾ ਗਜ਼ਨੀ ਦੇ ਨਵਾਬ ਦਾ ਖਾਸ ਕਮਾਂਡਰ ਸੀ। ਉਹਦੀ ਸਕਿਊਰਟੀ ਦਾ ਵੀ ਜ਼ਿੰਮੇਵਾਰ ਸੀ ਤੇ ਨਾਲ ਬਹੁਤ ਵਿਸ਼ਵਾਸ਼ਪਾਤਰ ਸੀ। ਉਹਦੇ ਸਾਥੀਆਂ ਨੂੰ ਇਹ ਗੱਲ ਭਾਉਂਦੀ ਨਹੀਂ ਸੀ। ਇਕ ਵਾਰੀ ਐਸਾ ਹੋਇਆ। ਨਵਾਬ ਨੇ ਕਿਹਾ ਕਿ ਭਾਈ ਤਿਲੋਕਾ! ਹੁਕਮ ਕਰ ਦੇ ਸਾਰਿਆਂ ਨੂੰ ਆਪਾਂ ਸ਼ਿਕਾਰ ਲਈ ਚੱਲਣੈ। ਪਰ ਅੱਜ ਸ਼ਿਕਾਰ ਤਲਵਾਰ ਦਾ ਹੋਏਗਾ। ਜਿਹਦੇ ਸਾਮ੍ਹਣੇ ਨਿਕਲੇਗਾ, ਓਹੀ ਮਾਰੇਗਾ ਦੂਜੇ ਨਹੀਂ। ਇਸ ਤਰ੍ਹਾਂ ਭਟਕਦੇ ਰਹੇ ਜੰਗਲਾਂ ਦੇ ਅੰਦਰ, ਸ਼ਿਕਾਰ ਮਿਲਿਆ ਨਾ ਤੇ ਅਖੀਰ, ਭਾਈ ਤਿਲੋਕੇ ਦੇ ਸਾਮ੍ਹਣੇ ਇਕ ਹਰਨੀ ਆ ਗਈ। ਬੜਾ ਬਹਾਦਰ ਸੀ। ਉਸਨੇ ਤਲਵਾਰ ਮਾਰੀ ਤੇ ਹਰਨੀ ਕਟ ਗਈ ਵਿਚਾਲੇ ਤੋਂ। ਉਹ ਵੀ ਮਰ ਗਈ ਤੇ ਉਹਦੇ ਪੇਟ ਵਿਚ ਦੋ ਬੱਚੇ ਸੀ ਉਹ ਵੀ ਤੜਫ-ਤੜਫ ਕੇ ਮਰ ਗਏ। ਮਨ 'ਤੇ ਬੜਾ ਅਸਰ ਹੋਇਆ ਕਿਉਂਕਿ ਬੰਦਗੀ ਕਰਦਾ ਸੀ। ਨਾਮ ਜਪਦਾ ਸੀ, ਗੁਰੂ ਦਾ ਸਿੱਖ ਸੀ। ਗੁਰੂ ਦਾ ਸਿੱਖ ਹੋਣ ਕਰਕੇ ਹੀ ਉਹਦੇ ਉਤੇ ਐਨਾ ਇਤਬਾਰ ਸੀ ਨਵਾਬ ਨੂੰ ਬਈ ਗੁਰੂ ਦਾ ਸਿੱਖ ਕਦੇ ਧੋਖਾ ਨਹੀਂ ਦਿੰਦਾ। ਕਦੇ ਵੀ ਬੇਵਿਸ਼ਵਾਸ਼ੀ ਪੈਦਾ ਨਹੀਂ ਕਰਦਾ। ਗੁਰੂ ਦਾ ਸਿੱਖ ਹੋਵੇ ਤੇ ਫੇਰ ਜਿਹਦੀ ਰਾਖੀ ਕਰਦੈ ਉਹਨੂੰ ਹੀ ਮਾਰ ਦੇਵੇ? ਉਹ ਕਹਿੰਦਾ, ਨਹੀਂ ਸਭ ਤੋਂ ਵੱਧ ਵਿਸ਼ਵਾਸ਼ ਮੇਰਾ ਹੈ। ਉਸ ਵੇਲੇ ਜਦੋਂ ਉਹ ਘਰ ਆਇਆ, ਚਿੱਤ ਨਹੀਂ ਲਗਦਾ। ਪਾਠ ਕਰਨ ਲੱਗਿਆ ਮਨ ਨਹੀਂ ਜੁੜਦਾ ਤੇ ਸਾਮ੍ਹਣੇ ਹਰਨੀ ਦੇ ਬੱਚੇ ਤੜਫਦੇ ਦਿਸੀ ਜਾਂਦੇ ਨੇ। ਨਾਮ ਜਪਣ ਲੱਗਿਆ, ਨਾਮ ਦੇ ਵਿਚ ਵੀ ਚਿੱਤ ਨਹੀਂ ਜੁੜਦਾ। ਕਈ ਦਿਨ ਲੰਘ ਗਏ। ਅਖੀਰ ਅਰਦਾਸ ਕਰੀ ਕਿ ਸੱਚੇ ਪਾਤਸ਼ਾਹ! ਮੇਰਾ ਨਾਮ ਜਾਂਦਾ ਰਿਹਾ, ਮੇਰੇ ਉਪਰ ਕ੍ਰਿਪਾ ਕਰੋ। ਮੈਂ ਬੜੇ ਰਸ ਵਿਚ ਬੈਠਦਾ ਸੀ, ਅੰਮ੍ਰਿਤਸਰ ਦਾ ਰੋਜ਼ ਇਸ਼ਨਾਨ ਕਰਦਾ ਸੀ। ਕ੍ਰਿਪਾ ਕਰੋ ਮੇਰੇ ਉਪਰ। ਮੈਨੂੰ ਨਾਮ ਤੋਂ ਦੂਰ ਨਾ ਲੈ ਕੇ ਜਾਓ। ਉਸ ਵੇਲੇ ਫੈਸਲਾ ਕਰ ਲਿਆ ਕਿ ਮੈਂ ਲੋਹੇ ਦੀ ਤਲਵਾਰ ਹੀ ਨਹੀਂ ਪਹਿਨਣੀ, ਕਾਠ ਦੀ ਬਣਾ ਕੇ ਪਾ ਲੈਣੀ ਹੈ। ਹੌਲੀ-ਹੌਲੀ ਉਹਦੇ ਇਕ ਦੋਖੀ ਨੂੰ ਪਤਾ ਲੱਗ ਗਿਆ ਕਿ ਇਹ ਕਾਠ ਦੀ ਤਲਵਾਰ ਪਾਉਂਦੈ। ਨਵਾਬ ਕੋਲ ਆ ਗਿਆ, ਆ ਕੇ ਕਹਿਣ ਲੱਗਿਆ ਕਿ ਨਵਾਬ ਸਾਹਿਬ! ਜਿਸ ਦਾ ਵੱਡਾ ਅੰਗ ਰੱਖਿਅਕ ਜਰਨੈਲ ਤਲਵਾਰ ਦੀ ਥਾਂ ਦੇ ਉਤੇ ਕਾਠ ਦੀ ਤਲਵਾਰ ਰਖਦਾ ਹੋਵੇ। ਜੇਕਰ ਉਹਨੂੰ ਕੋਈ ਗੱਲ ਬਣ ਜਾਵੇ ਤਾਂ ਰਾਖੀ ਤੁਹਾਡੀ ਕਿਵੇਂ ਕਰੇਗਾ?

ਕਹਿੰਦੇ, ਕੌਣ ਹੈ?

ਕਹਿੰਦਾ, ਭਾਈ ਤਿਲੋਕਾ।

ਕਹਿੰਦਾ, ਮੈਂ ਬਿਲਕੁਲ ਵਿਸ਼ਵਾਸ਼ ਨਹੀਂ ਕਰਦਾ। ਤੈਨੂੰ ਨਹੀਂ ਪਤਾ ਭਾਈ ਤਿਲੋਕਾ ਗੁਰੂ ਦਾ ਸਿੱਖ ਹੈ। ਗੁਰੂ ਦਾ ਸਿੱਖ ਨਾ ਕਦੇ ਝੂਠ ਬੋਲੇ, ਨਾ ਕਦੇ ਧੋਖਾ ਦੇਵੇ। ਉਹ ਆਪ ਕਟ ਜਾਏਗਾ ਲੇਕਿਨ ਮਾਲਕ ਨੂੰ ਨਹੀਂ ਆਂਚ ਪਹੁੰਚਣ ਦਿੰਦਾ। ਤੂੰ ਕੀ ਸਮਝਦੈਂ ਭਾਈ ਤਿਲੋਕੇ ਨੂੰ?

ਕਹਿੰਦਾ, ਮਹਾਰਾਜ! ਮੈਂ ਝੂਠ ਨਹੀਂ ਬੋਲਦਾ। ਤੁਸੀਂ ਇਕ ਗੱਲ ਕਰ ਲਓ ਜੇ ਨਾ ਤਲਵਾਰ ਨਿਕਲੀ ਮੈਨੂੰ ਸਜ਼ਾ ਦੇ ਦਿਓ। ਉਸ ਵੇਲੇ ਜਦੋਂ ਬਾਰ-ਬਾਰ ਕਿਹਾ ਤਾਂ ਉਹਨੇ ਕਿਹਾ ਕਿ ਚਲੋ ਪ੍ਰਤਿਆ ਕੇ ਦੇਖ ਲੈਂਦੇ ਹਾਂ। ਇਕ ਦਮ ਹੁਕਮ ਕਰ ਦਿਤਾ ਕਿ ਭਾਈ ਤਿਲੋਕਾ! ਫੌਜਾਂ ਫਾਲਨ ਕਰ ਲਓ। ਸਾਰੇ ਫਾਲਨ ਹੋ ਗਏ, ਲਾਈਨਾਂ ਬਣ ਗਈਆਂ, ਹਥਿਆਰ ਸਾਰਿਆਂ ਨੇ ਰੱਖੇ ਹੋਏ ਨੇ। ਕਹਿਣ ਲੱਗੇ, ਤਲਵਾਰਾਂ ਦਾ ਨਿਰੀਖਣ ਕਰਨੈ ਕਿਉਂਕਿ ਕਈ ਜੰਗ, ਯੁੱਧ ਹੋ ਚੁਕੇ ਨੇ। ਬਹੁਤਿਆਂ ਦੇ ਟੱਕ ਪਏ ਹੋਏ, ਬਹੁਤਿਆਂ ਦੇ ਕਾਫੀ-ਕਾਫੀ ਥਾਂ ਟੁੱਟੇ ਹੋਏ ਨੇ। ਸੋ ਆਪਾਂ ਬਦਲ ਦੇਵਾਂਗੇ। ਉਸ ਵੇਲੇ ਸਾਰੇ ਲਾਈਨ 'ਚ ਖੜ੍ਹਨੇ ਸੀ। ਭਾਈ ਤਿਲੋਕਾ ਵੱਡਾ ਕਮਾਂਡਰ ਸੀ, ਉਹਨੂੰ ਵੀ ਖੜ੍ਹਨਾ ਪਿਆ। ਸਭ ਨੇ ਤਲਵਾਰਾਂ ਕੱਢੀਆਂ ਹੋਈਆਂ ਨੇ, ਪੁੱਠੇ ਪਾਸੇ ਨੂੰ ਫੜੀਆਂ ਹੋਈਆਂ ਨੇ। ਦਸਤਾ ਅੱਗੇ ਨੂੰ ਕਰਿਆ ਹੋਇਐ। ਉਹ ਦੇਖਦਾ ਤੁਰਿਆ ਆ ਰਿਹੈ, ਕਿਸੇ ਦੀ ਚੰਗੀ ਤਰ੍ਹਾਂ ਦੇਖੀ ਵੀ ਨਹੀਂ। ਹੁਣ ਭਾਈ ਤਿਲੋਕਾ ਦੇ ਸਾਮ੍ਹਣੇ ਕਿ ਮੇਰਾ ਵਿਸ਼ਵਾਸ਼ ਹੈ, ਮੇਰੇ ਉਪਰ ਨਵਾਬ ਵਿਸ਼ਵਾਸ਼ ਕਰਦੈ। ਮੇਰੇ ਗੁਰੂ ਉਤੇ ਵਿਸ਼ਵਾਸ਼ ਕਰਦੈ। ਅੱਜ ਤਾਂ ਬਿਲਕੁਲ ਉਲਟ-ਫੁਲਟ ਗੱਲ ਹੋ ਜਾਏਗੀ। ਪਰ ਹੁਣ ਮੇਰਾ ਕੋਈ ਰਾਖਾ ਨਹੀਂ ਸੰਸਾਰ ਦੇ ਅੰਦਰ। ਜੇ ਹੈ ਤਾਂ ਕੇਵਲ ਮਹਾਰਾਜ ਨੇ। ਇਕ ਅਰਦਾਸ ਦਾ ਮੈਨੂੰ ਆਸਰਾ ਹੈ, ਹੋਰ ਕੋਈ ਨਹੀਂ। ਜਦੋਂ ਨਵਾਬ ਨੇੜੇ ਆ ਗਿਆ, ਉਸ ਵੇਲੇ ਉਹਦੇ ਮਨ ਦੇ ਵਿਚੋਂ ਐਸੀ ਭਾਵਨਾ ਭਰੀ ਹੋਈ ਅਵਾਜ਼ ਨਿਕਲਦੀ ਹੈ ਕਿ ਹੇ ਪ੍ਰਭੂ! ਮੈਂ ਤੇਰਾ ਸਿੱਖ ਹਾਂ। ਮੇਰੇ ਉਤੇ ਇਹ ਬਹੁਤ ਵਿਸ਼ਵਾਸ਼ ਕਰਦੈ। ਮੈਂ ਕੋਈ ਧੋਖਾ ਨਹੀਂ ਦੇ ਰਿਹਾ। ਮੈਂ ਕੋਈ ਮਾੜੀ ਗੱਲ ਨਹੀਂ ਕਰ ਰਿਹਾ। ਹਰਨੀ ਮਰ ਗਈ ਸੀ ਉਸ ਦਿਨ ਤੋਂ ਮੈਂ ਇਹ ਕਾਠ ਦੀ ਤਲਵਾਰ ਪਹਿਨ ਲਈ। ਹੇ ਪਾਤਸ਼ਾਹ! ਮੇਰੀ ਜੋ ਲੱਜਿਆ ਹੈ, ਮੈਂ ਇਕੱਲਾ ਨਹੀਂ ਤਿਲੋਕਾ, ਮੈਂ ਤੇਰਾ ਸਿੱਖ ਵੀ ਹਾਂ। ਜੇ ਸਿੱਖ ਬਦਨਾਮ ਹੋ ਗਿਆ, ਗੁਰੂ ਦੀ ਵੀ ਬਦਨਾਮੀ ਹੈ। ਇਸ ਵੇਲੇ ਪਾਤਸ਼ਾਹ ਮੈਂ ਬਹੁਤ ਸਮੱਸਿਆ ਦੇ ਵਿਚ ਫਸਿਆ ਹੋਇਆਂ, ਕ੍ਰਿਪਾ ਕਰੋ, ਮੇਰੀ ਲਾਜ ਰੱਖੋ -

*ਧਾਰਨਾ - ਜਿਵੇਂ ਰੱਖੀ ਸੀ ਦ੍ਰੋਪਤੀ ਆ ਕੇ,*
*ਇਵੇਂ ਮੇਰੀ ਲਾਜ ਰੱਖ ਲੈ।*

ਪਾਤਸ਼ਾਹ! ਕਿੰਨੇ ਸੰਕਟ ਵਿਚ ਆਈ ਹੋਈ ਸੀ। ਕੋਈ ਉਹਦੀ ਮਦਦ ਨਹੀਂ ਸੀ ਕਰ ਰਿਹਾ -

*ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।*
*ਭਾਈ ਗੁਰਦਾਸ ਜੀ*

ਉਸ ਵੇਲੇ ਝਟਕਾ ਮਾਰਿਆ ਅੱਧੀ ਧੋਤੀ ਲਹਿ ਗਈ। ਕਿੰਨਾ ਕੁ ਸਮਾਂ ਸੀ। ਇਕ ਸਕਿੰਟ ਦਾ ਥੋੜ੍ਹਾ ਜਿਹਾ ਹਿੱਸਾ ਸੀ। ਲੇਕਿਨ ਓਸ ਵੇਲੇ -

*ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸ਼ਨ ਕਰੈ ਬਿਲਲਾਂਦੀ।*
*ਭਾਈ ਗੁਰਦਾਸ ਜੀ*

ਅਵਾਜ਼ ਮਾਰੀ ਕਿ ਹੇ ਪ੍ਰਭੂ! ਹੁਣ ਮੇਰਾ ਕੋਈ ਨਹੀਂ। ਹੋਇਆ ਕੀ? -

*ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ॥*
*ਹਥ ਮਰੋੜਨਿ ਸਿਰ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।*
***ਭਾਈ ਗੁਰਦਾਸ ਜੀ***
*ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।*
*ਨਾਥ ਅਨਾਥਾਂ ਬਾਣਿ ਧੁਰਾਂਦੀ॥* ***ਭਾਈ ਗੁਰਦਾਸ ਜੀ***

ਹੇ ਪਾਤਸ਼ਾਹ! ਹੁਣ ਮੇਰਾ ਕੋਈ ਨਹੀਂ ਹੈ ਤੇਰੇ ਬਿਨਾਂ। ਹੁਣ ਤੂੰ ਕ੍ਰਿਪਾ ਕਰ। ਜਿਸ ਵਕਤ ਨਵਾਬ ਆਇਆ, ਕਹਿਣ ਲੱਗਿਆ, ਭਾਈ ਤਿਲੋਕਾ! ਤੁਸੀਂ ਵੀ ਆਪਣੀ ਤਲਵਾਰ ਕੱਢੋ। ਜਦੋਂ ਵਾਹਿਗੁਰੂ ਕਹਿ ਕੇ ਹੱਥ ਪਾਇਆ, ਤਲਵਾਰ ਕੱਢੀ, ਜਿਵੇਂ ਬਿਜਲੀ ਚਮਕਦੀ ਹੈ ਇਸ ਤਰ੍ਹਾਂ ਚਮਕੀ। ਦੋ ਕਦਮ ਨਵਾਬ ਪਿੱਛੇ ਹਟ ਗਿਆ। ਕਹਿੰਦਾ, ਵਾਹ! ਭਾਈ ਤਿਲੋਕਾ। ਐਨਾ ਸੋਹਣਾ ਇਸਪਾਤ ਕਿੱਥੋਂ ਤੂੰ ਲਿਆ।

ਕਹਿਣ ਲੱਗੇ, ਮਹਾਰਾਜ ਦੀ ਮਿਹਰ ਹੈ ਨਵਾਬ ਸਾਹਿਬ।

ਸਾਰੀ ਫੌਜ ਦੇ ਸਾਮ੍ਹਣੇ ਐਲਾਨ ਕਰ ਦਿਤਾ। ਅੱਜ ਤੋਂ ਬਾਅਦ ਭਾਈ ਤਿਲੋਕੇ ਦੀ ਤਨਖਾਹ 10 ਗੁਣਾਂ ਵਧਾਉਂਦਾ ਹਾਂ। ਦੂਸਰੇ ਨੂੰ ਫੇਰ ਸਜ਼ਾ ਦਿਤੀ ਬੁਲਾ ਕੇ।

ਸੋ ਅਰਦਾਸ ਹੈ, ਇਹਦੇ ਵਿਚ ਜੇ ਭਾਵਨਾ ਨਹੀਂ ਨਾ ਹੈ ਅੰਦਰ, ਵਾਹਿਗੁਰੂ ਦਾ ਵਿਸ਼ਵਾਸ ਨਹੀਂ ਹੈ ਫੇਰ ਨਹੀਂ ਪੂਰੀ ਹੁੰਦੀ। ਫੇਰ ਤਾਂ ਚਾਹੇ ਕਰੀ ਜਾਓ। ਰੋਜ਼ ਕਰੀ ਜਾਓ। ਅਰਦਾਸ ਜ਼ਿੰਦਗੀ 'ਚ ਦੋ ਚਾਰ ਹੀ ਹੁੰਦੀਆਂ ਨੇ। ਹਰ ਵਕਤ ਨਹੀਂ ਅਰਦਾਸ ਕਰਦਾ ਸਿੱਖ। ਮੈਨੂੰ ਆਹ ਦੇ-ਦੇ, ਔਹ ਦੇ-ਦੇ। ਮੇਰਾ ਮੁੰਡਾ ਪਾਸ ਹੋ ਜਾਏ, ਮੇਰਾ ਫਲਾਨਾ ਹੋ ਜਾਏ। ਇਹ ਤਾਂ ਐਵੇਂ ਫਜ਼ੂਲ ਦੀਆਂ ਗੱਲਾਂ ਹੁੰਦੀਆਂ ਨੇ। ਕਿਤੇ-ਕਿਤੇ ਅਰਦਾਸ ਨਿਕਲਦੀ ਹੈ ਉਹਦੇ ਮਨ 'ਚੋਂ। ਅਤਿ ਸੰਕਟ 'ਚ ਫਸਿਆ ਹੋਵੇ, ਤਾਣ ਚਲਦਾ ਨਾ ਹੋਵੇ ਉਸ ਵੇਲੇ ਜ਼ਰੂਰੀ ਨਹੀਂ ਹੈ ਕਿ ਅਰਦਾਸ ਕਰਨ ਵਾਸਤੇ ਥਾਂ ਚੁਣੇ। ਜੇ ਗੱਡੀ ਚਲਾਉਂਦਾ ਵੀ ਜਾਂਦੈ, ਜਦੋਂ ਅਰਦਾਸ ਹੋਣੀ ਹੈ ਨੇਤਰਾਂ 'ਚੋਂ ਜਲ ਆਉਣੈ। ਨਾਲ ਮਿਲਣੈ ਦੀਨ ਹੋ ਕੇ। ਉਸੇ ਵੇਲੇ ਅਰਦਾਸ ਸੁਣੀ ਜਾਂਦੀ ਹੈ ਤੇ ਪੂਰੀ ਹੋ ਜਾਇਆ ਕਰਦੀ ਹੈ। ਇਹਦੇ ਵਿਚ ਪਹਿਲਾਂ ਤਾਂ ਵਾਹਿਗੁਰੂ ਦੇ ਉਤੇ ਭਰੋਸਾ ਹੈ, ਉਹਨੇ ਸੁਣਨਾ ਹੈ ਤੇ ਸਭ ਕੁਛ ਉਹਦੇ ਕੋਲ ਹੈ -

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*
*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥*
*ਅੰਗ- ੯੧੭*

ਦੂਸਰਾ ਹੋਇਆ ਕਰਦੈ। ਪੂਰੀ ਤਰ੍ਹਾਂ ਭਰੋਸਾ ਤੇ ਨਾਲੇ ਜਿਹੜਾ ਆਪਣਾ ਜੀਵਨ ਹੈ ਉਹ ਪਿਆਰ ਦਾ ਹੋਇਆ ਕਰਦੈ। ਉਹਦੇ ਵਿਚ ਲੀਨ ਰਹਿੰਦੈ।

ਸੋ ਅੱਜ ਤਾਰਾ ਰਾਣੀ ਨੇ ਸੰਗਤ ਨੂੰ ਬੇਨਤੀ ਕਰੀ ਕਿ ਬੜਾ ਭਾਰੀ ਸੰਕਟ ਆ ਗਿਆ। ਰਾਜਾ ਜੀ ਨੇ ਜੇ ਪੁੱਛ ਲਿਆ, ਮੈਂ ਝੂਠ ਨਹੀਂ ਬੋਲਣਾ। ਸੱਚ ਬੋਲਣੈ। ਹੋਵੇ ਨਾ ਕਿਤੇ ਮੇਰੇ ਕਰਕੇ ਸਤਿਸੰਗ ਨਾ ਬੰਦ ਹੋ ਜਾਣ ਤੇ ਨੁਕਸਾਨ ਹੋ ਜਾਵੇ। ਕ੍ਰਿਪਾ ਕਰੋ।

ਉਸ ਵੇਲੇ ਸਾਰੀ ਸੰਗਤ ਇਕੱਠੀ ਹੋ ਗਈ। ਇਕੱਠੇ ਹੋ ਕੇ ਅਰਦਾਸ ਕੀਤੀ ਕਿ ਹੇ ਪ੍ਰਭੂ! ਆਪ ਕ੍ਰਿਪਾ ਕਰੋ। ਇਸ ਰਾਣੀ ਦੀ ਖੜਾਂਵ ਮਿਲ ਜਾਵੇ। ਨਿਹਚੇ ਨਾਲ ਕਰੀ ਕਿ ਅਸੀਂ ਕਹਿਣੈ ਤੇ ਇਹਨੂੰ ਮਿਲ ਜਾਣੀ ਹੈ। ਵਾਹਿਗੁਰੂ ਨੂੰ ਦੂਰ ਨਹੀਂ ਸੀ ਜਾਣਦੇ, ਸਾਮ੍ਹਣੇ ਜਾਣਦੇ ਸੀ, ਸਾਮ੍ਹਣੇ ਖੜ੍ਹੇ ਸੁਣ ਰਹੇ ਨੇ। ਜਿਸ ਵਕਤ ਅਰਦਾਸ ਹੋ ਹਟੀ। ਕੀ ਦੇਖਦੇ ਨੇ ਕਿ ਜੋੜੀ ਬਣੀ ਪਈ ਹੈ ਖੜਾਂਵਾਂ ਦੀ। ਖੜਾਂਵ ਦੂਸਰੀ ਨਵੀਂ ਆ ਕੇ ਰਲ ਗਈ ਤੇ ਸਾਧਸੰਗਤ ਦੀ ਕ੍ਰਿਪਾ ਹੋ ਗਈ।

*ਧਾਰਨਾ - ਜੋੜੀ ਜੁੜ ਗਈ ਖੜਾਂਵ ਪਰਾਣੀ,*
*ਕ੍ਰਿਪਾ ਹੋ ਗਈ ਸਾਧ ਸੰਗਤ ਦੀ।*

*ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।*
***ਭਾਈ ਗੁਰਦਾਸ ਜੀ***

ਬੜੀਆਂ ਖੁਸ਼ੀਆਂ ਹੋਈਆਂ ਕਿ ਇਹ ਤਾਂ ਖੜਾਵ ਉਹੋ ਜਿਹੀ ਹੀ ਹੈ। ਭੋਰਾ ਜਿੰਨਾ ਵੀ ਫਰਕ ਨਹੀਂ ਹੈ। ਰਾਣੀ ਦਾ ਮਨ ਬਹੁਤ ਪ੍ਰਸੰਨ ਹੋਇਆ। ਘਰ ਨੂੰ ਚਲੀ ਜਾਂਦੀ ਹੈ ਤੇ ਜਦੋਂ ਦਿਨ ਚੜ੍ਹ ਗਿਆ। ਉਸ ਵੇਲੇ ਰਾਜਾ ਕਹਿਣ ਲੱਗਿਆ ਕਿ ਰਾਣੀ ਸਾਹਿਬਾ! ਤੁਹਾਡੇ ਯਾਦ ਹੋਣੈ ਕਿ ਇਕ ਰਾਜੇ ਨੇ ਆਪਾਂ ਨੂੰ ਤੋਹਫਾ ਦਿਤਾ ਸੀ। ਤੁਹਾਡੀ ਸ਼ਾਦੀ 'ਤੇ। ਉਹਦੇ 'ਚ ਹੀਰੇ ਲਾਲ ਵਗੈਰਾ ਜੜ੍ਹੇ ਹੋਏ ਸੀ। ਬਹੁਤ ਸੋਹਣੀ ਸੀ।ਉਹ ਮੁੜ ਕੇ ਨਹੀਂ ਕਦੇ ਮੈਂ ਦੇਖੀ। ਮੈਨੂੰ ਦਿਖਾਓ ਤਾਂ ਕੀ ਹਾਲਤ ਹੈ ਉਹਦੀ ਹੁਣ। ਉਸ ਵੇਲੇ ਰਾਣੀ ਨੇ ਖੜਾਵਾਂ ਲਿਆਂਦੀਆਂ, ਲਿਆ ਕੇ ਦਿਖਾਈਆਂ। ਉਹ ਚੰਗੀ ਤਰ੍ਹਾਂ ਦੇਖਦੈ। ਇਕ-ਇਕ ਪੁਆਇੰਟ ਦੇਖਦੈ ਕਿ ਇਹ ਤਾਂ ਉਵੇਂ ਜਿਵੇਂ ਹੀ ਹੈ, ਓਨੀਓਂ ਪੁਰਾਣੀ ਹੈ, ਉਵੇਂ ਜਿਵੇਂ ਹੀ ਘਸੀ ਹੋਈ ਹੈ, ਇਹਦਾ ਵੀ ਘਸਿਆ ਹੋਇਐ ਉਤੋਂ। ਹੈਰਾਨ ਹੋ ਗਿਆ ਦੇਖ ਕੇ -

*ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ॥*
***ਭਾਈ ਗੁਰਦਾਸ ਜੀ***

ਜਾ ਕੇ ਅਲਮਾਰੀ ਦੇ ਵਿਚੋਂ, ਜਿਥੇ ਇਹਦੀ ਖੜਾਵ ਰੱਖੀ ਹੋਈ ਸੀ, ਉਹ ਲੈ ਆਇਆ। ਹੁਣ ਤਿੰਨ ਰੱਖ ਲਈਆਂ। ਹੈਰਾਨ ਹੋਈ ਜਾਂਦੈ ਕਿ ਇਹ ਕੀ ਹੋਇਐ? ਰਾਣੀ ਸਾਹਿਬ! ਮੈਨੂੰ ਸਮਝ ਨਹੀਂ ਆਉਂਦੀ। ਖੜਾਂਵ ਤਾਂ ਮੈਂ ਚੁਕ ਕੇ ਲਿਆਇਆ ਸੀ।

ਉਹ ਕਹਿਣ ਲੱਗੀ, ਮਹਾਰਾਜ! ਤੁਸੀਂ ਲੈ ਆਏ ਤੇ ਬਾਅਦ ਵਿਚ ਸੰਗਤ ਨੇ ਅਰਦਾਸ ਕਰੀ। ਫੇਰ ਖੜਾਂਵ ਮਿਲੀ। ਕਹਿਣ ਲੱਗਿਆ, ਸੰਗਤ ਦੇ ਅੰਦਰ ਤਾਂ ਬਹੁਤ ਵੱਡਾ ਪ੍ਰਤਾਪ ਹੈ।

*(ਬਾਕੀ ਪੰਨਾ 50 'ਤੇ)*

# ਨਾਨਕ ਲੇਖੈ ਇਕ ਗਲ.........

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੈ, ਦੁਆਬੇ ਦਾ ਇਲਾਕਾ ਸਾਰਿਆਂ ਦੇ ਚੰਗੇ ਭਾਗਾਂ ਦੀ ਨਿਸ਼ਾਨੀ ਹੈ ਕਿ ਹਰ ਮਹੀਨੇ ਵਾਰ ਸਤਿਸੰਗ ਪ੍ਰਾਪਤ ਹੁੰਦਾ ਹੈ। ਬਾਬਾ ਗੁਰਪਾਲ ਸਿੰਘ ਜੀ ਜੋ ਮਹਾਂਪੁਰਸ਼ਾਂ ਦੀ ਲਾਈ ਹੋਈ ਡਿਊਟੀ ਨਿਭਾ ਰਹੇ ਹਨ, ਹਰ ਮਹੀਨੇ ਇਥੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥*
*ਅੰਗ - ੪੬੭*

ਸਾਰਿਆਂ 'ਚ ਇੱਕੋ ਹੀ ਗੱਲ ਲੇਖੇ 'ਚ ਹੈ, ਉਹ ਹੈ–

*ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ ੧ ॥*
*ਅੰਗ– ੨੬੧*

ਜਿੰਨੇ ਵੀ ਵੇਦ ਪੁਰਾਨ ਹਨ, ਇਨ੍ਹਾਂ ਦੇ ਵਿਚ ਸ਼ੁੱਧ ਅੱਖਰ ਹਨ, ਉਨ੍ਹਾਂ ਦੀ ਵਿਚਾਰ ਜੇ ਕਰੀਏ ਤਾਂ – 'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥' ਸੁਖਮਨੀ ਸਾਹਿਬ ਵਿਚ ਸਤਿਗੁਰੂ ਜੀ ਫੁਰਮਾ ਰਹੇ ਹਨ–

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥ ਅੰਗ - ੨੬੨*

ਸਿਮਰਨ ਹੁੰਦਾ ਹੈ ਕਿ ਉਹਦੀ ਯਾਦ ਦੇ ਵਿਚ ਬੈਠ ਕੇ ਸਿਮਰਨ ਕਰੀਏ। ਸਿਮਰਨ ਦੇ ਨਾਲ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਜੇ ਸੁੱਖ ਹੈ ਤਾਂ ਇਹ ਸਤਿਗੁਰ ਦੀ ਚਰਨ ਸ਼ਰਨ ਦੇ ਵਿਚ ਹੈ –

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*
*ਅੰਗ - ੧੪੨੭*

ਕਿਉਂਕਿ ਸੰਸਾਰ ਦੀ ਹਾਲਤ ਐਸੀ ਹੈ ਕਿ ਨਾਮ ਜੋ ਇਸ ਦੇ ਅੰਦਰ ਹੈ, ਸਾਰੀ ਬਾਣੀ ਹੀ ਨਾਮ ਨਾਲ ਜੋੜਦੀ ਹੈ। ਨਾਮ ਇਹ ਬਾਹਰ ਤੋਂ ਨਹੀਂ ਲੱਭਦਾ। ਬਾਹਰ ਤਾਂ ਹੈ ਨਹੀਂ –

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ ਅੰਗ– ੧੦੦੨*

ਸਤਿਗੁਰ ਦੀ ਨਿਸ਼ਾਨੀ ਵੀ ਦੱਸੀ ਹੈ, ਜਿਹੜਾ ਇਸ ਘਰ ਦੇ ਵਿਚ ਸਰੀਰ ਰੂਪੀ ਘਰ ਦੇ ਅੰਦਰ, ਘਰ ਦਿਖਾ ਦੇਵੇ, ਉਹ ਹੈ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ– ੧੨੯੧*

ਕਿਉਂਕਿ ਗੁਰੂ ਕਦੇ ਸਰੀਰ ਨਹੀਂ ਹੋਇਆ ਕਰਦਾ। ਸਰੀਰ ਤਾਂ ਇਕ ਮਾਧਿਅਮ ਬਣਦਾ ਹੈ ਜਿਹਦੇ ਰਾਹੀਂ ਸਤਿਗੁਰ ਦੇ ਬਚਨ ਆ ਰਹੇ ਨੇ, ਬਾਣੀ ਆ ਰਹੀ ਹੈ।

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ॥ ਅੰਗ - ੧੩੦੯*

ਇਹ ਗੁਰੂ ਦੇ ਬਚਨ ਜੋ ਹਨ ਇਹ ਕੋਈ ਵੀ ਕਮਾ ਲਓ, ਇਕ ਬਚਨ ਕਮਾ ਲਓ ਉਹੀ ਪਾਰ ਲਾ ਦਿੰਦਾ ਹੈ ਤੇ–

*ਸੰਤਹੁ ਸਾਗਰੁ ਪਾਰਿ ਉਤਰੀਐ ॥ ਅੰਗ– ੭੪੭*

ਜਿਹੜਾ ਪਾਰ ਲਾਉਣਾ ਹੈ, ਉਹ ਗੁਰੂ ਦੀ ਕ੍ਰਿਪਾ ਦੇ ਨਾਲ ਲੱਗਣਾ ਹੈ ਤੇ ਬਚਨ ਕਮਾ ਕੇ ਪਾਰ ਲੰਘਦੇ ਹਾਂ। ਇਕ ਬਚਨ ਕਮਾ ਕੇ ਪਾਰ ਲਗਦੇ ਹਾਂ, ਉਹ ਇਕ ਬਚਨ ਜਿਹੜਾ ਹੈ ਇਕ ਅੱਖਰ 'ਤੇ ਆ ਕੇ ਸਾਰੀ ਗੱਲ ਮੁੱਕਦੀ ਹੈ। ਪ੍ਰਮੇਸ਼ਰ ਮਨ 'ਚ ਵਸ ਗਿਆ, ਕਹਿੰਦੇ, ਉਹ ਤਾਂ ਆਪੇ ਹੀ ਨਿਹਾਲ ਹੋ ਗਿਆ। ਉਸੇ ਨੂੰ ਵਸਾਉਣ ਵਾਸਤੇ ਮੰਤ੍ਰ ਲੈਂਦੇ ਹਾਂ। ਗੁਰੂ ਘਰ 'ਚ ਪੰਜ ਪਿਆਰੇ ਇਹ ਮੰਤ੍ਰ ਦਿੰਦੇ ਨੇ, ਜਿਹਦੀ ਕਮਾਈ ਕਰਕੇ, ਕਮਾਈ ਵਾਲੇ ਪੁਰਸ਼ ਜੁਗਤ ਦਸਦੇ ਨੇ। ਜਿੰਨੇ ਸਾਡੇ ਦੁਖ ਹਨ, ਰੋਗ ਹਨ, ਇਸ ਦੇ ਨਾਲ ਦੂਰ ਹੋ ਜਾਂਦੇ ਹਨ।

ਮਹਾਂਪੁਰਸ਼ ਰਤਵਾੜਾ ਸਾਹਿਬ ਜਦੋਂ ਸਤਿਸੰਗ ਹੁੰਦੇ, ਉਸ ਸਮੇਂ ਸੰਗਤਾਂ ਬਹੁਤ ਹੀ ਪਿਆਰ ਵਾਲੀਆਂ, ਜਗਿਆਸੂ ਜਨ ਜੁੜਦੇ। ਉਨ੍ਹਾਂ ਦੀ ਜਗਿਆਸਾ ਦੀ ਪੂਰਤੀ ਵਾਸਤੇ ਨਾਮ ਦੀਆਂ ਜੁਗਤੀਆਂ ਦਸਦੇ ਕਿਉਂਕਿ ਸਤਿਸੰਗ 'ਚ ਕੇਵਲ ਨਾਮ ਦੀ ਹੀ ਗੱਲ ਹੁੰਦੀ ਹੈ –

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ– ੭੨*

ਉਹ ਇਹਦੀ ਵਿਆਖਿਆ ਕਰਦੇ ਨੇ। ਹੁਣ ਵਿਆਖਿਆ ਮੂਲਮੰਤ੍ਰ, ਫੇਰ ਜਪੁਜੀ ਸਾਹਿਬ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਦੀ ਬਾਣੀ ਇਹ ਸਾਰੀ ਹੀ ਨਾਮ ਦੇ ਨਾਲ ਜੋੜਨ ਵਾਸਤੇ, ਨਾਮ ਦੀ ਵਿਆਖਿਆ ਹੈ। ਸੁਖਮਨੀ ਸਾਹਿਬ 'ਚ ਫੁਰਮਾਨ ਹੈ ਕਿ ਉਹਦੀ ਯਾਦ 'ਚ ਬੈਠੋ, ਸੁਖ ਮਿਲਦਾ ਹੈ। ਸੁੱਖ ਉਹਦੀ ਯਾਦ 'ਚ, ਨਾਮ 'ਚ ਅਸਥਿਤ ਹੋ ਕੇ ਹੈ। ਨਾਮ ਦੀ ਨਿਸ਼ਾਨੀ ਵੀ ਦਸ ਦਿਤੀ–

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ– ੨੯੩*

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ- ੬੪੯*

ਉਹ ਨਾਮ ਬੈਖਰੀ ਬਾਣੀ 'ਚ ਆਪਾਂ ਹੁਣ ਬੋਲਿਆ, ਮਧਮਾ, ਪਸੰਤੀ, ਪਰਾ ਬਾਣੀ 'ਚ ਅਵਸਥਾ ਅੰਦਰ ਦੀਆਂ ਹਨ। ਮਹਾਂਪੁਰਸ਼ ਇਹ ਦਸ ਦਿੰਦੇ ਹਨ ਕਿਉਂਕਿ -

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥ ੨ ॥*
*ਅੰਗ- ੮੯੪*

ਮਹਾਂਪੁਰਸ਼ ਜਿਨ੍ਹਾਂ ਨੇ ਇਹ ਬਖਸ਼ਿਸ਼ ਕੀਤੀ।

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ॥੩॥*
*ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥*
*ਕਹੁ ਨਾਨਕ ਹਰਿ ਸਿਉ ਮਨੁ ਮਾਨਿਆ*
*ਰੰਗਿ ਰਤੇ ਬਿਸਮਾਦੇ ॥*
*ਅੰਗ- ੬੧੪*

ਉਹ ਵਿਸਮਾਦ, ਕਿਉਂਕਿ ਨਾਮ ਦੀ ਜਿਹੜੀ ਪੂੰਜੀ ਹੈ ਉਹ ਹੈ ਤਾਂ ਅੰਦਰ ਤੇ ਅਨਹਦ ਬਾਣੀ ਪੂੰਜੀ, ਇਹਦੇ ਵਿਚ ਸਾਰੀ ਨਾਮ ਦੀ ਹੀ ਬਾਤ ਹੈ ਪਰ ਸੰਤਾਂ ਦੇ ਕੋਲ ਇਹਦੀ ਚਾਬੀ ਹੈ। ਮਹਾਂਪੁਰਸ਼ ਇਹ ਚਾਬੀ ਦੇ ਦਿੰਦੇ ਨੇ ਅਮੋਲਕ ਨਾਮ ਦੀ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ੧ ॥*
*ਅੰਗ- ੮੧*

ਉਹ ਦੇਖ ਕੇ ਕਿ ਜਗਿਆਸੂ ਹੈ, ਇਹਨੇ ਕਰਮ, ਉਪਾਸਨਾ ਕਰਕੇ ਜਦੋਂ ਗਿਆਨ ਦੀ ਅਵਸਥਾ 'ਚ ਆ ਗਿਆ, ਉਹ ਵਿਗਿਆਨ ਤੱਕ ਲਿਜਾਣ ਵਾਸਤੇ ਸਤਿਪੁਰਸ਼ ਇਹ ਕ੍ਰਿਪਾ ਕਰ ਦਿੰਦੇ ਨੇ। ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼, ਉਨ੍ਹਾਂ ਦੀ ਸੰਗਤ ਤੁਸੀਂ ਕੀਤੀ ਹੈ, ਐਨੇ ਦਿਆਲੂ, ਐਨੇ ਕ੍ਰਿਪਾਲੂ ਕਿ ਉਨ੍ਹਾਂ ਨੇ ਕੁਝ ਵੀ ਨਹੀਂ ਛੁਪਾ ਕੇ ਰੱਖਿਆ। ਨਹੀਂ ਤਾਂ ਮਹਾਤਮਾ, ਸਾਧੂ ਭੇਤ ਨਹੀਂ ਦਸਦੇ। ਪਰ ਕਿੱਡੀ ਦਿਆਲਤਾ ਉਨ੍ਹਾਂ ਦੀ, ਭੰਡਾਰੇ ਹੀ ਖੋਲ੍ਹ ਦਿਤੇ-

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥*
*ਤਾ ਮੇਰੈ ਮਨਿ ਭਇਆ ਨਿਧਾਨਾ ॥ ੧ ॥ ਅੰਗ- ੧੮੬*

ਕਿੰਨਾ ਹੀ ਭੰਡਾਰ ਉਨ੍ਹਾਂ ਨੇ ਖੋਲ੍ਹਿਆ। ਸੱਤਵਾਂ ਗੁਰਮਤਿ ਸਮਾਗਮ ਸੀ, ਉਥੇ ਸਵਾਸਾਂ ਰਾਹੀਂ ਸਿਮਰਨ ਦਾ ਅਭਿਆਸ, ਇਹ ਆਪ ਉਨ੍ਹਾਂ ਨੇ ਕਰਵਾਇਆ। ਬਹੁਤ ਸਾਰੇ ਸਵਾਮੀ ਜਨ, ਵੱਡੇ-ਵੱਡੇ ਮਹਾਂ-ਮੰਡਲੇਸ਼ਵਰ, ਤੱਤ ਬੇਤੇ, ਪੁੱਜੀਆਂ ਰੂਹਾਂ, ਸਾਧੂ, ਸੰਤ ਉਥੇ ਪਹੁੰਚੇ ਸਨ। ਉਹ ਕਹਿਣ ਲੱਗੇ ਕਿ ਮਹਾਂਪੁਰਸ਼ੋ! ਇਹ ਤਾਂ ਗੋਪਨੀਯ ਮੰਤ੍ਰ ਹੈ। ਨਹੀਂ ਦਸਦੇ ਖੋਲ੍ਹ ਕੇ ਕੋਈ। ਇਹ ਤਾਂ ਤੁਸੀਂ ਭੰਡਾਰਾ ਹੀ ਖੋਲ੍ਹ ਦਿਤਾ। ਉਹ ਕਹਿਣ ਲੱਗੇ ਕਿ ਜੇ ਭੰਡਾਰਾ ਖੋਲ੍ਹ ਦਿਤਾ ਫੇਰ ਆਪਣੇ ਕੋਲ ਕੁਛ ਨਹੀਂ ਰਹਿੰਦਾ।

ਮਹਾਂਪੁਰਸ਼ ਕਹਿੰਦੇ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ- ੮੨੭*

ਕਹਿੰਦੇ, ਜਦੋਂ ਮੈਂ ਹੈ ਹੀ ਕੁਝ ਨਹੀਂ, ਉਹਦਾ ਹੀ ਹੈ ਸਭ ਕੁਝ-

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ - ੧੩੭੫*

ਕਿਉਂਕਿ ਉਹ ਅਵਸਥਾਵਾਂ, ਉਨ੍ਹਾਂ ਨੇ ਵੱਡੇ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਤੋਂ ਪ੍ਰਾਪਤ ਕੀਤੀਆਂ ਤੇ ਭੰਡਾਰੇ ਖੋਲ੍ਹ ਦਿਤੇ। 'ਆਤਮ ਮਾਰਗ' ਪੜ੍ਹ ਲਓ, ਪੁਸਤਕਾਂ ਹਨ। ਬੜਾ ਉਨ੍ਹਾਂ ਦੇ ਵਿਚ ਭੇਤ ਖੋਲ੍ਹਿਆ ਹੈ। ਕੋਈ ਹੋਰ ਪੜ੍ਹਨ ਦੀ ਲੋੜ ਹੀ ਨਹੀਂ ਪੈਂਦੀ। ਮਹਾਂਪੁਰਸ਼ ਵੀ ਕਿਹਾ ਕਰਦੇ ਕਿ ਮੇਰੇ ਸਰੀਰ ਤੋਂ ਬਾਅਦ ਤੁਸੀਂ ਲੱਭਣ ਜਾਓਗੇ ਕਿ ਕਿਸੇ ਕੋਲੋਂ ਪੁੱਛੀਏ, ਕੋਈ ਸਾਧੂ ਮਿਲੇ। ਨਹੀਂ ਮਿਲਦਾ। ਜੇ ਤੁਸੀਂ ਇਹ ਬਚਨ ਕਮਾ ਲਓ, ਉਹ ਬਚਨ ਕਹਿੰਦੇ ਆਪ ਹੀ ਪਾਰ ਲਾ ਦਊ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥੧॥ ਅੰਗ- ੭੪੭*

ਹੁਣ ਉਨ੍ਹਾਂ ਨੇ ਬਚਨ ਕੀ ਕੀਤਾ, ਉਨ੍ਹਾਂ ਨੇ ਅਵਸਥਾਵਾਂ ਦੇਖ ਕੇ ਕਿ ਹੁਣ ਇਨ੍ਹਾਂ ਨੂੰ ਵੀਹ-ਵੀਹ ਸਾਲ ਸਤਿਸੰਗ ਕਰਦਿਆਂ ਨੂੰ ਹੋ ਗਏ, ਕਰਮ ਸੇਵਾ ਕਰਦੇ, ਉਪਾਸਨਾ ਕਰਦੇ, ਹੁਣ ਗਿਆਨ ਦੇ ਵਿਚ ਪ੍ਰਵੇਸ਼ ਕਰਾਉਣ ਵਾਸਤੇ, ਸਤਿਪੁਰਸ਼ਾਂ ਨੇ ਆਹ ਉਪਦੇਸ਼ ਬਖਸ਼ਿਆ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਮਹਾਂਪੁਰਸ਼ਾਂ ਦਾ ਇਹ ਉਪਦੇਸ਼ ਕਮਾਇਆ ਹੋਇਆ, ਕਿਉਂਕਿ ਮੰਜ਼ਲ-ਦਰ-ਮੰਜ਼ਲ ਕਰਮ, ਉਪਾਸ਼ਨਾ 'ਚੋਂ ਲੰਘ ਕੇ ਗਿਆ, ਪ੍ਰਵੇਸ਼ ਕਰਾਉਣ ਲਈ, ਉਪਦੇਸ਼ ਬਖਸ਼ਿਸ਼ ਕਰਦੇ ਨੇ, ਹੈ ਤਾਂ ਗੁਰਬਾਣੀ ਦਾ ਹੀ ਉਪਦੇਸ਼ -

*ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ*
*ਕਾਮਾ॥੧॥ ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥*
*ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥*
*੧॥ ਰਹਾਉ ॥*
*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥੨॥ ਅੰਗ- ੭੪੯*

ਉਹ ਜੀਵਨ ਦਾਨ, ਜਿਹਨੂੰ ਨਾਮ ਦਾਨ ਕਿਹਾ ਹੈ। ਉਹ ਸਾਧੂਆਂ ਤੋਂ ਬਗੈਰ ਨਹੀਂ ਕੋਈ ਦੇ ਸਕਦਾ। ਆਮ ਤਾਂ ਕਹਿੰਦੇ ਨੇ ਕਿ 'ਨਾਮ' ਮਿਲ ਗਿਆ। ਫਲਾਣੀ ਜਗ੍ਹਾ

ਤੋਂ ਲੈ ਆਓ। ਨਾਮ ਤਾਂ ਬਾਣੀ ਕਹਿੰਦੀ ਅੰਦਰ ਹੈ ਪਰ ਸਾਧੂ ਜਨ ਨਾਮ 'ਚ ਪ੍ਰਵੇਸ਼ ਕਰਦੇ ਹਨ, ਨਾਮ 'ਚ ਅਸਥਿਤ ਹਨ, ਨਾਮ 'ਚ ਅਭੇਦ ਹਨ, ਉਹ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* *ਅੰਗ - ੨੯੩*

ਉਹ ਦਸ ਦਿੰਦੇ ਨੇ।

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ੮ ॥ ੨ ॥*
*ਅੰਗ- ੨੬੫*

ਉਹ ਨਾਮ ਦੇ ਵਿਚ ਅਭੇਦ ਮਹਾਂਪੁਰਸ਼, ਨਾਮ ਦੇ ਨਾਲ ਹੀ ਜੋੜਦੇ ਹਨ -

*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥'*
*ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥*
*ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥ ੩ ॥*
*ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥*
*ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ ੪॥*
*ਅੰਗ- ੭੪੯*

ਐਸੇ ਦਿਆਲੂ, ਕ੍ਰਿਪਾਲੂ ਮਹਾਂਪੁਰਸ਼, ਜੁਗਤੀਆਂ ਦਸ ਕੇ ਇਸ ਜੀਵ ਨੂੰ ਜਿੱਥੋਂ ਇਹ ਵਿਛੜਿਆ ਉਥੇ ਮਿਲਾ ਦਿੰਦੇ ਨੇ। ਉਹ ਉਪਦੇਸ਼ ਦ੍ਰਿੜ੍ਹ ਕਰਵਾ ਦਿੰਦੇ ਹਨ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥ ਅੰਗ- ੩੦੫*

ਮਹਾਂਪੁਰਸ਼ ਉਹ ਉਪਦੇਸ਼, ਦਇਆਲੂ ਹੋ ਕੇ ਦਸਦੇ ਨੇ। ਉਹ ਸਾਮ੍ਹਣੇ ਬਿਠਾ ਕੇ ਇਹ ਜਿਹੜੀ ਜੀਵ ਤੇ ਬ੍ਰਹਮ ਦੀ ਦੂਰੀ ਹੈ, ਉਹ ਮਿਟਾ ਦਿੰਦੇ ਨੇ।

ਸਮਾਗਮ ਦੇ ਉਤੇ ਬੋਲਣ ਵਾਸਤੇ ਵਿਸ਼ੇ ਦਿੰਦੇ ਪ੍ਰੋਫੈਸਰਾਂ, ਫਿਲਾਸਫਰਾਂ ਨੂੰ। ਉਨ੍ਹਾਂ ਨੂੰ ਇਹ ਵਿਸ਼ਾ ਦੇ ਦਿਤਾ ਕਿ ਤੁਸੀਂ ਇਹਦੇ ਉਤੇ ਬੋਲਣਾ ਹੈ ਕਿ ਉਹ ਕਿਹੜਾ ਉਪਦੇਸ਼ ਹੈ? ਇਕ ਵੀ ਪ੍ਰੋਫੈਸਰ ਨਹੀਂ ਬੋਲ ਸਕਿਆ, ਨਹੀਂ ਦਸ ਸਕਿਆ। ਕਿਉਂਕਿ ਇਹ -

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*
*ਅੰਗ- ੪੬੫*

ਸਾਧੂ ਸਹਿਜ ਦੇ ਨਾਲ ਹੀ ਸਤਿਸੰਗ ਦੇ ਵਿਚ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥* *ਅੰਗ- ੨੯੩*

ਅੰਦਰ ਦਿਖਾ ਦਿੰਦੇ ਨੇ, ਓਹੀ ਜਿਹੜਾ 'ਨਾਮ' ਹੈ ਫੇਰ ਕਿੰਨਾ ਪਿਆਰਾ ਲਗਦਾ ਹੈ -

*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* *ਅੰਗ- ੨੯੩*

ਨਹੀਂ ਤਾਂ ਅੱਖਾਂ ਨਾਲ ਵੇਖਦਿਆਂ, ਕੰਨਾਂ ਨਾਲ ਸੁਣਦਿਆਂ ਕੀ ਦੇਖਦੇ ਹਾਂ -

*ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥*
*ਸਾਕਤ ਕੀ ਬਿਧਿ ਨੈਨਹੁ ਡੀਠੀ ॥* *ਅੰਗ- ੮੯੨*

ਇਨ੍ਹਾਂ ਅੱਖਾਂ ਨਾਲ ਦੇਖੀ। ਜਿਹੜੀ ਜ਼ਹਿਰ ਹੈ ਉਹ ਤਾਂ ਮਿੱਠੀ ਲਗਦੀ ਹੈ। ਮਾਇਆ ਦੀ ਜ਼ਹਿਰ ਚੜ੍ਹੀ ਹੈ ਸਭ ਨੂੰ ਪਰ ਸਤਿਸੰਗ ਦੇ ਵਿਚ -

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥* *ਅੰਗ- ੨੮੯*

ਜਿਹੜੀ ਹਉਮੈ ਹੈ ਉਹ ਪ੍ਰਮੇਸ਼ਰ ਨੂੰ ਦਿਸਣ ਨਹੀਂ ਦਿੰਦੀ। ਹੈ ਤਾਂ ਸਾਰੇ ਹੀ ਰਮਿਆ ਹੋਇਆ ਪ੍ਰਮੇਸ਼ਰ ਤੇ ਮਹਾਂਪੁਰਸ਼ ਜੁਗਤ ਦਸ ਦਿੰਦੇ ਨੇ ਕਿ ਇਸ ਤਰ੍ਹਾਂ ਦੇ ਨਾਲ ਕਰ ਲਓ। ਬੈਖਰੀ ਬੋਲ ਕੇ, ਮਧਮਾ, ਪਸੰਤੀ, ਪਰਾ ਬਾਣੀ 'ਚ। ਜਦੋਂ ਇਹ ਅਭਿਆਸ ਵਧਦਾ ਹੈ ਅੰਦਰ ਸੁਣਦਾ ਹੈ, ਫੇਰ ਉਸ ਨੂੰ ਸਾਰੇ ਰਮਿਆ ਹੋਇਆ ਪ੍ਰਮੇਸ਼ਰ ਹੀ ਨਜ਼ਰ ਆ ਜਾਂਦਾ ਹੈ। ਹਉਮੈ ਦਾ ਇਲਾਜ ਦਸਦੇ ਹਨ। ਜਿਹੜਾ ਇਹ ਦਿਸਣ ਨਹੀਂ ਦਿੰਦੀ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ੩ ॥*
*ਅੰਗ- ੬੨੪*

ਪੜਦਾ ਜਿਹੜਾ ਹੈ ਹਉਮੈ ਦਾ, ਇਹ ਦਿਸਣ ਨਹੀਂ ਦਿੰਦੀ, ਹੈ ਤਾਂ ਵਾਸਾ ਅੰਦਰ ਪ੍ਰਮੇਸ਼ਰ ਦਾ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ-੪੬੬*

*ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥*
*ਅੰਗ- ੯੪੩*

*ਹਉਮੈ ਦੀਰਘ ਰੋਗੁ ਹੈ..................॥* *ਅੰਗ- ੪੬੬*

ਕਿੱਡਾ ਵੱਡਾ ਰੋਗ ਹੈ। ਪਰ ਦਾਰੂ ਵੀ ਹੈ ਇਸ ਦਾ-

*ਦਾਰੂ ਭੀ ਇਸੁ ਮਾਹਿ ॥* *ਅੰਗ- ੪੬੬*
*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥* *ਅੰਗ - ੨੫੯*

ਪਰ ਪਤਾ ਕਿਉਂ ਨਹੀਂ ਲਗਦਾ। ਗੁਰੂ ਵਾਲੇ ਨਹੀਂ ਬਣਦੇ,

ਸਤਿਸੰਗ ਨਹੀਂ ਕਰਦੇ। ਅੰਤਰੰਗ ਸਾਧਨ ਨਹੀਂ ਕਰਦੇ। ਇਸ ਕਰਕੇ ਪਤਾ ਨਹੀਂ ਲਗਦਾ। ਗੁਰੂ ਕੀ ਦਸਦਾ ਹੈ? ਸੰਜਮ, ਇਹ ਮਾਨਸਿਕ ਰਹਿਤਾਂ ਹਨ, ਇਹ ਸਰੀਰਕ ਰਹਿਤਾਂ ਹਨ। ਇਹ ਯਾਦ ਰੱਖ –

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਅੰਗ – ੪*

ਫੇਰ ਆਸਣ ਸਿੱਧ ਕਰ, ਮਨ ਨੂੰ ਸਾਧ। ਫੇਰ ਬਾਅਦ 'ਚ ਹੁੰਦਾ ਹੈ ਪ੍ਰਾਣਾਯਾਮ, ਪ੍ਰਤਿਹਾਰ, ਮਨ ਲੋਚਦਾ ਹੈ, ਹੁਣੇ ਪੜ੍ਹਦੇ ਸੀ ਕਿ ਸ਼ਬਦ ਦੇ ਨਾਲ ਹੀ ਆਹ ਜਿਹੜਾ – ***'ਮਨੁ ਲੋਚੈ ਬੁਰਿਆਈਆ ਗੁਰ ਸਬਦੀ ਇਹ ਮਨ ਹੋੜੀਐ।'*** ਮਨ ਨੂੰ ਰੋਕ, ਕਿਉਂਕਿ ਮਨ ਦਾ ਸੁਭਾਅ ਹੈ–

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ– ੧੨੫੩*

ਉਡਾਰੀਆਂ ਮਾਰਦਾ ਕਿੱਥੇ ਤੱਕ ਪਹੁੰਚਾ ਦਿੰਦਾ ਹੈ। ਮਨ ਵਰਗਾ ਜੇ ਦੇਖੀਏ ਮਿੱਤਰ ਵੀ ਕੋਈ ਨੀਂ, ਪਰ ਇਹਦੇ ਵਰਗਾ ਦੁਸ਼ਮਣ ਵੀ ਕੋਈ ਨਹੀਂ। 'ਮਨਿ ਜੀਤੈ, ਜਗੁ ਜੀਤੁ।'

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ੩੨ ॥ ਅੰਗ– ੩੪੨*

ਉਹ ਦਵਾਈ ਇਹਦੇ ਅੰਦਰ ਪਈ ਹੈ –

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ– ੨੫੯*

ਸਵਾਸ-ਸਵਾਸ ਦੀ ਉਹ ਅਵਸਥਾ, ਕਿੱਡੀ ਵੱਡੀ ਅਵਸਥਾ ਹੈ –

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ੧ ॥*
*ਅੰਗ– ੩੧੯*

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ– ੩੦੬*

ਮਹਾਂਪੁਰਸ਼ਾਂ ਨੇ ਅਮਲੀ ਰੂਪ ਵਿਚ ਇਹ ਕਰਕੇ ਦਿਖਾਇਆ ਕਿ ਅੰਮ੍ਰਿਤ ਵੇਲੇ ਉਠ ਕੇ ਇਹ ਜ਼ਰੂਰ ਪ੍ਰਕ੍ਰਿਆ ਕਰੋ। ਕਿਉਂਕਿ ਨਾਮ-ਸਿਮਰਨ ਕਰਨਾ ਤਾਂ ਸਦਾ ਹੀ ਚਾਹੀਦਾ ਹੈ –

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ– ੨੮੬*

ਇਹ ਸਤਿਸੰਗ ਹੈ, ਸਤਿਸੰਗ ਦੇ ਵਿਚ ਸਤਿਪੁਰਸ਼ਾਂ ਨੇ ਜੋ ਉਪਦੇਸ਼ ਦਿਤਾ ਉਹ ਦੁਹਰਾਉਂਦੇ ਹਾਂ। ਬਾਰ-ਬਾਰ ਜਦੋਂ ਕਰਦੇ ਹਾਂ ਤਾਂ –

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ – ੨੮੬*

ਬਾਰ-ਬਾਰ, ਸਵਾਸ-ਸਵਾਸ ਵਾਹਿਗੁਰੂ ਦਾ ਜਾਪ ਹੋਵੇ। ਮਹਾਂਪੁਰਸ਼ਾਂ ਨੇ ਸਾਨੂੰ ਸਬਕ ਦੇ ਦਿਤਾ, ਇਹਨੂੰ ਹਰ ਵਕਤ ਯਾਦ ਕਰਨਾ ਸਾਡੇ ਹੱਥ ਹੈ ਹੁਣ।

*ਕਹਤ ਕਬੀਰੁ ਜੀਤਿ ਕੈ ਹਾਰਿ ॥ ਅੰਗ – ੧੧੫੯*

ਭਾਵੇਂ ਬਾਜੀ ਜਿੱਤ ਜਾਹ, ਭਾਵੇ ਹਾਰ ਜਾਹ, ਇਹ ਤੇਰੇ ਵਸ ਹੈ। ਮਹਾਂਪੁਰਸ਼ਾਂ ਨੇ ਤਾਂ

*ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥ ੧ ॥ ੯ ॥*
*ਅੰਗ– ੧੧੫੯*

ਐਨੀਆਂ ਪੁਸਤਕਾਂ ਲਿਖੀਆਂ ਮਹਾਂਪੁਰਸ਼ਾਂ ਨੇ, ਇਨ੍ਹਾਂ ਵਿਚ ਕੇਵਲ ਨਾਮ ਦੀ ਵਿਆਖਿਆ ਹੈ। ਕਿਸੇ ਨੂੰ ਨਹੀਂ ਪਤਾ ਲਗਦਾ ਕਿ ਉਸ ਅਵਸਥਾ ਤਕ ਕਿਵੇਂ ਪਹੁੰਚਣਾ ਹੈ, ਉਸ ਅਵਸਥਾ ਦੇ ਬਾਰੇ ਸਤਿਪੁਰਸ਼ਾਂ ਨੇ ਇਉਂ ਦਸਿਆ ਕਿ ਸਿੱਧੇ ਬੈਠ ਜਾਵਾਂਗੇ।

ਪਰ ਅੱਜਕੱਲ੍ਹ ਦਾ ਜੋ ਸਾਡਾ ਜ਼ਿੰਦਗੀ ਜਿਉਣ ਦਾ ਤਰੀਕਾ ਹੈ, ਉਹ ਗਲਤ ਹੈ। ਇਕ ਤਾਂ ਜਿਹੜੀ ਖ਼ੂਨ ਦੇ ਵਿਚ ਸ਼ੂਗਰ ਵਧਦੀ ਹੈ। ਖੋਜ ਹੋਈ ਹੈ ਉਨ੍ਹਾਂ ਨੇ ਕਿਹਾ ਕਿ ਚੀਨੀ ਜਿਹੜੀ ਹੈ, ਇਹ ਤਾਂ ਚਿੱਟਾ ਜ਼ਹਿਰ ਹੈ। ਇਹਦੇ ਨਾਲੋਂ ਗੁੜ ਠੀਕ ਰਹਿੰਦਾ ਹੈ। ਗੁੜ ਖਾ ਲਓ, ਪ੍ਰਸ਼ਾਦੇ ਤੋਂ ਬਾਅਦ ਖਾਧਾ ਪੀਤਾ ਹਜ਼ਮ ਹੋ ਜਾਂਦਾ ਹੈ। ਜੇ ਕਿਤੇ ਚੀਨੀ, ਰਸਗੁੱਲੇ ਵਗੈਰਾ, ਕਿਸੇ ਤਰ੍ਹਾਂ ਨਾਲ ਵੀ ਚੀਨੀ ਅੰਦਰ ਚਲੇ ਗਈ, ਅਗਿਆਨ ਵਿਚ, ਆਈਸਕਰੀਮ ਵਗੈਰਾ ਸਭ 'ਚ ਚੀਨੀ ਹੈ, ਕੈਮੀਕਲ ਅੰਦਰ ਹਜ਼ਮ ਨਹੀਂ ਹੋਣ ਦਿੰਦੇ ਚੀਜ਼ ਨੂੰ। ਦੁਸ਼-ਪ੍ਰਭਾਵ ਹੁੰਦੈ, ਅਮਲ ਤੱਤ ਵਧਦੇ ਨੇ। ਪਰ ਮਹਾਂਪੁਰਸ਼ਾਂ ਦੀ ਸੰਗਤ ਜਿਨ੍ਹਾਂ ਨੇ ਨਾਮ ਬਾਣੀ ਦੀ ਉਹ ਜੁਗਤੀ ਅਪਣਾਈ–

*ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥*
*ਅੰਗ– ੬੨੭*

'ਬੰਨਾ' ਕਹਿੰਦੇ ਨੇ ਰੋਕ ਲੱਗ ਗਈ। ਉਥੇ ਹੀ ਰੁਕ ਗਿਆ। ਕਿਡੇ-ਕਿੱਡੇ ਕੈਂਸਰ ਵਰਗੇ ਰੋਗ ਠੀਕ ਹੋ ਗਏ। ਆਪਾਂ ਵੀ ਏਸ ਜੁਗਤ ਨੂੰ ਅਪਣਾਈਏ। ਕਿਉਂਕਿ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਵਿਚ ਬਚਨ ਆਏ ਹਨ ਜੋ, ਉਨ੍ਹਾਂ ਨੂੰ ਕਮਾ ਲਓ।

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਅੰਗ– ੨੬੨*

ਐਨਾ ਕੁ ਹੀ ਕਮਾ ਲਓ, ਕਹਿੰਦੇ ਸਾਰੇ ਹੀ ਸੁੱਖ ਮਿਲ ਜਾਣਗੇ। ਉਹ ਮੁਕਤ ਅਵਸਥਾ ਜਿਥੇ ਜਾ ਕੇ ਸਾਰੇ ਹੀ ਦੁਖ ਮੁਕ ਜਾਣ, ਉਹ ਵੀ ਮਿਲ ਜਾਏਗੀ –

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ – ੨੯੫*

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-38)*

## 6. ਮਾਤਾ ਭਾਨੀ ਜੀ

ਸ੍ਰੀ ਗੁਰੂ ਅਮਰ ਦਾਸ ਜੀ ਦੇ ਗ੍ਰਿਹ ਵਿਖੇ ਸਤਿਕਾਯੋਗ ਮਾਤਾ ਮਨਸਾ ਦੇਵੀ ਜੀ ਦੀ ਕੁਖੋਂ, ਦੋ ਪੁੱਤਰੀਆਂ ਨੇ ਜਨਮ ਲਿਆ, ਵੱਡੇ ਬੀਬੀ ਦਾਨੀ ਜੀ ਤੇ ਛੋਟੇ ਬੀਬੀ ਭਾਨੀ ਜੀ ਸਨ। ਬੀਬੀ ਭਾਨੀ ਜੀ ਦਾ ਜਨਮ ਮਹਾਨ ਕੋਸ਼ ਦੇ ਕਰਤਾ ਅਨੁਸਾਰ 2 ਫਰਵਰੀ 1534 ਨੂੰ ਹੋਇਆ ਸੀ। ਆਪ ਜੀ ਦੇ ਦੋ ਪੁੱਤਰ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਸਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਮਾਤਾ ਭਾਨੀ ਜੀ ਬਚਪਨ ਤੋਂ ਹੀ ਸੇਵਾ ਤੇ ਭਗਤੀ ਭਾਵ ਵਾਲਾ ਸੁਭਾਅ ਰਖਦੇ ਸਨ। ਸਿੱਖ ਜਗਤ ਵਿਚ ਮਾਤਾ ਭਾਨੀ ਦਾ ਬਹੁਤ ਸਤਿਕਾਰਯੋਗ ਰੁਤਬਾ ਹੈ। ਆਪ ਐਸੀ ਮਹਾਨ ਸਖਸ਼ੀਅਤ ਹਨ ਕਿ ਜਿਨ੍ਹਾਂ ਨੂੰ ਗੁਰੂ ਸਪੁੱਤਰੀ, ਗੁਰੂ ਰਾਮ ਦਾਸ ਜੀ ਕੇ ਮਹਿਲ, ਗੁਰੂ ਅਰਜਨ ਦੇਵ ਜੀ ਦੀ ਮਾਤਾ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਾਦੀ ਜੀ, ਗੁਰੂ ਤੇਗ ਬਹਾਦਰ ਜੀ ਦੇ ਪੜਦਾਦੀ ਜੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪੜ-ਪੜਦਾਦੀ ਹੋਣ ਦਾ ਮਾਣ ਪ੍ਰਾਪਤ ਹੈ। ਆਪ ਜੀ ਨੇ ਗੁਰੂ ਅਮਰਦਾਸ ਜੀ ਦੀ ਕੇਵਲ ਪਿਤਾ ਸਮਝ ਕੇ ਨਹੀਂ ਸਗੋਂ ਗੁਰੂ ਪਿਤਾ ਵਾਲੀ ਪ੍ਰੇਮ-ਸ਼ਰਧਾ-ਭਾਵਨਾ ਨਾਲ ਸੇਵਾ ਕਰਕੇ ਪ੍ਰਸੰਨ ਕੀਤਾ।

ਇਕ ਦਿਨ ਅੰਮ੍ਰਿਤ ਵੇਲੇ ਸਤਿਗੁਰੂ ਗੁਰੂ ਅਮਰਦਾਸ ਮਹਾਰਾਜ ਜੀ ਜਦੋਂ ਇਸ਼ਨਾਨ ਕਰਕੇ ਸਮਾਧੀ ਸਥਿਤ ਹੋਣ ਵਾਸਤੇ ਚੌਂਕੀ ਤੇ ਬਿਰਾਜਮਾਨ ਹੋਏ ਤਾਂ ਬੀਬੀ ਭਾਨੀ ਦੇਖਿਆ ਕਿ ਇਕ ਪਾਵਾ ਕਮਜ਼ੋਰ ਹੈ। ਜੇਕਰ ਚੌਂਕੀ ਦਾ ਪਾਵਾ ਟੁੱਟ ਗਿਆ ਤਾਂ ਅਰਾਧਨਾ ਦੀ ਸਮਾਧੀ ਖੁਲ੍ਹ ਜਾਏਗੀ ਤੇ ਬ੍ਰਿਧ ਸਰੀਰ ਨੂੰ ਸੱਟ ਨਾ ਲੱਗ ਜਾਵੇ। ਹੇਠਾਂ ਦੇਣ ਵਾਸਤੇ ਨੇੜੇ ਕੋਈ ਵਸਤੂ ਨਾ ਦੇਖ ਕੇ ਛੇਤੀ ਨਾਲ ਆਪਣਾ ਹੱਥ ਦੇ ਕੇ ਚੌਂਕੀ ਨੂੰ ਡੋਲਣ ਤੋਂ ਬਚਾ ਲਿਆ ਤੇ ਆਪ ਅਡੋਲ ਹੋ ਕੇ ਬੈਠੀ ਰਹੀ। ਜਦੋਂ ਸਤਿਗੁਰੂ ਜੀ ਸਮਾਧੀ ਤੋਂ ਉਥਾਨ ਹੋਏ ਤਾਂ ਬਾਂਹ ਵਲ ਨਜ਼ਰ ਗਈ ਪੁੱਛਿਆ ਬੇਟੀ! ਹੱਥ ਜ਼ਖਮੀ ਕਿਵੇਂ ਹੋ ਗਿਆ, ਖੂਨ ਵਹਿ ਰਿਹਾ ਹੈ, ਬਾਂਹ ਸੁਜ ਗਈ ਹੈ, ਕੀ ਹੋਇਆ? ਉਸ ਵੇਲੇ ਆਪ ਨੇ ਸਾਰੀ ਵਿਥਿਆ ਸੰਕੋਚ ਕੇ ਬਿਆਨ ਕੀਤੀ।

*ਹਿਤ ਦਰਸ਼ਨ ਕੇ ਤਨੁਜਾ ਭਾਨੀ।*
*ਪਹੁਚੀ ਨਿਕਟ ਭਗਤਿ ਜਿਹ ਭਾਨੀ।*
*ਤਬਿ ਚੌਂਕੀ ਪਰ ਸਤਿਗੁਰ ਚਰੇ।*
*ਧਯਾਨ ਧਰਨ ਹਿਤ ਬੈਠਬਿ ਕਰੇ।*
*ਦੌਨ ਬਿਲੋਚਨ ਮੁੱਦ੍ਰਿਤ ਕਰਿ ਕੈ।*
*ਅੰਤਰਮੁਖੀ ਬ੍ਰਿਤਿ ਕੋ ਧਰਿ ਕੈ।*
*ਹੁਇ ਅਡੋਲ ਤਬਿ ਲਾਇ ਸੁ ਧਯਾਨ।*
*ਸ਼ੰਭੁ ਸਮਾਨ ਗੁਰ ਭਗਵਾਨ।*
*ਹੁਤੋ ਹੀਨ ਚੌਂਕੀ ਇਕ ਪਾਵਾ।*
*ਪਿਖਿ ਭਾਨੀ ਮਨ ਇਮਿ ਠਹਿਰਾਵਾ।*
*ਉਤਲਾਵਤਿ ਨੇ ਦੀਨਸ ਹਾਥ।*
*ਨਹਿੰ ਡੋਲੈ ਚੌਂਕੀ ਤਿਹ ਸਾਥ।*
*ਸ਼੍ਰੀ ਸਤਿਗੁਰ ਬੂਝਨ ਹਿਤ ਕਹਯੋ।*
*ਇਹ ਕਯਾ ਕੀਨ ਰਹੀ ਕਯੋਂ ਬੈਸੀ?*
*ਭੁਜ ਪਰ ਪੀੜਨ ਦੀਖਤਿ ਐਸੀ।*
*ਸੁਨਿ ਬੋਲੀ ਵਡਭਾਗਾ ਭਾਨੀ।*
*ਪਿਤ ਜੀ! ਪਾਵੈ ਹੀਨ ਪਛਾਨੀ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਸ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਆਖਿਆ ਬੇਟੀ! ਮੰਗ ਜੋ ਮੰਗਣਾ ਹੈ, ਗੁਰੂ ਨਾਨਕ ਜੀ ਦੇ ਘਰੋਂ ਦਿਵਾ ਦਿੰਦੇ ਹਾਂ। ਐਸੇ ਬਚਨ ਕੀਤੇ ਕਿ ਤੇਰੀ ਸੰਤਾਨ ਪ੍ਰਫੁਲਤ ਹੋਵੇਗੀ, ਪੂਜਣਯੋਗ ਹੋਵੇਗੀ, ਮਹਿਮਾ ਚੰਦ ਵਾਂਗ ਚਮਕੇਗੀ, ਮਹਾਂਬਲੀ ਯੋਧੇ ਸ਼ਸ਼ਤਰਧਾਰੀ ਮੀਰੀ-ਪੀਰੀ ਦੇ ਮਾਲਕ ਹੋਣਗੇ ਜਿਹੜੇ ਦੁਸ਼ਟਾਂ ਦਾ ਨਾਸ਼ ਕਰਨਗੇ, ਬੇਅੰਤ ਜੀਵਾਂ ਦਾ ਉਧਾਰ ਕਰਨਗੇ। ਤੇਰੀ ਵਡਿਆਈ ਬਾਰੇ ਕੀ ਕਹਾਂ, ਤਿੰਨ ਕਾਲ ਵਿਚ ਤੇਰੇ ਸਮਾਨ ਕੋਈ ਨਹੀਂ ਹੋਵੇਗਾ? ਇਸ ਤਰ੍ਹਾਂ ਦੇ ਬੜੇ ਉਤਮ ਵਰਦਾਨ ਸ੍ਰੀ ਸਤਿਗੁਰੂ ਜੀ ਨੇ ਮਾਤਾ ਭਾਨੀ ਜੀ ਨੂੰ ਬਖਸ਼ੇ।

*ਕਯਾ ਅਬ ਕਹੈਂ ਤੋਰ ਬਡਿਆਈ।*
*ਜਿਸ ਕੀ ਸਮ ਕੋ ਹਵੈ ਨ ਸਕਾਈ।*
*ਅਤਿ ਪ੍ਰਸੰਨ ਸ਼੍ਰੀ ਅਮਰ ਕ੍ਰਿਪਾਲ।*
*ਇਤਯਾਦਿਕ ਬਰ ਦਿਯੇ ਬਿਸਾਲ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਮਾਤਾ ਭਾਨੀ ਜੀ ਗੁਰੂ ਪਿਤਾ ਦੀ ਸੇਵਾ ਨੂੰ ਸ਼ਰਧਾ ਤੇ ਪੂਰੇ ਮਨ ਚਿਤ ਨਾਲ ਕਰਦੇ ਸਨ ਅਤੇ ਨਾਹੀ ਕਿਸੇ ਅੱਗੇ ਵਿਖਾਵਾ ਕਰਦੇ ਸਨ, ਹਮੇਸ਼ਾ ਇਸ ਬਿਰਤੀ ਦੇ ਧਾਰਨੀ ਸਨ।

*ਆਛੋ ਕਾਮ ਦਿਖਾਇਨ ਚਾਹੈ।*
*ਲਾਭ ਘਟੈ ਪਾਖੰਡ ਇਸ ਮਾਹੈ।* *(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਤਾਰੀਖੇ-ਪੰਜਾਬ ਕ੍ਰਿਤ ਬੂਟੇ ਸ਼ਾਹ ਅਨੁਸਾਰ ਜ਼ਿਕਰ ਆਉਂਦਾ ਹੈ ਕਿ "ਬੀਬੀ ਭਾਨੀ ਜੀ ਸਦਾ ਪਿਤਾ ਗੁਰੂ

ਅਮਰ ਦਾਸ ਜੀ ਦੀ ਸੇਵਾ ਕਰਨ ਨੂੰ ਪਹਿਲ ਦਿੰਦੀ ਸੀ। ਉਨ੍ਹਾਂ ਦੀ ਸੇਵਾ ਤੋਂ ਕਦੇ ਅਵੇਸਲੀ ਨਹੀਂ ਹੁੰਦੀ ਸੀ।''

ਇਸ ਕਰਕੇ ਮਾਤਾ ਜੀ ਨੂੰ ਗੁਰ-ਪਿਤਾ ਦੀ ਸੇਵਾ ਦੇ ਫਲ ਸਰੂਪ ਦਿਬ ਦ੍ਰਿਸ਼ਟੀ ਪ੍ਰਾਪਤ ਹੋ ਗਈ ਸੀ ਕਿ ਭਵਿਖਤ ਵਿਚ ਕੀ ਵਾਪਰਨ ਵਾਲਾ ਹੈ, ਇਸ ਕਰਕੇ ਉਨ੍ਹਾਂ ਨੂੰ ਸਤਿਗੁਰ ਜੀ ਦੀ ਬਖਸ਼ਿਸ਼ ਨਾਲ ਇਹ ਵਰਦਾਨ ਮਿਲਿਆ।

*ਦਿਚੇ ਪੂਰਬ ਦੇਵਣਾ ਜਿਸ ਦੀ ਵਸਤੁ ਤਿਸੇ ਘਰ ਆਵੈ।*
*ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ।*
*ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ।*
*ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ ਸਮਾਵੈ।*
*ਦਿੱਤਾ ਲਈਏ ਆਪਣਾ ਅਣਦਿੱਤਾ ਕਿਛੁ ਹੱਥ ਨ ਆਵੈ।*
*ਫਿਰ ਆਈ ਘਰ ਅਰਜਨੇ ਪੁਤ ਸੰਸਾਰੀ ਗੁਰੂ ਕਹਾਵੈ।*
*ਜਾਣ ਨ ਦੇਸਾਂ ਸੋਢੀਓਂ ਹੋਰਸ ਅਜਰ ਨ ਜਰਿਆ ਜਾਵੈ।*
*ਘਰ ਹੀ ਕੀ ਵੱਥ ਘਰੇ ਰਹਾਵੈ।*

*(ਵਾਰ ਭਾਈ ਗੁਰਦਾਸ ਜੀ-੧/੪੭)*

ਗੁਰਤਾ ਗੱਦੀ ਦੀ ਬਖਸ਼ਿਸ਼ ਜਿਸ ਵਾਸਤੇ ਹੋਵੇ, ਉਸ ਦੇ ਘਰ ਹੀ ਮੁੜ ਕੇ ਆ ਜਾਂਦੀ ਹੈ। ਇਸੇ ਕਰਕੇ ਸੋਢੀ ਪਾਤਸ਼ਾਹ ਰਾਮਦਾਸ ਜੀ ਦੇ ਘਰ ਆ ਗਈ ਜੋ ਗੁਰ ਗੱਦੀ ਤੇ ਸ਼ੋਭਨੀਕ ਹੋ ਗਏ। ਉਨ੍ਹਾਂ ਨੇ ਅੰਮ੍ਰਿਤਸਰ ਵਿਚ ਸਰੋਵਰ ਦੀ ਪੂਰਨਤਾ ਕੀਤੀ ਤੇ ਜਾਗਦੀ ਜੋਤ ਪ੍ਰਗਟ ਹੋ ਗਏ ਜਿਵੇਂ ਪ੍ਰਭੂ ਦੀ ਖੇਡ ਵਰਤ ਕੇ, ਸਮੁੰਦਰ ਉਲਟ ਕੇ ਗੰਗਾ ਵਿਚ ਸਮਾ ਜਾਵੇ ਭਾਵ ਸੇਵਕ ਦੇ ਹਿਰਦੇ ਵਿਚੋਂ ਗੁਰੂ ਜੋਤਿ ਪ੍ਰਗਟ ਹੋਈ। ਪਰ ਇਹ ਵੀ ਪ੍ਰਭੂ ਦੀ ਹੀ ਖੇਡ ਹੈ ਕਿ ਆਪਣਾ ਦਿੱਤਾ ਹੀ ਬਿਨਾਂ ਦਿਤਿਆਂ ਕੁਝ ਹੱਥ ਨਹੀਂ ਆਉਂਦਾ। ਫੇਰ ਗੁਰੂ ਜੋਤਿ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ ਜੋ ਸੰਸਾਰੀ ਨੁਕਤੇ ਤੋਂ ਪੁੱਤਰ ਰੂਪ ਵਿਚ ਹਨ। ਇਹ ਅਚਰਜ ਇਸ ਲਈ ਵੀ ਸੀ ਕਿ ਪਹਿਲਾਂ ਚਾਰ ਪੀੜ੍ਹੀਆਂ ਸੇਵਕਾਂ ਨੂੰ ਮਿਲਦੀਆਂ ਰਹੀਆਂ ਪਰ ਪੰਜਵੀਂ ਗੁਰ-ਜੋਤਿ ਪੁੱਤਰ ਨੂੰ ਮਿਲੀ। ਮਾਤਾ ਭਾਨੀ ਜੀ ਨੂੰ ਨਿਸ਼ਕਾਮ ਗੁਰੂ-ਸੇਵਾ ਤੇ ਗੁਰੂ-ਭਗਤੀ ਦੁਆਰਾ ਗੁਰੂ ਪਿਤਾ ਜੀ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਜਿਸ ਕਰਕੇ ਸਹਿਜ ਨਾਲ ਬ੍ਰਹਮ ਗਿਆਨ ਅਵਸਥਾ ਪ੍ਰਾਪਤ ਹੋ ਗਈ ਤੇ ਆਪ ਜੀ ਨੇ ਆਉਣ ਵਾਲੇ ਭਵਿਖ ਨੂੰ ਭਾਂਪ ਲਿਆ। ਇਸ ਕਰਕੇ ਗੁਰੂ ਪਿਤਾ ਜੀ ਨੂੰ ਬੇਨਤੀ ਕੀਤੀ ਕਿ ਗੁਰਤਾ ਸੋਢੀਆਂ ਵਿਚ ਹੀ ਰਹੇ, ਇਹ ਅਜਰ ਵਸਤੂ ਹੋਰ ਕਿਸੇ ਪਾਸੋਂ ਜਰੀ ਨਹੀਂ ਜਾਣੀ ਕਿਉਂਕਿ ਧਰਮ ਦੀ ਰੱਖਿਆ ਵਾਸਤੇ ਗੁਰਤਾ ਤੇ ਗੁਰੂ ਪਰਿਵਾਰ ਉਤੇ ਸ਼ਹਾਦਤਾਂ ਆਉਣੀਆਂ ਹਨ। ਇਸੇ ਕਰਕੇ ਮਾਤਾ ਜੀ ਨੇ ਕਿਹਾ ਕਿ ਪਿਤਾ ਜੀ! ਇਹ ਵਸਤੂ ਮੇਰੀ ਝੋਲੀ ਵਿਚ ਪਾਓ। ਮੈਂ ਆਪ ਦੀ ਕਿਰਪਾ ਨਾਲ ਖਿੜੇ ਮੱਥੇ ਭਾਣਾ ਮੰਨ ਕੇ ਸਹਿ ਲਵਾਂਗੀ। ਇਸ ਅਜਰ ਦਾ ਜਿਗਰਾ ਕੇਵਲ ਮਾਤਾ ਭਾਨੀ ਜੀ ਦਾ ਹੈ। ਸੰਸਾਰ ਦੇ ਇਤਿਹਾਸ ਵਿਚ ਐਸੀ ਮਿਸਾਲ ਨਹੀਂ ਮਿਲਦੀ, ਜਿਸ ਨੇ ਸਭ ਕੁਝ ਜਾਣਦਿਆਂ ਹੋਇਆਂ ਐਸੀ ਦਾਤ ਮੰਗ ਕੇ ਲਈ ਹੋਵੇ। ਸੋ ਆਪ ਜੀ ਨਾਮ ਵਿਚ ਰੱਤੇ, ਖਿੜੇ ਮੱਥੇ ਰਹਿਣ ਵਾਲੇ, ਪਰਉਪਕਾਰੀ ਸੁਭਾਅ ਵਾਲੇ ਅਤੇ ਤਿਆਗ ਵਾਲੀ ਬਿਰਤੀ ਦੇ ਮਾਲਕ ਹਨ।

ਇਕ ਦਿਨ ਮਾਤਾ ਮਣਸਾ ਦੇਵੀ ਜੀ ਸ੍ਰੀ ਸਤਿਗੁਰ ਅਮਰਦਾਸ ਜੀ ਨੂੰ ਆਖਣ ਲੱਗੇ ਕਿ ਬੇਟੀ ਭਾਨੀ ਵਰ ਲਾਇਕ ਹੋ ਗਈ ਹੈ। ਉਸ ਵਾਸਤੇ ਯੋਗ ਵਰ ਦੀ ਭਾਲ ਕਰੋ। ਸਤਿਗੁਰ ਜੀ ਕਹਿਣ ਲੱਗੇ ਤੁਸੀਂ ਦ'ਸੋ ਕਿਸ ਤਰ੍ਹਾਂ ਦਾ ਵਰ ਹੋਣਾ ਚਾਹੀਦਾ ਹੈ? ਦੇਵਨੇਤ ਨਾਲ ਉਸ ਵੇਲੇ ਸ੍ਰੀ ਰਾਮ ਦਾਸ ਜੀ (ਭਾਈ ਜੇਠਾ ਜੀ ਦੇ ਰੂਪ ਵਿਚ) ਸਿਰ ਤੇ ਟੋਕਰੀ ਚੁੱਕੀਂ ਬਾਉਲੀ ਸਾਹਿਬ ਦੀ ਕਾਰ ਸੇਵਾ ਕਰ ਰਹੇ ਲੰਘ ਰਹੇ ਸਨ ਤਾਂ ਮਾਤਾ ਜੀ ਉਨ੍ਹਾਂ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ ਕਿ ਐਸਾ ਵਰ ਹੋਣਾ ਚਾਹੀਦਾ ਹੈ। ਜਾਣੀਜਾਣ ਸਤਿਗੁਰੂ ਜੀ ਮੁਸਕਰਾ ਕੇ ਕਹਿਣ ਲ'ਗੇ ਕਿ ਭਾਈ ਜੇਠੇ ਵਰਗਾ ਹੋਰ ਕੋਈ ਨਹੀਂ ਕੇਵਲ ਇਹੋ ਹੈ ਕਿਉਂਕਿ ਇਹ ਕ੍ਰਿਤੀ ਵੀ ਹੈ, ਸੇਵਾ-ਸਿਮਰਨ ਵੀ ਕਰਦਾ ਹੈ, ਪ੍ਰਵਾਰ ਵਿਚ ਆਪਣੀ ਨਾਨੀ ਮਾਤਾ ਦੀ ਦੇਖ ਭਾਲ ਵੀ ਕਰਦਾ ਹੈ। ਜੇ ਇਸ ਨੂੰ ਗਹੁ ਨਾਲ ਵਿਚਾਰ ਕੇ ਸਮਾਜਿਕ ਤੌਰ ਤੇ ਅਮਲ ਕਰੀਏ ਤਾਂ ਇਸ ਪ੍ਰਸੰਗ ਵਿਚ ਸਾਡੇ ਵਾਸਤੇ ਕਿਡੀ ਵੱਡੀ ਸੇਧ ਹੈ। ਜਿਵੇਂ ਬੇਬੇ ਨਾਨਕੀ ਜੀ ਨੇ ਦੁਨਿਆਵੀ ਰਿਸ਼ਤੇ ਤੋਂ ਉਪਰ ਉਠ ਕੇ ਛੋਟੇ ਵੀਰ ਗੁਰੂ ਨਾਨਕ ਸਾਹਿਬ ਜੀ ਨੂੰ ਗੁਰੂ ਪ੍ਰਮੇਸ਼ਰ ਸਮਝ ਕੇ ਸਤਿਕਾਰ ਕੀਤਾ। ਗੁਰੂ ਅਮਰਦਾਸ ਜੀ ਨੇ ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਨੂੰ ਕੁੜਮ ਦੇ ਰਿਸ਼ਤੇ ਤੋਂ ਉਪਰ ਉਠ ਕੇ ਗੁਰੂ ਪ੍ਰਮੇਸ਼ਰ ਵਾਲੀ ਸ਼ਰਧਾ ਰੱਖ ਕੇ ਸੇਵਾ ਕੀਤੀ। ਇਸੇ ਤਰ੍ਹਾਂ ਨਾਲ ਜਦੋਂ ਭਾਈ ਜੇਠਾ ਜੀ ਗੁਰੂ ਪਦਵੀ ਦੀ ਬਖਸ਼ਿਸ਼ ਪ੍ਰਾਪਤ ਕਰਨ ਤੋਂ ਪਹਿਲਾਂ ਵੀ ਤੇ ਬਾਅਦ ਵਿਚ ਵੀ, ਕਦੇ ਵੀ ਆਪਣੇ ਆਪ ਨੂੰ ਜੁਆਈ ਨਹੀਂ ਸਮਝਿਆ ਸਗੋਂ ਸਤਿਗੁਰੂ ਅਮਰਦਾਸ ਜੀ ਦਾ ਅਨਿੰਨ ਸੇਵਾਦਾਰ ਬਣ ਕੇ ਵਿਚਰਦੇ ਰਹੇ। ਜਿਵੇਂ ਕਿ ਪਵਿਤ੍ਰ ਫੁਰਮਾਨ ਹੈ।

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ-੯੧੮*

ਰਾਮ ਦਾਸ ਜੀ ਦੇ ਅੰਦਰ ਉਪਰੋਕਤ ਸਿਧਾਂਤ ਵਾਲੀ ਆਤਮ ਸਮਰਪਣ ਵਾਲੀ ਬਿਰਤੀ ਸੀ ਜਿਸ ਵਿਚ ਉਹ ਸਦਾ ਸਥਿਰ ਰਹਿੰਦੇ ਸੀ। ਇਸ ਕਰਕੇ ਉਹ, ਸ੍ਰੀ ਗੁਰੂ ਅਮਰਦਾਸ ਜੀ ਨੂੰ ਭਾ ਗਏ ਕਿਉਂਕਿ ਉਹ ਹਮੇਸ਼ਾ ਹੁਕਮ ਦੀ ਪਾਲਣਾ ਤੇ ਸੇਵਾ ਵਿਚ ਤੱਤਪਰ ਰਹਿੰਦੇ ਸਨ। ਉਨ੍ਹਾਂ ਨੇ ਕਦੀ ਵੀ ਹੁਕਮ ਅਦੂਲੀ ਨਹੀਂ ਕੀਤੀ, ਜਿਥੇ ਕਮੀ ਪੇਸ਼ੀ ਆਈ ਉਥੇ ਬੜੀ ਨਿੰਮ੍ਰਤਾ ਤੇ ਅਧੀਨਗੀ ਨਾਲ ਮਾਫੀ ਮੰਗੀ। ਜਦੋਂ ਥੜ੍ਹਾ ਬਣਾਉਣ ਦੀ ਕਸਵੱਟੀ ਦੀ ਗੱਲ ਆਈ ਤਾਂ ਭਾਈ ਰਾਮਾ ਜੀ ਨੇ ਤਾਂ ਇਥੋਂ

ਤੱਕ ਕਹਿ ਦਿਤਾ "ਜਿਵੇਂ ਤੁਸੀਂ ਦਸਦੇ ਹੋ ਉਸ ਮੁਤਾਬਕ ਸਾਰਾ ਬਲ ਤੇ ਬੁੱਧ ਲਗਾ ਕੇ ਬਣਾਂਦਾ ਹਾਂ। ਹੁਣ ਮੇਰੇ ਵਸ ਦੀ ਗੱਲ ਨਹੀਂ, ਕਿਸੇ ਹੋਰ ਕੋਲੋਂ ਬਣਵਾ ਲਵੋ। ਅਸਲ ਗੱਲ ਇਹ ਹੈ ਕਿ ਤੁਸੀਂ ਬਿਰਧ ਹੋਣ ਕਾਰਨ ਆਪ ਹੀ ਭੁੱਲ ਜਾਂਦੇ ਹੋ ਕਿ ਕਿਵੇਂ ਦੱਸਿਆ ਸੀ ਤੇ ਤੁਹਾਨੂੰ ਥੜ੍ਹਾ ਪਸੰਦ ਨਹੀਂ ਆਉਂਦਾ। ਇਸ ਵਿਚ ਮੇਰਾ ਕੀ ਦੋਸ਼ ਹੈ?"

*ਕਰੀ ਤਥਾ ਮੈਂ ਬੁਧਿ ਬਲ ਲਾਇ।*
*ਕਹਿ ਕਰਿ ਆਛੇ ਸੁਧਿ ਬਨਿਵਾਇ।*
*ਆਪ ਕਹਹੁ ਜਿਮਿ ਬਿਸਰੈ ਫੇਰ।*
*ਇਸ ਮਹਿ ਦੋਸ਼ ਅਹੈ ਕਯਾ ਮੇਰ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਸ ਤੋਂ ਬਾਦ ਜਦੋਂ ਸ੍ਰੀ ਰਾਮ ਦਾਸ ਜੀ ਨੂੰ ਕਿਹਾ "ਥੜ੍ਹਾ ਮੇਰੇ ਪਸੰਦ ਨਹੀਂ। ਬਿਲਕੁਲ ਹੀ ਉਲਟ ਬਣਾਇਆ ਹੈ।" "ਉਸ ਵੇਲੇ ਰਾਮ ਦਾਸ ਜੀ ਨੇ ਦੋਵੇਂ ਹੱਥ ਜੋੜ ਕੇ ਬੜੀ ਅਧੀਨਗੀ ਨਾਲ ਕਿਹਾ "ਮੈਂ ਅਨਜਾਣ ਹਾਂ, ਨਿੱਤ ਭੁੱਲਣਹਾਰ ਹਾਂ, ਤੁਸੀਂ ਸਦਾ ਬਖਸ਼ੰਦ ਹੋ, ਗਲਤੀਆਂ ਨੂੰ ਚਿਤਾਰਦੇ ਨਹੀਂ। ਤੁਸੀਂ ਤਾਂ ਸਮਝਾ ਜਾਂਦੇ ਹੋ ਪਰ ਮੇਰੀ ਥੋੜੀ ਮੱਤ ਹੋਣ ਕਾਰਨ ਕਹੇ ਮੁਤਾਬਿਕ ਟੁਰ ਨਹੀਂ ਸਕਦਾ, ਮੈਂ ਭੁੱਲਣਹਾਰ ਹਾਂ। ਸੋ ਆਪਣੀ ਖਾਸ ਰਹਿਮਤ ਕਰੋ ਤਾਕਿ ਮੈਂ ਆਪ ਜੀ ਦੇ ਦੱਸੇ ਮੁਤਾਬਿਕ ਥੜ੍ਹਾ ਬਣਾ ਸਕਾਂ।"

*ਰਾਵਰੁ ਕਰੁਨਾ ਕਰਹੁ ਬਤਾਵਉ।*
*ਨੀਕੀ ਰੀਤਿ ਭਾਂਤ ਭਾਖਿ ਸਮਝਾਵਉ।*
*ਮੈਂ ਮਤਿਮੰਦ ਅਭਾਗ ਵਿਚਾਰਾ।*
*ਜਾਨ ਸਕਿਉ ਨਹੀ ਕਹਯੋ ਤੁਮਾਰਾ। (ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਹ ਸੁਣ ਕੇ ਗੁਰੂ ਅਮਰਦਾਸ ਜੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ, ਸਭ ਨੂੰ ਰਾਮ ਦਾਸ ਜੀ ਬਾਰੇ ਦਸਿਆ ਤੇ ਬਚਨ ਕੀਤੇ ਕਿ ਇਸ ਨੇ ਕਦੀ ਆਪਾ ਨਹੀਂ ਜਣਾਇਆ, ਹਮੇਸ਼ਾ ਪ੍ਰੇਮਾ ਭਗਤੀ, ਆਗਿਆ ਤੇ ਰਜ਼ਾ ਵਿਚ ਟਿਕਿਆ ਹੋਇਆ ਹੈ -

*ਸਭਿਨਿ ਸੁਨਵਿਤ ਬਾਕ ਅਲਾਵਹਿਂ।*
*ਇਸ ਕੀ ਸੇਵਾ ਮੋ ਮਨ ਭਾਵਹਿ।*
*ਆਪਾ ਕਬਹੁ ਨ ਕਰਹਿ ਜਨਾਵਨ।*
*ਨਿਸ ਦਿਨ ਪ੍ਰੇਮ ਭਗਤਿ ਮਹਿ ਪਾਵਨ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਸੇ ਤਰ੍ਹਾਂ ਨਾਲ ਧਰਮ ਦੀ ਮੂਰਤਿ ਬੀਬੀ ਭਾਨੀ ਜੀ ਨੇ ਵੀ ਆਗਿਆ ਤੇ ਰਜ਼ਾ ਵਿਚ ਰਹਿ ਕੇ ਇਸ ਨੂੰ ਹੋਰ ਸ਼ੋਭਨੀਕ ਤੇ ਸਿੱਖ ਜਗਤ ਲਈ ਪ੍ਰੇਰਨਾ ਦਾ ਸਰੋਤ ਬਣਾ ਦਿਤਾ। ਜਿਸ ਤਰਾਂ ਨਾਲ ਪਤੀ ਸ੍ਰੀ ਗੁਰੂ ਰਾਮ ਦਾਸ ਜੀ ਗੁਰੂ ਸੇਵਾ ਵਿਚ ਲੱਗੇ ਰਹਿੰਦੇ ਉਸੇ ਤਰ੍ਹਾਂ ਬੀਬੀ ਭਾਨੀ ਜੀ ਵੀ ਗੁਰੂ ਕੇ ਲੰਗਰ ਵਿਚ ਨਿਰਮਾਣਤਾ ਨਾਲ ਹਰ ਪ੍ਰਕਾਰ ਦੀ ਸੇਵਾ ਵਿਚ ਲੱਗੇ ਰਹਿ ਪੁੱਤਰੀ ਬਣ ਕੇ ਰਹਿਣ ਦਾ ਅਹਿਸਾਸ ਨਹੀਂ ਹੋਣ ਦਿਤਾ। ਹੁਣ ਸਤਿਗੁਰੂ ਜੀ ਨੇ ਰਾਮ ਦਾਸ ਜੀ ਨੂੰ ਗੁਰ ਗੱਦੀ ਤੇ ਸੁਸ਼ੋਭਿਤ ਕਰਨਾ ਸੀ। ਇਕ ਦਿਨ ਸਵੇਰੇ-ਸਵੇਰੇ ਪਰਮ ਕ੍ਰਿਪਾਲੂ ਸਤਿਗੁਰੂ ਅਮਰਦਾਸ ਜੀ ਇਸ਼ਨਾਨ ਕਰਕੇ ਬੈਠੇ ਸੀ, ਬੀਬੀ ਭਾਨੀ ਜੀ ਦਰਸ਼ਨ ਕਰਨ ਆਈ ਤਾਂ ਆਪ ਨੇ ਪੁੱਛਿਆ, ਬੇਟੀ ਭਾਨੀ! ਜੇਕਰ ਪ੍ਰਮੇਸ਼ਰ ਦੀ ਰਜ਼ਾ ਐਸੀ ਵਰਤੇ, ਤੇਰੇ ਸਿਰ ਦਾ ਸਾਂਈਂ ਰਾਮ ਦਾਸ ਗੁਜ਼ਰ ਜਾਏ ਫੇਰ ਤੂੰ ਕੀ ਕਰੇਂਗੀ?

*ਇਕ ਦਿਨ ਮੱਜਨ ਕਰਿ ਗੁਰ ਥਿਰੇ।*
*ਭਾਨੀ ਆਇ ਦਰਸ ਕੋ ਕਰੇ।*
*ਪਿਖਿ ਤਨੁਜਾ ਪਰ ਪ੍ਰਮ ਕ੍ਰਿਪਾਲ।*
*ਸ਼੍ਰੀ ਮੁਖ ਤੇ ਬੋਲੇ ਤਿਸ ਕਾਲ ।*
*ਰਾਮਦਾਸ ਅਬਿ ਤਨ ਪਰਹਰੈ।*
*ਕਹੁ ਪੁੱਤ੍ਰੀ ਕਯਾ ਤਬਿ ਤੂੰ ਕਰੈਂ?*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਹ ਬਚਨ ਸੁਣ ਕੇ ਗੁਰੂ ਦੀ ਰਜ਼ਾ 'ਚ ਸਥਿਤ ਰਹਿਣ ਵਾਲੀ ਬੀਬੀ ਭਾਨੀ ਜੀ ਨੇ ਸਿਰ ਝੁਕਾ ਕੇ ਆਪਣੇ ਸੁਹਾਗ ਦੀ ਨਿਸ਼ਾਨੀ 'ਨੱਥ' ਜੋ ਉਸ ਸਮੇਂ ਦਾ ਰਿਵਾਜ਼ ਸੀ, ਉਤਾਰ ਕੇ ਗੁਰੂ ਚਰਨਾਂ ਤੇ ਰੱਖ ਦਿਤੀ ਤੇ ਕਿਹਾ ਗੁਰੂ ਪਿਤਾ ਜੀ! ਜਿਵੇਂ ਆਪ ਜੀ ਦਾ ਹੁਕਮ ਹੋਵੇਗਾ ਉਸੇ ਤਰ੍ਹਾਂ ਕਰਾਂਗੀ, ਗੁਰੂ ਘਰ ਵਿਚ ਸੇਵਾ ਕਰਕੇ ਬਰਤਨ ਮਾਂਜ ਕੇ, ਲੰਗਰ ਦੀ ਸੇਵਾ ਕਰਕੇ, ਝਾੜੂ ਦੀ ਸੇਵਾ ਕਰਕੇ ਬਤੀਤ ਕਰ ਲਵਾਂਗੀ। ਦਿਆਲੂ ਸਤਿਗੁਰੂ ਜੀ ਨੇ ਪਿਆਰ ਦੇ ਕੇ ਕਿਹਾ "ਬੱਚੀਏ ਪਾ ਲੈ"। ਭਾਨੀ ਜੀ ਕਹਿਣ ਲੱਗੇ ਪਿਤਾ ਜੀ! ਆਪ ਨੇ ਹੀ ਲੁਹਾਈ, ਹੁਣ ਆਪੇ ਪਾਉਣ ਲਈ ਕਹਿੰਦੇ ਹੋ। ਕਹਿੰਦੇ ਬੇਟੀ! ਅੱਜ ਤੇਰੇ ਪਤੀ ਦੀ ਆਯੂ ਪੂਰੀ ਹੋ ਗਈ ਸੀ ਪਰ ਹੁਣ ਗੁਰੂ ਪ੍ਰਮੇਸ਼ਰ ਭਲੀ ਕਰੇਗਾ। ਮੈਂ ਆਪਣੀ ਬਾਕੀ ਰਹਿੰਦੀ ਆਯੂ ਗੁਰੂ ਰਾਮਦਾਸ ਨੂੰ ਦੇ ਦਿਤੀ ਤੇ ਮੈਂ ਪੰਚ ਭੂਤਕ ਸਰੀਰ ਦਾ ਤਿਆਗ ਕਰ ਦੇਣਾ ਹੈ।

*ਸੁਨਿ ਸ਼੍ਰੀ ਸਤਿਗੁਰ ਬਾਕ ਬਖਾਨੇ।*
*ਹੇ ਪੁ'ਤ੍ਰੀ ਸੁਨਿ ਸੁਮਤਿ ਮਹਾਂਨੇ।*
*ਤਨ ਕੋ ਰਾਖਿ ਭਜੋ ਜਗਦੀਸ।*
*ਅਬਿ ਮੈਂ ਕਰਿਹੌਂ ਤੁਮ ਬਖਸ਼ੀਸ਼।*
*ਰਾਮਦਾਸ ਕੀ ਬਯ ਅਬਿ ਨਾਂਹੀ।*
*ਪੂਰਨ ਅਵਧ ਆਜ ਦਿਨ ਮਾਂਹੀ।*
*ਅਪਨ ਆਰਬਲ ਅਬਿ ਮੈਂ ਦੇਵੌਂ।*
*ਹਿਤ ਪਰਲੋਕ ਗਮਨ ਸੁਭ ਲੇਵੌਂ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਬਚਨ ਨੂੰ ਪੂਰਾ ਕਰਕੇ 6 ਸਾਲ 11 ਮਹੀਨੇ 17 ਦਿਨ ਦੀ ਆਯੂ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਦੇ ਦਿਤੀ, ਸਾਰੀ ਸੰਗਤ ਨੂੰ ਉਨ੍ਹਾਂ ਦੇ ਲੜ ਲਾ ਕੇ ਸਾਰੇ ਪਰਵਾਰ ਨੂੰ ਸਦਿਆ ਤੇ ਆਪ ਜੀ ਦੇ ਪੁੱਤਰ ਬਾਬਾ ਮੋਹਰੀ ਜੀ ਨੇ ਵੀ ਹੁਕਮ ਮੰਨ ਕੇ ਚਰਨਾਂ ਤੇ ਸੀਸ ਨਿਵਾਇਆ।

ਗੁਰਤਾ ਗੱਦੀ ਦੀ ਬਖਸ਼ਿਸ਼ ਕਰਕੇ ਆਪ ਜੀ ਨੇ ਬਚਨ ਕੀਤੇ, ਸਾਧਸੰਗਤ ਜੀ! ਸਾਡੇ ਪਿਛੋਂ ਕਿਸੇ ਨੇ ਰੁਦਨ ਨਹੀਂ ਕਰਨਾ ਕਿਉਂਕਿ ਰੋਣਾ ਭਾਣੇ ਵਿਚ ਨਹੀਂ ਹੁੰਦਾ। ਸੋ ਐਸੇ ਅਮੋਲਕ ਬਚਨ ਕਰਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ। ਇਸ ਬਾਰੇ ਗੁਰਬਾਣੀ ਦੇ ਅੰਦਰ ਪਵਿੱਤਰ ਫੁਰਮਾਨ ਹੈ।

*ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥*
*ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥*
*ਅੰਗ-੯੨੩*

ਸਤਿਗੁਰ ਜੀ ਕਹਿੰਦੇ ਭਾਈ ਸਿਖੋ! ਗੁਰਬਾਣੀ ਦਾ ਕੀਰਤਨ ਕਰਨਾ ਹੈ ਤੇ ਹਰੀ ਦੇ ਕੇਸਾਧਾਰੀ ਵਿਦਵਾਨ ਸੰਤਾਂ ਪਾਸੋਂ ਪੁਰਾਤਨ ਗ੍ਰੰਥਾਂ ਵਾਲੀ ਹਰੀ ਦੀ ਕਥਾ ਸੁਣਨਾ ਕਰਿਓ।

*ਅੰਤੇ ਸਤਿਗੁਰੁ ਬੋਲਿਆ*
*ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥*
*ਕੇਸੋ ਗੋਪਾਲ ਪੰਡਿਤ ਸਦਿਅਹੁ*
*ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥ ਅੰਗ-੯੨੩*

ਇਸ ਤਰ੍ਹਾਂ ਦੇ ਨਾਲ ਜੁਗੋ-ਜੁਗ ਅਟੱਲ ਗੁਰ-ਸ਼ਬਦ ਦਾ ਨਿਸ਼ਾਨ ਪ੍ਰਾਪਤ ਕਰਕੇ ਗੁਰਗ'ਦੀ ਤੇ ਸੁਭਾਇਮਾਨ ਹੋ ਗਏ।

*ਰਾਮਦਾਸ ਸੋਢੀ ਤਿਲਕੁ ਦੀਆ*
*ਗੁਰ ਸਬਦੁ ਸਚੁ ਨੀਸਾਣੁ ਜੀਉ ॥ ੫ ॥*
*ਸਤਿਗੁਰੁ ਪੁਰਖੁ ਜਿ ਬੋਲਿਆ*
*ਗੁਰਸਿਖਾ ਮੰਨਿ ਲਈ ਰਜਾਇ ਜੀਉ ॥*
*ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥*
*ਸਭ ਪਵੈ ਪੈਰੀ ਸਤਿਗੁਰੂ ਕੇਰੀ*
*ਜਿਥੈ ਗੁਰੂ ਆਪੁ ਰਖਿਆ ॥ ਅੰਗ-੯੨੩-੯੨੪*

ਗੁਰੂ ਅਮਰਦਾਸ ਜੀ ਇਕ ਦਿਨ ਜਦੋਂ ਆਪਣੇ ਪਲੰਘ ਤੇ ਆਰਾਮ ਕਰ ਰਹੇ ਸਨ ਤਾਂ ਬਾਲ ਰੂਪ ਅਰਜਨ ਜੀ ਖੇਡਦੇ ਆਏ ਤੇ ਉਨ੍ਹਾਂ ਬੜੇ ਜ਼ੋਰ ਨਾਲ ਪਲੰਘ ਹਿਲਾ ਦਿੱਤਾ। ਆਪ ਜੀ ਮੁਸਕਰਾ ਕੇ ਪੁੱਛਦੇ ਹਨ, ਇਹ ਕਿਹੜਾ ਬਲੀ ਹੈ ਜਿਸ ਨੇ ਸਾਡਾ ਪਲੰਘ ਹਿਲਾ ਦਿਤਾ? ਉਸ ਵੇਲੇ ਮਾਤਾ ਭਾਨੀ ਆਖਦੇ ਹਨ "ਤੁਹਾਡਾ ਦੋਹਿਤਾ"। ਉਸ ਵੇਲੇ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਭਵਿਖਤ ਬਚਨ ਹੋ ਜਾਂਦਾ ਹੈ ***"ਦੋਹਿਤਾ, ਬਾਣੀ ਕਾ ਬੋਹਿਥਾ"।*** ਜਿਥੇ ਗੁਰੂ ਅਰਜਨ ਦੇਵ ਜੀ ਨੂੰ ਇਸ ਬਚਨ ਦੀ ਬਖਸ਼ਿਸ਼ ਮਾਤਾ ਜੀ ਦੇ ਰਾਹੀਂ ਸਹਿਜ ਸੁਭਾਇ ਹੀ ਪ੍ਰਾਪਤ ਹੋ ਗਈ, ਉਥੇ ਆਪ ਜੀ ਨੇ ਆਪਣੀ ਪਿਆਰ ਦੀ ਲੋਰੀ ਨਾਲ ਇਹ ਅਸੀਸ ਵੀ ਗੁਰੂ ਅਰਜਨ ਸਾਹਿਬ ਜੀ ਨੂੰ ਦਿਤੀ ਕਿ ਹੇ ਪੁੱਤਰ! ਤੈਨੂੰ ਇਕ ਨਿਮਖ ਵਾਸਤੇ ਵੀ ਵਾਹਿਗੁਰੂ ਨਾ ਭੁਲੇ। ਇਸ ਦਾ ਜ਼ਿਕਰ ਗੁਰਬਾਣੀ ਵਿਚ ਪਾਤਸ਼ਾਹ ਜੀ ਆਪ ਹੀ ਕਰਦੇ ਹਨ -

*ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ*
*ਪਿਤਰੀ ਹੋਇ ਉਧਾਰੋ ॥*
*ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ*
*ਜਾ ਕਾ ਅੰਤੁ ਨ ਪਾਰੋ ॥ ੧ ॥*
*ਪੂਤਾ ਮਾਤਾ ਕੀ ਆਸੀਸ ॥*
*ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ*
*ਸਦਾ ਭਜਹੁ ਜਗਦੀਸ ॥ ੧ ॥ ਰਹਾਉ ॥*
*ਸਤਿਗੁਰੁ ਤੁਮ੍ ਕਉ ਹੋਇ ਦਇਆਲਾ*
*ਸੰਤਸੰਗਿ ਤੇਰੀ ਪ੍ਰੀਤਿ ॥*
*ਕਾਪੜੁ ਪਤਿ ਪਰਮੇਸਰੁ ਰਾਖੀ*
*ਭੋਜਨੁ ਕੀਰਤਨੁ ਨੀਤਿ ॥ ੨ ॥*
*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ*
*ਹਰਿ ਸਿਮਰਤ ਅਨਦ ਅਨੰਤਾ ॥*
*ਰੰਗ ਤਮਾਸਾ ਪੂਰਨ ਆਸਾ*
*ਕਬਹਿ ਨ ਬਿਆਪੈ ਚਿੰਤਾ ॥ ੩ ॥*
*ਭਵਰੁ ਤੁਮ੍ਾਰਾ ਇਹੁ ਮਨੁ ਹੋਵਉ*
*ਹਰਿ ਚਰਣਾ ਹੋਹੁ ਕਉਲਾ ॥*
*ਨਾਨਕ ਦਾਸੁ ਉਨਿ ਸੰਗਿ ਲਪਟਾਇਓ*
*ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥ ੪ ॥ ੩ ॥ ੪ ॥*
*ਅੰਗ-੪੯੬*

ਹੇ ਪੁੱਤਰ! ਪ੍ਰਮੇਸ਼ਰ ਦੇ ਗੁਣਾਂ ਦਾ ਅੰਤ ਨਹੀਂ ਉਸ ਦਾ ਨਾਮ ਸਿਮਰ ਕੇ ਪਾਪਾਂ ਦਾ ਨਾਸ਼ ਤੇ ਪਿਤਰਾਂ ਦਾ ਉਧਾਰ ਹੋ ਜਾਂਦਾ ਹੈ। ਸਦਾ ਉਸ ਦਾ ਨਾਮ ਸਿਮਰਦੇ ਰਹੋ। ਸਤਿਗੁਰੂ ਦੀ ਕ੍ਰਿਪਾ ਦੁਆਰਾ ਤੇਰਾ ਪਿਆਰ ਗੁਰੂ ਨਾਲ ਬਣਿਆ ਰਹੇ, ਪ੍ਰਮੇਸ਼ਰ ਤੇਰੀ ਇਜ਼ਤ ਰੱਖੇ, ਉਸ ਦੀ ਸਿਫਤ-ਸਲਾਹ ਤੇਰੀ ਰੂਹ ਦੀ ਖੁਰਾਕ ਬਣੀ ਰਹੇ। 'ਨਾਮ' ਦਾ ਅੰਮ੍ਰਿਤ ਜਲ ਪੀਂਦਿਆਂ ਤੇਰੇ ਆਤਮਿਕ ਜੀਵਨ ਦਾ ਅੰਨਦ ਤੇ ਖੇੜਾ ਬਣਿਆ ਰਹੇ, ਤੇਰੀਆਂ ਸਭੇ ਆਸਾਂ ਪੂਰੀਆਂ ਹੋਣ, ਤੈਨੂੰ ਕਦੀ ਵੀ ਚਿੰਤਾ ਨਾ ਵਿਆਪੇ। ਤੇਰਾ ਮਨ ਪ੍ਰਭੂ ਦੇ ਚਰਨਾਂ ਨਾਲ ਲਿਪਟਿਆ ਰਹੇ ਜਿਵੇਂ ਭੌਰਾ ਕਉਲ ਫੁੱਲ ਤੇ ਮਸਤ ਰਹਿੰਦਾ ਹੈ ਤੇ ਬਬੀਹਾ ਸਵਾਂਤੀ ਬੂੰਦ ਪੀ ਕੇ ਖਿੜਿਆ ਰਹਿੰਦਾ ਹੈ। ਸਤਿਗੁਰੂ ਜੀ ਦੀ ਬਾਣੀ ਅਗਾਧ ਬੋਧ ਹੈ ਤੇ ਸੁਤੇਸਿਧ ਹੀ ਮਾਤਾ ਜੀ ਦੇ ਇਸ ਉਪਦੇਸ਼ ਨੂੰ ਕਮਾ ਕੇ ਫੁਰਮਾਨ ਕਰਦੇ ਹਨ।

*ਹਰਿ ਧਨੁ ਜਾਪ ਹਰਿ ਧਨੁ ਤਾਪ*
*ਹਰਿ ਧਨੁ ਭੋਜਨੁ ਭਾਇਆ ॥*
*ਨਿਮਖ ਨ ਬਿਸਰਉ ਮਨ ਤੇ ਹਰਿ ਹਰਿ*
*ਸਾਧਸੰਗਤਿ ਮਹਿ ਪਾਇਆ ॥ ੧ ॥*
*ਮਾਈ ਖਾਟਿ ਆਇਓ ਘਰਿ ਪੂਤਾ ॥*
*ਹਰਿ ਧਨੁ ਚਲਤੇ ਹਰਿ ਧਨੁ ਬੈਸੇ*
*ਹਰਿ ਧਨੁ ਜਾਗਤ ਸੂਤਾ ॥ ੧ ॥ ਰਹਾਉ ॥*
*ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ*
*ਹਰਿ ਸੰਗਿ ਲਾਇ ਧਿਆਨਾ ॥*

*ਹਰਿ ਧਨੁ ਤੁਲਹਾ ਹਰਿ ਧਨੁ ਬੇੜੀ*
*ਹਰਿ ਹਰਿ ਤਾਰਿ ਪਰਾਨਾ ॥ ੨ ॥*
*ਹਰਿ ਧਨ ਮੇਰੀ ਚਿੰਤ ਵਿਸਾਰੀ*
*ਹਰਿ ਧਨਿ ਲਾਹਿਆ ਧੋਖਾ ॥*
*ਹਰਿ ਧਨ ਤੇ ਮੈ ਨਵ ਨਿਧਿ ਪਾਈ*
*ਹਾਥਿ ਚਰਿਓ ਹਰਿ ਥੋਕਾ ॥ ੩ ॥*
*ਖਾਵਹੁ ਖਰਚਹੁ ਤੋਟਿ ਨ ਆਵੈ*
*ਹਲਤ ਪਲਤ ਕੈ ਸੰਗੇ ॥*
*ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ*
*ਇਹੁ ਮਨੁ ਹਰਿ ਰੰਗਿ ਰੰਗੇ ॥ ੪ ॥ ੨ ॥ ੩ ॥*

*ਅੰਗ-੪੯੬*

ਧਰਮ ਦੀ ਦੁਨੀਆਂ ਵਿਚ ਸਥਿਰ ਰਹਿ ਕੇ ਜੇਕਰ ਅਜੋਕੇ ਸਮੇਂ ਦੀਆਂ ਮਾਤਾਵਾਂ ਇਹ ਅਸੀਸ ਆਪਣੇ ਬੱਚਿਆਂ ਨੂੰ ਦੇਵਣ ਤਾਂ ਕੁਦਰਤੀ ਤੌਰ ਤੇ ਉਨ੍ਹਾਂ ਬੱਚਿਆਂ ਦਾ ਜੀਵਨ ਅਧਿਆਤਕ-ਸਦਾਚਾਰਿਕ ਬਣ ਜਾਏਗਾ। ਉਹ ਜੀਵਨ ਵਿਚ ਕਦੀ ਵੀ ਕੁਰਾਹੇ ਨਹੀਂ ਪੈਣਗੇ, ਆਪਣੇ ਧੁਰੇ ਨਾਲ ਜੁੜੇ ਰਹਿਣਗੇ। ਸਾਡੇ ਸਾਰਿਆਂ ਵਾਸਤੇ ਵੀ ਇਹ ਅਮੋਲਕ ਬਚਨ ਹਨ ਕਿ ਜਿਸ ਦੀ ਝੋਲੀ ਵਿਚ 'ਨਾਮ' ਪੈ ਜਾਵੇ ਉਥੇ ਸਾਰੀਆਂ ਬਰਕਤਾਂ ਆਪਣੇ ਆਪ ਆ ਜਾਂਦੀਆਂ ਹਨ। ਪਿਆਰੇ ਮਹਾਂਪੁਰਸ਼ (ਸੰਤ ਵਰਿਆਮ ਸਿੰਘ ਜੀ) ਵੀ ਬਚਨ ਕਰਿਆ ਕਰਦੇ ਸਨ ਕਿ ਜਿਸ ਵੇਲੇ ਬੱਚਾ ਮਾਤਾ ਦੇ ਗਰਭ ਵਿਚ ਹੁੰਦਾ ਹੈ ਉਸ ਵੇਲੇ ਮਾਤਾ ਜੋ ਚਿਤਵਦੀ ਹੈ, ਦੇਖਦੀ ਹੈ ਅਤੇ ਜੈਸੇ ਵਾਤਾਵਰਨ ਵਿਚ ਰਹਿੰਦੀ ਹੈ ਉਸ ਦਾ ਅਸਰ ਬੱਚੇ ਤੇ ਪੈਂਦਾ ਹੈ। ਮਾਂ ਜਦੋਂ ਛੋਟੇ ਬਾਲ ਨੂੰ ਗੋਦੀ ਵਿਚ ਲੈ ਕੇ ਦੁਧ ਪਿਆਂਦੀ ਹੈ, ਉਸ ਵੇਲੇ ਜੋ ਬੋਲਦੀ ਹੈ, ਸੋਚਦੀ ਹੈ, ਉਸ ਦਾ ਅਸਰ ਵੀ ਬੱਚੇ ਤੇ ਪੈਂਦਾ ਹੈ।

ਆਪ ਜੀ ਦੀ ਔਲਾਦ ਤਿੰਨ ਪੁੱਤਰਾਂ ਦੀ ਦਾਤ ਪ੍ਰਾਪਤ ਸੀ। ਵੱਡੇ ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ ਜੀ ਤੇ ਸ੍ਰੀ ਅਰਜਨ ਦੇਵ ਜੀ ਸਭ ਤੋਂ ਛੋਟੇ ਸਨ। ਬਾਬਾ ਪ੍ਰਿਥੀ ਚੰਦ ਨੂੰ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ਪ੍ਰਾਪਤ ਕਰਨ ਦੀ ਲਾਲਸਾ ਸੀ। ਉਹ ਸਮਝਦਾ ਸੀ ਕਿ ਮੇਰੇ ਕਰਕੇ ਹੀ ਗੁਰੂ ਘਰ ਦਾ ਸਾਰਾ ਪ੍ਰਬੰਧ ਚਲ ਰਿਹਾ ਹੈ ਕਿਉਂਕਿ ਪੈਸੇ-ਟਕੇ ਦਾ ਲੈਣ ਦੇਣ, ਰਸਤਾਂ-ਵਸਤਾਂ ਦੀ ਖਰੀਦ-ਦਾਰੀ, ਸੰਗਤਾਂ ਦਾ ਪ੍ਰਬੰਧ ਆਦਿ ਉਹ ਆਪ ਕਰਦਾ ਸੀ। ਜਦੋਂ ਗੁਰੂ ਰਾਮ ਦਾਸ ਜੀ ਨੇ ਵੱਡੇ ਭਰਾਤਾ ਸਿਹਾਰੀ ਮੱਲ ਜੀ ਦੇ ਬੇਟੇ ਦੇ ਵਿਆਹ ਕਾਰਜ ਵਿਚ ਲਾਹੌਰ ਜਾਣ ਲਈ ਕਿਹਾ ਤਾਂ ਨਾਂਹ ਕਰ ਦਿਤੀ ਕਿਉਂਕਿ ਉਸ ਨੂੰ ਗੁਰੂ ਪਿਤਾ ਜੀ ਦੀ ਥੋੜੀ ਆਯੂ ਦੇ ਰਾਜ਼ ਦਾ ਪਤਾ ਸੀ। ਮਹਾਂਦੇਵ ਜੀ ਨੇ ਵੀ ਜਵਾਬ ਦੇ ਦਿਤਾ, ਅਰਜਨ ਜੀ ਨੇ ਸੀਸ ਝੁਕਾ ਕੇ ਹੁਕਮ ਮੰਨਿਆ ਤੇ ਲਾਹੌਰ ਚਲੇ ਗਏ। ਜਦੋਂ ਗੁਰਤਾ ਗੱਦੀ ਦੇਣ ਦਾ ਸਮਾਂ ਆਇਆ ਤਾਂ ਮਾਤਾ ਭਾਨੀ ਜੀ ਨੇ ਪ੍ਰਿਥੀ ਚੰਦ ਨੂੰ ਸਮਝਾਇਆ ਕਿ ਬੇਟਾ! ਤੇਰੇ ਪਿਤਾ ਜੀ ਗੱਦੀ ਉਸ ਨੂੰ ਹੀ ਦੇਣਗੇ ਜਿਹੜਾ ਇਸ ਦੇ ਲਾਇਕ ਹੋਵੇਗਾ ਤੇ ਕਸਵੱਟੀ ਤੇ ਖਰਾ ਉਤਰੇਗਾ।

*ਤਖਿਤ ਬਹੈ ਤਖਤੈ ਕੀ ਲਾਇਕ॥ ਅੰਗ-੧੦੩੯*

ਜਦੋਂ ਬਾਬਾ ਬੁੱਢਾ ਜੀ ਸਾਹਿਬ ਨੇ ਗੁਰ ਗੱਦੀ ਦਾ ਤਿਲਕ ਗੁਰੂ ਅਰਜਨ ਜੀ ਨੂੰ ਲਾ ਦਿਤਾ ਤਾ ਇਸ ਨੇ ਬਾਬਾ ਜੀ ਨੂੰ ਬੜੇ ਨਿਰਾਦਰ ਭਰੇ ਬਚਨ ਕਹੇ। ਬਾਬਾ ਜੀ ਕਹਿਣ ਲੱਗੇ ਕਿ ਗੁਰਗੱਦੀ ਕਿਸੇ ਜਾਇਦਾਦ ਨਹੀਂ, ਧੁਰ ਦਰਗਾਹ ਦੀ ਬਖਸ਼ਿਸ਼ ਹੁੰਦੀ ਹੈ। ਇਹ ਬਖਸ਼ਿਸ਼ ਕਿਸੇ ਸੇਵਕ ਤੇ ਵੀ ਹੋ ਸਕਦੀ ਹੈ ਤੇ ਕਿਸੇ ਲਾਇਕ ਪੁੱਤਰ ਤੇ ਵੀ ਹੋ ਸਕਦੀ ਹੈ। ਜਨਮ ਤੋਂ ਹੀ ਇਨ੍ਹਾਂ ਨੇ ਗੁਰੂ ਦੀ ਮੱਤ ਦੁਆਰਾ ਬ੍ਰਹਮ ਦੀ ਪਛਾਣ ਕੀਤੀ ਹੈ ਸਾਰੀ ਸੋਝੀ ਰੱਖਣ ਵਾਲੇ ਹਨ।

*ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥ ਅੰਗ-੧੪੦੭*

ਇਹ ਸੁਣ ਕੇ ਉਹ ਲਾਲ-ਪੀਲਾ ਗੁੱਸੇ ਨਾਲ ਭਰਿਆ ਹੋਇਆ ਗੁਰੂ ਪਿਤਾ ਜੀ ਨਾਲ ਬਹਿਸ ਕਰਨ ਲੱਗ ਪਿਆ। ਉਸ ਵੇਲੇ ਸ੍ਰੀ ਗੁਰੂ ਰਾਮ ਦਾਸ ਜੀ ਨੇ ਕਿਹਾ ਕਿ ਤੈਨੂੰ ਪੈਸੇ ਦਾ ਬੜਾ ਹੰਕਾਰ ਹੈ। ਇਸ ਦਾ ਸੁੱਖ ਤਾਂ ਛਿੰਨ-ਭੰਗਰ ਹੈ ਤੇ ਪਿਛੋਂ ਪਛਤਾਣਾ ਪੈਂਦਾ ਹੈ। ਇਸ ਤਰ੍ਹਾਂ ਨਾਲ ਫੁਰਮਾਨ ਕੀਤਾ।

*ਕਾਹੇ ਪੂਤ ਝਗਰਤ ਹਉ ਸੰਗਿ ਬਾਪ॥*
*ਜਿਨ ਕੇ ਜਣੇ ਬਡੀਰੇ ਤੁਮ ਹਉ*
*ਤਿਨ ਸਿਉ ਝਗਰਤ ਪਾਪ॥ਰਹਾਉ॥*
*ਜਿਸੁ ਧਨ ਕਾ ਤੁਮ ਗਰੁਬ ਕਰਤ ਹਉ*
*ਸੋ ਧਨੁ ਕਿਸਹਿ ਨ ਆਪ॥*
*ਖਿਨ ਮਹਿ ਛੋਡਿ ਜਾਇ ਬਿਖਿਆ ਰਸੁ*
*ਤਉ ਲਾਗੈ ਪਛੁਤਾਪ॥*
*ਜੋ ਤੁਮਰੇ ਪ੍ਰਭ ਹੋਤੇ ਸੁਆਮੀ*
*ਹਰਿ ਤਿਨ ਕੇ ਜਾਪਹੁ ਜਾਪ॥*
*ਉਪਦੇਸੁ ਕਰਤ ਨਾਨਕ ਜਨ ਤੁਮ ਕਉ*
*ਜਉ ਸੁਨਹੁ ਤਉ ਜਾਇ ਸੰਤਾਪ॥ ਅੰਗ-੧੨੦੦*

ਗੁਰੂ ਪਿਤਾ ਜੀ ਦੇ ਸਮਝਾਉਣ ਦੇ ਬਾਵਜੂਦ ਵੀ ਉਹ ਤੁਰਕ ਹਾਕਮਾਂ ਨਾਲ ਮਿਲ ਕੇ ਗੁਰਗੱਦੀ ਨੂੰ ਹਥਿਆਉਣ ਦੇ ਕੋਝੇ ਜਤਨ ਕਰਦਾ ਰਿਹਾ ਪਰ ਕਾਮਯਾਬ ਨਾ ਹੋ ਸਕਿਆ।

ਸੋ ਮਾਤਾ ਭਾਨੀ ਜੀ ਗੁਰੂ ਰਾਮ ਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਵੀ ਲੰਗਰਾਂ ਵਿਚ ਉਸੇ ਤਰ੍ਹਾਂ ਸੇਵਾ ਨਿਭਾਉਂਦੇ ਰਹੇ। ਇਸ ਤਰ੍ਹਾਂ ਸੇਵਾ ਤੇ ਸਿਮਰਨ ਕਰਦਿਆਂ ਗੋਇੰਦਵਾਲ ਸਾਹਿਬ ਵਿਖੇ ਆਪਣੇ ਪੰਚ ਭੁਤਕ ਸਰੀਰ ਦਾ ਤਿਆਗ ਕਰਕੇ 1598 ਈਸਵੀ ਵਿਚ ਸਚਖੰਡ ਬਿਰਾਜ ਗਏ। ਆਪ ਜੀ ਦਾ ਮਹਾਨ ਪਰਉਪਕਾਰੀ ਜੀਵਨ ਅਤੀ ਆਦਰਨੀਯ, ਪ੍ਰੇਰਨਾਦਾਇਕ ਤੇ ਪਦਪ੍ਰਸ਼ਕ ਹੈ ਜੋ ਸਦਾ ਵਾਸਤੇ ਚਾਨਣ ਮੁਨਾਰੇ ਵਾਂਗ ਜਗਮਗਾਂਦਾ ਰਹੇਗਾ।

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-55)*

ਕੁੰਡਲਨੀ ਯੋਗ ਦਾ ਅਭਿਆਸ ਕੇਵਲ ਕੁੰਡਲਨੀ ਜਾਗਰਣ ਕਰਨਾ ਹੀ ਨਹੀਂ ਪਰ ਤਰੀਕੇ ਨਾਲ ਹਰ ਚੱਕਰ ਨੂੰ ਵਿੰਨਦੇ ਹੋਏ ਸਭ ਤੋਂ ਉਪਰ ਵਾਲੇ ਚੱਕਰ 'ਤੇ ਲੈ ਜਾਣਾ ਅਤੇ ਸ਼ਿਵ ਨਾਲ ਮਿਲਾ ਦੇਣਾ ਹੁੰਦਾ ਹੈ। ਜਦੋਂ ਇਹ ਪ੍ਰਾਪਤੀ ਹੋ ਜਾਂਦੀ ਹੈ ਤਾਂ ਮਨੁੱਖ ਪੂਰੀ ਤਰ੍ਹਾਂ ਚੇਤਨ ਹੋ ਜਾਂਦਾ ਹੈ। ਫੇਰ ਕੋਈ ਵੀ ਅਚੇਤ ਮਨ ਨਹੀਂ ਰਹਿੰਦਾ। ਮਨੁੱਖ ਬਿਲਕੁਲ ਪੂਰਾ ਚੇਤਨ ਹੋ ਜਾਂਦਾ ਹੈ। ਹਰੇਕ ਚੱਕਰ ਵਿਚ ਸ਼ਕਤੀ ਪੈਦਾ ਹੋ ਜਾਂਦੀ ਹੈ। ਮਨੁੱਖ ਪੂਰੀ ਤਰ੍ਹਾਂ ਨਾਲ ਸਮਾਧੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਐਸਾ ਹੀ ਕਿਹਾ ਜਾਂਦਾ ਹੈ।

ਇਕ ਸਥਿਰ ਸ਼ਕਤੀ ਹੁੰਦਿਆਂ ਹੋਇਆਂ ਕੁੰਡਲਨੀ ਸੰਸਾਰ ਦੀ ਸ਼ਕਤੀ ਸਥਿਰ ਰਖਦੀ ਹੈ ਪਰ ਜਦੋਂ ਸ਼ਿਵ ਨਾਲ ਮਿਲਦੀ ਹੈ ਉਦੋਂ ਸੰਸਾਰ ਦੀ ਚੇਤਨਤਾ ਉਸ ਵਿਚ ਖਤਮ ਹੋ ਜਾਂਦੀ ਹੈ। ਜਦੋਂ ਉਸ ਨੂੰ ਜਾਗ੍ਰਤ ਕੀਤਾ ਜਾਂਦਾ ਹੈ, ਉਹ ਉਪਰ ਵਲ ਜਾਂਦੀ ਹੈ। ਕੁੰਡਲਨੀ ਆਪਣੇ ਆਪ ਵਿਚ ਸਿਮਟ ਜਾਂਦੀ ਹੈ। ਆਪਣੀਆਂ ਸ਼ਕਤੀਆਂ ਸਮੇਟ ਕੇ, ਆਪਣੀਆ ਸ਼ਕਤੀਆਂ ਪ੍ਰਤੀ ਜਾਗ ਰੂਪ ਹੋ ਜਾਂਦੀ ਹੈ। ਯੋਗੀ ਦਾ ਅੰਤਮ ਮਿਸ਼ਨ ਹੈ ਵਿਸ਼ਵ ਸ਼ਕਤੀ ਵਿਚ ਸਮੋ ਜਾਣਾ। ਬਾਹਰੋਂ ਭਾਵੇਂ ਸਰੀਰ ਜਿਉਂਦਾ ਨਾ ਦਿਸੇ ਪਰ ਇਹ ਕੰਮ ਕਰਦਾ ਰਹਿੰਦਾ ਹੈ। ਪਹਿਲਾਂ ਬਿਜਲੀ ਦੀ ਸ਼ਕਤੀ ਤੋਂ ਅਸੀਂ ਜਾਣੂ ਨਹੀਂ ਸੀ। ਸਾਡੀ ਪ੍ਰਾਣਾਂ ਦੀ ਜਾਚ ਬਾਰੇ ਅੱਜ ਵੀ ਇਹ ਹਾਲ ਹੈ। ਇਸ ਸੂਖਸ਼ਮ ਸ਼ਕਤੀ ਬਾਰੇ ਅੱਜ ਵੀ ਬਹੁਤ ਗਿਆਨ ਨਹੀਂ ਹੈ। ਅੱਜ ਦੇ ਸਮੇਂ ਇਸ ਨੂੰ ਵਿਗਿਆਨ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਅੱਜ ਇਸ ਨੂੰ ਯੋਗਾ ਵਿਚ ਅੰਤਰਮੁਖੀ ਹੋਣ ਦੇ ਰੂਪ ਵਿਚ ਦੇਖਿਆ ਜਾਂਦਾ ਹੈ।

ਪ੍ਰਾਣ ਕਿਸੇ ਵੀ ਖਾਸ ਕੰਮ ਲਈ ਸੰਗਠਨ ਕੀਤੇ ਜਾਂਦੇ ਹਨ। ਇਹ ਬਿਜਲੀ ਦੀ ਤਰ੍ਹਾਂ ਹੀ ਬਹਿੰਦੇ ਹਨ ਤੇ ਸਰੀਰ ਵਿਚ ਬਿਜਲੀ ਦੀ ਧਾਰ ਦੀ ਤਰ੍ਹਾਂ ਕੰਮ ਕਰਦੇ ਹਨ। ਜਿਥੇ ਲੋੜ ਹੁੰਦੀ ਹੈ ਉਥੇ ਹੀ ਇਕੱਠੇ ਹੋ ਜਾਂਦੇ ਹਨ। ਇਨ੍ਹਾਂ ਦਾ ਕੋਈ ਸਰੀਰ ਵਿਚ ਕੇਂਦਰ ਨਹੀਂ ਹੈ। ਭਾਵੇਂ ਸਰੀਰ ਦੇ ਵੱਖ-ਵੱਖ ਕੇਂਦਰਾਂ ਵਿਚ ਹੁੰਦੇ ਹਨ। ਇਹਨਾਂ ਸ਼ਕਤੀ ਕੇਂਦਰਾਂ ਨੂੰ ਚੱਕਰ ਕਿਹਾ ਜਾਂਦਾ ਹੈ। ਇਹ ਚੱਕਰ ਸਰੀਰ ਦੇ ਵੱਖ-ਵੱਖ ਕੇਂਦਰਾਂ ਨੂੰ ਕੰਟਰੋਲ ਕਰਦੇ ਹਨ। ਜਦੋਂ ਸ਼ਕਤੀ ਇਹਨਾਂ ਵਿਚ ਇਕੱਠੀ ਹੁੰਦੀ ਹੈ, ਮਨੁੱਖ ਬਿਲਕੁਲ ਹੇਠਲੇ ਪੱਧਰ 'ਤੇ ਹੁੰਦਾ ਹੈ।

### ਅੰਦਰ ਦੇ ਗੁਣਾਂ ਨੂੰ ਜਾਗਰਣ ਕਰਨਾ

ਪੁਰਾਤਨ ਸੋਚ ਅਨੁਸਾਰ ਸ਼ਕਤੀ ਕੇਵਲ ਅੰਦਰ ਦੀ ਸ਼ਕਤੀ ਹੀ ਨਹੀਂ ਹੁੰਦੀ, ਅੰਦਰ ਦੀਆਂ ਯਾਦਾਂ ਵੀ ਹੁੰਦੀਆਂ ਹਨ। ਅੱਜ ਦੀ ਸੋਚ ਅਨੁਸਾਰ ਅੰਦਰ ਦੀ ਸੋਚ ਅਚੇਤ ਮਨ ਦੀਆਂ ਯਾਦਾਂ ਹਨ। ਸ਼ਕਤੀ ਦੀ ਤਰ੍ਹਾਂ ਅਚੇਤ ਮਨ ਅਨਜਾਣ ਸ਼ਕਤੀਆਂ ਦਾ ਭੰਡਾਰ ਹੈ ਜਿਨ੍ਹਾਂ ਦਾ ਅਚੇਤ ਮਨ ਤੇ ਕੰਟਰੋਲ ਹੈ, ਉਹਨਾਂ ਦੀਆਂ ਯਾਦਾਂ ਦਾ ਭੰਡਾਰ ਹੈ। ਸਿਰਜਨਾਤਮਕ ਹੈ। ਸੋ ਇਹ ਅੰਦਰ ਦੀ ਸ਼ਕਤੀ ਦਾ ਭੰਡਾਰ ਜਿਹੜੇ ਅੰਦਰ ਦੀ ਸ਼ਕਤੀ ਨੂੰ ਪ੍ਰਗਟ ਕਰ ਲੈਂਦੇ ਹਨ, ਉਹ ਪ੍ਰਤਿਭਾ ਬਣ ਜਾਂਦੇ ਹਨ। ਕਿਸੇ ਵੀ ਸਮੇਂ ਦੇ, ਕਿਸੇ ਵੀ ਸਭਿਅਤਾ ਦੇ, ਆਚਾਰ ਦੇ ਕਿਉਂ ਨਾ ਹੋਣ।

ਬਦਲਾਅ ਨੂੰ ਹੀ ਕੁੰਡਲਨੀ ਜਾਗਰਣ ਕਿਹਾ ਜਾਂਦਾ ਹੈ। ਆਮ ਤੌਰ 'ਤੇ ਇਹ ਇਕ ਦਮ ਹੀ ਹੁੰਦੀ ਹੈ ਤੇ ਬਹੁਤ ਹੀ ਤਿੱਖੀ ਹੁੰਦੀ ਹੈ ਪਰ ਇਹੋ ਜਿਹਾ ਅਨੁਭਵ ਬਹੁਤ ਘੱਟ ਹੀ ਹੁੰਦਾ ਹੈ। ਜਦੋਂ ਸ਼ਕਤੀ ਦਾ ਅਨੁਭਵ ਇਕ ਦਮ ਅਚਾਨਕ ਹੁੰਦਾ ਹੈ ਤੇ ਤੁਸੀਂ ਆਪਣੇ ਆਪ ਨੂੰ ਬਿਲਕੁਲ ਠੀਕ ਮਹਿਸੂਸ ਕਰਦੇ ਹੋ ਤੇ ਇਹ ਬਦਲਾਓ ਤੁਸੀਂ ਚੇਤਨ ਮਨ ਤੇ ਵੀ ਅਨੁਭਵ ਕਰਦੇ ਹੋ ਜਦੋਂ ਅਚੇਤ ਮਨ ਦੀ ਸ਼ਕਤੀ ਚੇਤਨਾ ਵਿਚ ਬਦਲਦੀ ਹੈ। ਬਹੁਤ ਵਾਰੀ ਜਿਥੇ ਅੰਦਰਲੀ ਸ਼ਕਤੀ ਜਾਗਰਣ ਹੁੰਦੀ ਹੈ ਇਸ ਨਾਲ ਫੇਰ ਬਹੁਤ ਹੀ ਫਰਕ ਵਾਲੇ ਅਨੁਭਵ ਹੁੰਦੇ ਹਨ। ਸਰੀਰ ਭਾਵੇਂ ਠੰਢਾ ਹੋ ਜਾਵੇ, ਕਿਹਾ ਜਾਂਦਾ ਹੈ, ਸ਼ਕਤੀ ਸ਼ਿਵ ਨੂੰ ਮਿਲ ਕੇ ਅੰਮ੍ਰਿਤ ਦੇ ਕੇ ਚੇਤਨਾ ਤੋਂ ਉਪਰ ਉਠ ਜਾਂਦੀ ਹੈ।

ਸ਼ਿਵ ਦਾ ਸ਼ਕਤੀ ਨਾਲ ਮੇਲ ਅੰਤਿਮ ਗੋਲ ਹੈ। ਬਹੁਤ ਘਟ ਲੋਕ ਇਸ ਤਕ ਪਹੁੰਚਦੇ ਹਨ ਤੇ ਇਹ ਪ੍ਰਾਪਤੀ ਕਰ ਸਕਦੇ ਹਨ।

### ਕੁੰਡਲਨੀ ਜਾਗਰਣ ਦੀ ਤਿਆਰੀ

ਯੋਗਾ ਵਿਚ ਬਹੁਤ ਸਾਰੇ ਤਰੀਕੇ ਕੁੰਡਲਨੀ ਜਾਗਰਣ ਦੇ ਦੱਸੇ ਗਏ ਹਨ। ਅਧਿਆਪਕ ਵਿਦਿਆਰਥੀ ਦੇ ਮੁਤਾਬਿਕ ਤਰੀਕਾ ਦਸਦਾ ਹੈ। ਤਰੀਕਾ ਦੱਸਣ ਤੋਂ ਪਹਿਲਾਂ ਮੈਂ ਸਿਖਿਅਕ ਨੂੰ ਚੇਤਾਵਨੀ ਦੇਣਾ ਚਾਹਾਂਗਾ ਤਾਂ ਕਿ ਉਹ ਗਲਤ ਰਸਤੇ ਨਾ ਪੈ ਜਾਵੇ ਕਿਉਂਕਿ ਬਹੁਤ ਸਾਰੇ ਗਾਇਡ ਅਜੇ ਆਪਣੇ ਆਪ ਨਹੀਂ ਪੂਰੀ ਤਰ੍ਹਾਂ ਨਾਲ ਪਰਪੱਕ ਹੁੰਦੇ।

ਕੁੰਡਲਨੀ ਯੋਗ ਤੇ ਤੰਤਰ ਸ਼ਾਇਦ ਸਭ ਤੋਂ ਵੱਧ ਗਲਤ ਇਸਤੇਮਾਲ ਹੁੰਦੇ ਹਨ। ਪੱਛਮ ਵਿਚ ਬਹੁਤ ਗਲਤ ਤਰੀਕੇ ਨਾਲ ਵਰਤੇ ਜਾਂਦੇ ਹਨ। ਇਹ ਸਿੱਧੀ ਹੀ ਸ਼ਕਤੀ ਜਾਗਰਣ ਕਰ ਦਿੰਦੀ ਹੈ। ਉਹ ਵਾਸਤਵ ਵਿਚ ਸਲਾਹ ਨਾਲ ਹੀ ਕੁੰਡਲਨੀ ਜਾਗਰਣ ਕਰਦੇ ਹਨ। ਬਹੁਤ ਸਾਰੀਆ ਰਿਪੋਰਟਾਂ ਜਿਹੜੀਆਂ ਅਸੀਂ ਦੇਖਦੇ ਹਾਂ, ਉਹ ਕੇਵਲ ਇੱਕ ਤਰ੍ਹਾਂ ਨਾਲ ਇਸੇ ਜੀਵਨ ਵਿਚ ਹੁੰਦਾ ਹੀ ਹੈ।

ਕੁੰਡਲਨੀ ਨੂੰ ਸਮਝਣਾ ਬਹੁਤ ਹੀ ਔਖਾ ਹੈ। ਉਹ ਆਪਣੀ ਹੀ ਸ਼ਕਤੀ ਨਾਲ ਧੋਖਾ ਖਾ ਲੈਂਦੇ ਹਨ। ਕੁੰਡਲਨੀ ਜਾਗਰਣ ਕਰਨ ਲਈ ਪਹਿਲਾਂ ਅਭਿਆਸ ਕਰਨਾ ਚਾਹੀਦਾ ਹੈ। ਬਿਨਾਂ ਅਭਿਆਸ ਦੇ ਆਪਣੀ ਸ਼ਕਤੀ ਨੂੰ ਤਾਕਤ ਦੇਣ ਤੋਂ ਆਪਣੀ ਤਾਕਤ ਨੂੰ ਵਧਾਉਣ ਤੋਂ ਸਕਤੀ ਤੁਹਾਨੂੰ ਪਰੇਸ਼ਾਨ ਕਰ ਦੇਵੇਗੀ। ਬਿਨਾਂ ਸਵੈ ਕੰਟਰੋਲ ਦੇ ਇਹ ਸ਼ਕਤੀ ਸਰੀਰ ਨੂੰ ਨੁਕਸਾਨ ਪੁਚਾ ਦੇਵੇਗੀ ਜਿਵੇਂ ਤੁਸੀਂ ਕੋਈ ਤਾਕਤਵਰ ਦਵਾਈ ਖਾ ਕੇ ਸ਼ਕਤੀ ਦਾ ਬਹਾਅ ਮਹਿਸੂਸ ਕਰਦੇ ਹੋ। ਬਿਲਕੁਲ ਉਸ ਤਰ੍ਹਾਂ ਹੀ ਹੁੰਦਾ ਹੈ। ਜੇ ਪਹਿਲਾਂ ਹੌਲੀ-ਹੌਲੀ ਤਿਆਰੀ ਕਰਕੇ ਮਨ ਸ਼ੁੱਧ ਕਰ ਲਵੇ ਫੇਰ ਇਹ ਐਨਾ ਔਖਾ ਨਹੀਂ ਹੁੰਦਾ।

## ਸਿਖਾਉਣ ਵਾਲੇ ਦੇ ਮਾਰਗ ਦਰਸ਼ਨ ਦੀ ਲੋੜ

ਕੁੰਡਲਨੀ ਸ਼ਬਦ ਦੇ ਅਰਥ ਹਨ ਅੱਗ ਦਾ ਗੋਲਾ। ਤਕਰੀਬਨ ਸਾਰੀਆਂ ਪਰਨਾਲੀਆਂ ਵਿਚ ਇਕੋ ਜਿਹੇ ਅਨੁਭਵ ਦਿਤੇ ਗਏ ਹਨ। ਕੁਰਾਨ ਵਿਚ ਬਾਈਬਲ ਵਿਚ ਤਕਰੀਬਨ ਇਕੋ ਜਿਹੇ ਅਨੁਭਵ ਦਿਤੇ ਗਏ ਹਨ। ਬੁੱਧ ਮਜ਼ਹਬ ਤੇ ਹਿੰਦੂ ਧਰਮ ਵਿਚ ਤਕਰੀਬਨ ਇਕੋ ਜਿਹੇ ਅਨੁਭਵ ਦੱਸੇ ਗਏ ਹਨ ਜਿਨ੍ਹਾਂ ਨਾਲ ਕੁੰਡਲਨੀ ਨੂੰ ਜਾਗਰਣ ਕੀਤਾ ਜਾਂਦਾ ਹੈ। ਇਨ੍ਹਾਂ ਦੋਨੋਂ ਧਰਮਾਂ ਵਿਚ ਦਸਿਆ ਗਿਆ ਹੈ ਕਿ ਕੁੰਡਲਨੀ ਜਾਗਰਣ ਕਰਨ ਲਈ ਬਹੁਤ ਕੁਛ ਲਿਖਿਆ ਗਿਆ ਹੈ। ਇਸ ਗੱਲ 'ਤੇ ਜ਼ੋਰ ਦਿਤਾ ਹੈ ਕਿ ਤੁਹਾਨੂੰ ਇਕ ਕਾਬਲ ਟੀਚਰ ਦੀ ਲੋੜ ਹੈ।

ਬਹੁਤ ਸਾਰੇ ਗ੍ਰੰਥਾਂ ਵਿਚ ਕੁੰਡਲਨੀ ਬਾਰੇ ਦਸਿਆ ਹੀ ਨਹੀਂ ਗਿਆ। ਇਸ ਕਰਕੇ ਬਹੁਤ ਵਾਰੀ ਜਗਿਆਸੂ ਆਪਣੇ ਹੀ ਤਰੀਕੇ ਨਾਲ ਉਸ ਨੂੰ ਕਾਬੂ ਕਰ ਲੈਂਦਾ ਹੈ। ਬਹੁਤ ਵਾਰੀ ਉਹ ਆਪਣੇ ਵਜੂਦ ਨੂੰ ਕੰਟਰੋਲ ਹੀ ਨਹੀਂ ਕਰ ਸਕਦਾ ਪਰ ਯੋਗ ਦੇ ਅਭਿਆਸ ਵਿਚ ਇਸ ਤਰ੍ਹਾਂ ਨਹੀਂ ਹੈ ਜਾਂ ਕਿਸੇ ਉਚ ਕੋਟੀ ਦੇ ਯੋਗੀ ਟੀਚਰ ਦੀ ਨਿਗਰਾਨੀ ਵਿਚ ਪਹਿਲੇ ਪਹਿਲ ਮੈਡੀਟੇਸ਼ਨ ਸ਼ੁਰੂ ਕਰਨ ਲਈ ਮੰਤਰ ਦਿਤਾ ਜਾਂਦਾ ਹੈ। ਮੰਤਰ ਮੈਡੀਟੇਸ਼ਨ ਇਕੱਲਾ ਨਹੀਂ, ਬਹੁਤ ਸਾਰੇ ਅਭਿਆਸ ਨਾਲ ਦਿਤਾ ਜਾਂਦਾ ਹੈ। ਜਗਿਆਸੂ ਨੂੰ ਅਗਲੇ ਅਭਿਆਸ ਲਈ ਤਿਆਰ ਕੀਤਾ ਜਾਂਦਾ ਹੈ। ਸਰੀਰਕ ਅਨੁਸ਼ਾਸਨ ਕੀਤਾ ਜਾਂਦਾ ਹੈ ਅੰਤ ਜਗਿਆਸੂ ਨੂੰ ਉਚੇਰੀ ਅਵਸਥਾ ਲਈ ਤਿਆਰ ਕੀਤਾ ਜਾਂਦਾ ਹੈ। ਜੇਕਰ ਜਗਿਆਸੂ ਇਸ ਅਵਸਥਾ ਵਿਚ ਕਾਮਯਾਬ ਹੋ ਜਾਏ ਤਾਂ ਹੋਰ ਉਚੇਰੀ ਅਵਸਥਾ ਲਈ ਤਿਆਰ ਹੋ ਜਾਂਦਾ ਹੈ ਤੇ ਅੰਦਰ ਦੀ ਉਚੇਰੀ ਅਵਸਥਾ ਨੂੰ ਜਾਗਰਣ ਕਰ ਸਕਦਾ ਹੈ।

ਅਭਿਆਸ ਨਾਲ ਸ਼ਕਤੀ ਪੱਖ ਜਾਗਰਣ ਹੋ ਜਾਂਦਾ ਹੈ। ਬਹੁਤ ਵਾਰੀ ਜਿਹੜਾ ਸ਼ਕਤੀ ਪੱਖ ਦਾ ਅਭਿਆਸ ਕਰਦਾ ਹੈ ਉਸ ਦੇ ਨੇੜੇ ਤੇੜੇ ਦੇ ਲੋਕ ਵੀ ਪ੍ਰਭਾਵਿਤ ਹੋ ਜਾਂਦੇ ਹਨ। ਇਕ ਨਿਗਾਹ ਨਾਲ ਇਕ ਵਾਰੀ ਹੱਥ ਲਾਉਣ ਨਾਲ ਇਥੇ ਤਕ ਕਿ ਤੁਹਾਡੀ ਸੋਚ ਨਾਲ ਵੀ।

ਇਹ ਅਵਸਥਾ ਕਿਸੇ ਦੀ ਦੇਰ ਤਕ ਹੋ ਸਕਦੀ ਹੈ, ਘੰਟਿਆਂ ਲਈ, ਦਿਨਾਂ ਲਈ। ਸੁੱਤੀ ਹੋਈ ਸ਼ਕਤੀ ਜਾਗਰਣ ਹੋ ਜਾਂਦੀ ਹੈ ਪਰ ਹੁਣ ਸਾਧਕ ਦਾ ਭਰੋਸਾ ਹੋਰ ਵੀ ਪੱਕਾ ਹੋ ਜਾਂਦਾ ਹੈ। ਉਹ ਇਸ ਸਾਰੀ ਸ਼ਕਤੀ ਨੂੰ ਅਨੁਭਵ ਕਰਦਾ ਹੈ। ਇਹ ਹਿਪਨੋਸਿਸ ਦੀ ਤਰ੍ਹਾਂ ਨਹੀਂ ਹੈ। ਸਾਧਕ ਇਸ ਅਨੁਭਵ ਤੋਂ ਬਾਅਦ ਬਿਲਕੁਲ ਬਦਲ ਜਾਂਦਾ ਹੈ। ਸਾਧਕ ਨੇ ਇਕ ਝਲਕ ਉਪਰ ਦੀ ਦੇਖ ਲਈ ਹੈ ਜਿਹੜੀ ਉਸ ਦੇ ਨਾਲ ਸਾਰੀ ਉਮਰ ਰਹਿੰਦੀ ਹੈ ਤੇ ਉਸ ਦੀਆਂ ਬਹੁਤ ਸਾਰੀਆਂ ਸ਼ਕਤੀਆਂ ਜਾਗਰਣ ਹੋ ਜਾਂਦੀਆਂ ਹਨ। ਉਹ ਵਧੇਰੇ ਫੁਰਤੀਲਾ, ਸਿਰਜਨਾਤਮਕ ਬਣ ਜਾਦਾ ਹੈ। ਉਹ ਧਾਰਮਿਕ ਪੱਖੋਂ ਵੀ ਉਚੇਰਾ ਹੋ ਜਾਂਦਾ ਹੈ ਪਰ ਉਸ ਨੂੰ ਚੌਕਸ ਹੋ ਕੇ ਰਹਿਣਾ ਪੈਂਦਾ ਹੈ ਆਪਣੀ ਹਉਮੈ ਤੋਂ। ਉਸ ਨੂੰ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ। ਅੰਦਰ ਦੀ ਸ਼ਕਤੀ ਨੂੰ ਸਾਂਭ ਕੇ ਵਰਤਣਾ ਚਾਹੀਦਾ ਹੈ।

## ਸਰੀਰ ਤੇ ਮਨ ਦਾ ਕੰਟਰੋਲ

ਜਿਥੋਂ ਤਕ ਮੇਰਾ ਸਵਾਲ ਹੈ ਮੈਨੂੰ ਪਹਿਲਾਂ ਸਰੀਰ ਬਾਰੇ ਭਾਵ ਸਰੀਰਕ ਵਿਗਿਆਨ ਪੜ੍ਹਾਇਆ ਗਿਆ ਸੀ। ਚਾਰ ਚੀਜ਼ਾਂ ਦਾ ਕੰਟਰੋਲ ਦਸਿਆ ਗਿਆ ਸੀ। ਖਾਣ ਦਾ, ਸੌਣ ਦਾ, ਸੈਕਸ ਦਾ, ਆਪਣੇ ਆਪ ਨੂੰ ਸੰਭਾਲਣ ਦਾ। ਮੈਨੂੰ ਦਸਿਆ ਗਿਆ ਸੀ ਕਿ ਮਨ ਨੂੰ ਕਿਸੇ ਵੀ ਪ੍ਰਭਾਵ ਥੱਲੇ ਨਹੀਂ ਆਉਣ ਦੇਣਾ। ਅੱਛਾ ਖਾਣਾ, ਠੀਕ ਸੋਚਣਾ, ਇਸ ਨੂੰ ਕਰਨ ਲਈ ਬਹੁਤ ਸਮਾਂ ਲੱਗੇਗਾ। ਜਦੋਂ ਤਕ ਕਿਸੇ ਵੀ ਸਰੀਰ ਲਈ ਜਿਹੜਾ ਤੰਦਰੁਸਤ ਨਹੀਂ ਉਸ ਲਈ ਇਹ ਕਰਨਾ ਆਸਾਨ ਨਹੀਂ। ਤੰਦਰੁਸਤ ਸਰੀਰ ਤੇ ਯੋਗ ਵਾਲਾ ਮਨ ਇਹ ਦੋ ਗੱਲਾਂ ਇਸ ਅਵਸਥਾ ਲਈ ਲੋੜੀਂਦੀਆਂ ਹਨ ਤਾਂ ਜੋ ਉਥੇ ਤਕ ਪਹੁੰਚ ਸਕਿਆ ਜਾਵੇ ਜਿਥੋਂ ਕੁੰਡਲਨੀ ਸ਼ੁਰੂ ਹੁੰਦੀ ਹੈ।

ਮੈਂ ਉਨ੍ਹਾਂ ਲੋਕਾਂ ਨੂੰ ਵੀ ਮਿਲਿਆ ਹਾਂ ਜਿਹੜੇ ਕਹਿੰਦੇ ਹਨ ਕੁੰਡਲਨੀ ਜਾਗਰਣ ਕਰਨ ਲਈ ਹੈ ਪਰ ਮੈਨੂੰ ਦਸਿਆ ਗਿਆ ਸੀ ਕਿ ਮੈਂ ਕਿਸੇ ਵੀ ਪ੍ਰਭਾਵ ਥੱਲੇ ਨਾ ਆਵਾਂ। ਭਾਵੇਂ ਭਾਵ ਕਿੰਨੇ ਵੀ ਪ੍ਰਭਾਵਸ਼ਾਲੀ ਹੋਣ ਉਹਨਾਂ ਨੂੰ ਦੂਸਰੇ ਪਾਸੇ ਲਾਓ, ਨਹੀਂ ਤਾਂ ਖੁਸ਼ੀ

*(ਬਾਕੀ ਪੰਨਾ 55 ਤੇ)*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-43)*

ਜਦੋਂ ਇਨ੍ਹਾਂ ਨੂੰ ਆਪਣੇ ਥਾਂ ਤਸੱਲੀ ਹੋ ਗਈ ਕਿ ਜੱਸੀ ਨੂੰ ਭਰੋਸਾ ਬੱਝ ਗਿਆ ਹੈ ਤਾਂ ਇਕ ਦਿਨ ਇਹ ਸਫੁੱਟ ਹੋ ਗਏ ਤੇ ਕਹਿਣ ਲੱਗੇ, ਜੱਸਾਂ! ਦੇਖ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਕਿਹਾ ਸੀ ਕਿ ਸਾਰੇ ਧਰਮ ਤਿਆਗ ਦੇਹ, ਕੇਵਲ ਇਕ ਮੇਰੀ ਸ਼ਰਨ ਲੈ, ਤੂੰ ਫੇਰ ਮੈਨੂੰ ਸਦਾ ਲਈ ਪ੍ਰਾਪਤ ਹੋਵੇਂਗਾ ਤੇ ਮੇਰੇ ਪਾਸ ਰਹੇਂਗਾ। ਹੁਣ ਸੋਚ ਜੱਸਾਂ! ਜੇ ਤੂੰ ਉਸ ਸ੍ਰੀ ਕ੍ਰਿਸ਼ਨ ਦੀ ਸ਼ਰਨ ਲਵੇਂ ਜਿਸ ਦੀ ਕਿ ਅਰਜਨ ਨੇ ਲਈ ਸੀ ਤਾਂ ਉਹ ਕ੍ਰਿਸ਼ਨ ਤਾਂ ਹੁਣ ਅਵਿਅਕਤ ਹੈ। ਉਹ ਹੁਣ ਕ੍ਰਿਸ਼ਨ ਤਾਂ ਨਹੀਂ ਕਿ ਜੋ ਦੇਹ ਵਾਲਾ ਹੋ ਕੇ ਅਰਜਨ ਦੇ ਪਾਸ ਬੈਠਾ ਸੀ। ਉਸ ਵੇਲੇ ਕ੍ਰਿਸ਼ਨ ਸਦੇਹ ਸੀ ਤੇ ਆਪਣੀ ਰਸਨਾ ਨਾਲ ਕਹਿ ਰਿਹਾ ਸੀ ਮੇਰੀ ਸ਼ਰਨ ਲੈ। ਉਹ ਕ੍ਰਿਸ਼ਨ ਬੋਲਦਾ ਸੀ, ਸੁਣਦਾ ਸੀ, ਜਵਾਬ ਦੇਂਦਾ ਸੀ, ਖਾਂਦਾ ਸੀ, ਪੀਂਦਾ ਸੀ, ਹੁਣ ਜੋ ਸ੍ਰੀ ਕ੍ਰਿਸ਼ਨ ਦੀ ਸ਼ਰਨ ਲੈਣਗੇ ਉਹ ਅਵਿਅਕਤ ਦੀ ਸ਼ਰਨ ਲੈਣਗੇ। ਜਿਨ੍ਹਾਂ ਬਾਬਤ ਓਥੇ ਹੀ ਕ੍ਰਿਸ਼ਨ ਨੇ ਕਿਹਾ ਹੈ ਕਿ ਹੇ ਅਰਜਨ ਕਠਨ ਹੈ ਰਸਤਾ ਉਹਨਾਂ ਦਾ ਜੋ ਅਵਿਅਕਤ ਦੀ ਸ਼ਰਨ ਲੈਂਦੇ ਹਨ। ਸੋ ਹੁਣ ਤੂੰ ਆਪਣੇ ਇਸ਼ਟ ਦੇਵ ਬਾਬਤ ਸੋਚ ਸਮਝ ਲੈ ਕਿ ਭੀਲਣੀ ਨੂੰ ਤਾਰਨ ਵਾਲਾ ਰਾਮ ਤਾਂ ਹੁਣ ਅਵਿਅਕਤ ਹੈ, ਉਹ ਸਰੀਰ ਧਾਰੀ ਰਾਮ ਭੀਲਣੀ ਦੇ ਬੇਰ ਖਾ ਲੈਣ ਵਾਲੇ ਰੂਪ ਵਿਚ ਨਹੀਂ ਹੈ।

ਜੱਸੀ (ਮਾਨੋ ਸੁੱਤੀ ਜਾਗ ਕੇ) - ਤਾਂ ਭਗਵਾਨ! ਤਾਤਪਰਜ ਕੀ ਹੋਇਆ?

ਮਹਾਤਮਾ - ਇਹ ਕਿ ਕਿਸੇ ਸਦੇਹ ਮਹਾਤਮਾ ਨੂੰ ਕ੍ਰਿਸ਼ਨ ਸਮਝ ਕੇ ਯਾ ਆਪਣੀ ਸ਼ਰਧਾ ਮੂਜਬ 'ਰਾਮ' ਸਮਝ ਕੇ ਉਹਦੀ ਸ਼ਰਨ ਲਈ ਜਾਵੇ। ਉਸ ਦੀ ਸ਼ਰਨ ਹੀ ਕ੍ਰਿਸ਼ਨ ਜੀ ਦੀ ਸ਼ਰਨ ਹੈ, ਸ੍ਰੀ ਰਾਮ ਜੀ ਦੀ ਸ਼ਰਨ ਹੈ। ਹੋਰ....।

ਜੱਸੀ - ਰਾਮ ਤਾਂ ਸਾਖਯਾਤ ਅਵਤਾਰ ਹਨ ਰੱਬ ਦਾ ਤੇ ਕ੍ਰਿਸ਼ਨ ਤਾਂ....। ਉਹ ਮੇਰਾ ਇਸ਼ਟ ਨਹੀਂ ਹਨ। ਮੈਨੂੰ ਨਹੀਂ ਪਤਾ ਇਨ੍ਹਾਂ ਦੀ ਵਡਿੱਤ ਦਾ।

ਮਹਾਤਮਾ - ਸਾਨੂੰ ਦੋਏ ਇਕ ਹਨ, ਤੁਸੀਂ ਆਪਣੇ ਇਸ਼ਟ ਪਰ ਟਿਕੇ ਰਹੋ, ਪਰ ਰਾਮ ਬੀ ਹੁਣ ਅਵਿਅਕਤ ਹੈ, ਕਿਸੇ ਵਿਅਕਤੀ ਵਾਲੇ ਵਿਚ ਰਾਮ ਬੁੱਧੀ ਧਾਰਨ ਕਰੋ।

ਜੱਸੀ - ਤੇ ਉਹ ਰਾਮ ਏਸ ਤਰ੍ਹਾਂ ਮਿਲਣਗੇ?

ਮਹਾਤਮਾ - ਮਹਾਤਮਾ ਦੇ ਸਰੀਰ ਵਿਚ ਰਾਮ ਕ੍ਰਿਸ਼ਨ ਸਾਰੇ ਵਿਆਪਕ ਹਨ।

ਧਾਬਲੀ ਸੁਣਦੀ ਸੀ, ਠੰਢਾ ਸਾਹ ਲੀਤੋਸੁ ਤੇ ਹੱਸ ਕੇ ਬੋਲੀ - ਸਵਾਮਨੀ! ਮੇਰਾ ਰਾਮ ਤਾਂ ਫੇਰ ਤੂੰ ਹੈਂ, ਮੈਂ ਤੇਰੀ ਸ਼ਰਨ ਲੈ ਕੇ ਰਾਮ ਨੂੰ ਪ੍ਰਾਪਤ ਹੋ ਗਈ ਹਾਂ।

ਮਹਾਤਮਾ - ਤੂੰ ਸਵਾਮੀ ਭਗਤ ਹੈਂ। ਸ਼ਾਬਾਸ਼!

ਜੱਸੀ - ਹੱਛਾ ਮਹਾਰਾਜ! ਫੇਰ ਕੋਈ ਕਲਾ ਵਰਤਾਓ ਕਿ ਮੇਰੇ ਅੰਦਰੋਂ ਲਗਨ ਨਿਕਲ ਜਾਵੇ ਤੇ ਕਿਸੇ ਦੇਹਧਾਰੀ ਉਤੇ ਸ਼ਰਧਾ ਆ ਜਾਵੇ ਕਿ ਇਹ ਰਾਮ ਹੈ। ਮਹਾਤਮਾ ਨੂੰ ਤਾਂ ਮੈਂ ਮੰਨਦੀ ਹਾਂ ਕਿ ਮਹਾਤਮਾ ਹੋ ਸਕਦੇ ਹਨ, ਸਤਿਸੰਗ ਬੀ ਸੁਖਦਾਈ ਹੈ ਉਹਨਾਂ ਦਾ, ਪਰ ਉਹੀ ਹਨ ਰਾਮ, ਉਹੀ ਹਨ ਕ੍ਰਿਸ਼ਨ, ਜੋ ਸੇ ਰਾਮ ਤੇ ਜੋ ਸੇ ਕ੍ਰਿਸ਼ਨ ਤੇ ਫੇਰ ਕੋਈ ਈਸ਼ਵਰ ਨਹੀਂ ਉਹਨਾਂ ਤੋਂ ਛੁਟ, ਏਥੇ ਅਜੇ ਮਨ ਨਹੀਂ ਆਉਂਦਾ, ਕਸਰ ਹੋਊ ਮੇਰੇ ਵਿਚ, ਆ ਜਾਊ ਮਨ ਏਥੇ ਕਿਸੇ ਦਿਨ।

ਮਹਾਤਮਾ - ਜੇ ਇਨ੍ਹਾਂ (ਆਪਣੀ ਵੱਲ ਇਸ਼ਾਰਾ ਕਰਕੇ) ਚਰਨਾਂ ਦਾ ਪ੍ਰੇਮ ਬਣਿਆ ਰਿਹਾ ਤਾਂ ਤੁਸਾਂ ਦਾ ਭਰਮ ਨਵਿਰਤ ਹੋ ਜਾਏਗਾ ਕਿ ਕੋਈ ਹੋਰ ਰਾਮ ਨਹੀਂ ਹੈ, ਸਿਵਾ ਇਸ ਸਾਮਰਤੱਖ ਸਦੇਹ ਰਾਮ ਮੂਰਤੀ ਦੇ।

ਇਸ ਤਰ੍ਹਾਂ ਦੀਆਂ ਗੱਲਾਂਬਾਤਾਂ ਕਰਦੇ ਕੁਛ ਚਿਰ ਮਗਰੋਂ ਮਹਾਤਮਾ ਚਲੇ ਗਏ।

ਅੱਜ ਜੱਸੀ ਦੇ ਜੀਵਨ ਵਿਚ ਇਕ ਬੜਾ ਫਰਕ ਆਇਆ। ਉਹ ਕਿਸੇ ਚਿੰਤਾ ਵਿਚ ਗਈ, ਕਿਸੇ ਦੁਚਿਤਾਈ ਵਿਚ ਪੈ ਗਈ। ਜੋ ਕਦਮ ਮਹਾਤਮਾ ਅੱਜ ਚਾ ਗਏ ਸਨ, ਉਹ ਸਮਝਦੇ ਸਨ ਕਿ ਪੱਕਾ ਹੈ, ਪਰ ਉਸ ਨਾਲ ਜੱਸੀ ਸੰਸਿਆਂ ਦੀ ਨੈਂ ਵਿਚ ਰੁੜ ਰਹੀ ਸੀ ਤੇ ਹਿੱਲ ਪਏ ਸਿਦਕ ਦੇ ਘੁੰਮਣ ਘੇਰ ਵਿਚ ਘੁਮਾਟੀਆਂ ਖਾ ਰਹੀ ਸੀ, ਪਰ ਥੋੜ੍ਹੇ ਚਿਰ ਮਗਰੋਂ ਕੀ ਦੇਖਦੀ ਹੈ ਕਿ ਦਾਬਲੀ ਬਜ਼ਾਰੋਂ ਫਟਕੜੀ ਲੈ ਆਈ ਤੇ ਜੱਸੀ ਦੇ ਸਿਰ ਤੋਂ ਵਾਰ ਰਹੀ ਹੈ। ਫੇਰ ਉਸ ਦੇ ਪੁੱਛਦੇ ਪੁਛਾਂਦੇ ਫਟਕੜੀ ਲੈ ਕੇ ਧਾਬਲੀ ਨੇ ਜਾ ਬਲਦੇ ਚੁੱਲੇ ਵਿਚ ਪਾਈ। ਹੈਰਾਨ ਹੋ ਕੇ ਜੱਸੀ ਨੇ ਪੁੱਛਿਆ, ਨਿੱਕੋ ਕੀ ਕੀਤਾ ਈ? ਹੱਸ ਪਈ ਧਾਬਲੀ ਤਾੜੀ ਮਾਰ ਕੇ, ਕਹਿਣ

ਲੱਗੀ, ਸੁਆਣੀ ਜੀ! ਤੁਸਾਂ ਨੂੰ ਨਜ਼ਰ ਲਗ ਗਈ ਹੈ। ਮੈਂ ਫਟਕੜੀ ਵਾਰ ਕੇ ਚੁੱਲੇ ਪਾਈ ਹੈ ਜੋ ਨਜ਼ਰ ਲਹਿ ਜਾਵੇ ਤੇ ਨਜ਼ਰ ਲਾਉਣ ਵਾਲੇ ਦੇ ਸਿਰ ਜਾ ਪਵੇ।

ਜੱਸੀ - ਮੈਂ ਕੋਈ ਬੱਚੀ ਹਾਂ ਜੋ ਨਜ਼ਰ ਲਗਦੀ ਹੈ ਤੇ ਮੈਨੂੰ ਕਿਸ ਨੇ ਨਜ਼ਰ ਲਾਉਣੀ ਹੈ?

ਧਾਬਲੀ - ਉਹ ਜੋ ਹਮਾਤਮਾ, ਨਾ ਨਾ ਮਹਾਤਮਾ ਅੱਜ ਆਇਆ ਸੀ ਤੇ ਅੱਗੇ ਬੀ ਕਈ ਵੇਰ ਆਇਆ ਹੈ, ਉਸ ਦੇ ਡੇਲੇ ਬੜੇ ਵੱਡੇ-ਵੱਡੇ ਸਨ ਤੇ ਅੱਜ ਤਾਂ ਬਹੁਤ ਘੂਰ-ਘੂਰ ਕੇ ਤੱਕਦਾ ਸੀ ਤੁਸਾਂ ਵਲ। ਉਹ ਨਜ਼ਰ ਲਾਉਂਦਾ ਰਿਹਾ ਹੈ ਜਿੰਨਾ ਚਿਰ ਕਿ ਉਹ ਬੈਠਾ ਰਿਹਾ ਹੈ ਤੁਸਾਂ ਦੇ ਸਾਹਮਣੇ ਗੱਲਾਂ ਕਰਦਾ। ਤੁਸਾਂ ਨੂੰ ਨਜ਼ਰ ਲਗਦੀ ਰਹੀ ਹੈ ਓਸਦੀ। ਮੈਂ ਦੇਖਦੀ ਰਹੀ ਹਾਂ, ਹਾਂ ਸਚੀਂ ਮੁੱਚੀ।

ਜੱਸੀ - ਉਹ ਤਾਂ ਕਹਿੰਦਾ ਸੀ ਮੈਂ ਰਾਮ ਹਾਂ।

ਧਾਬਲੀ - ਭਲਾ ਜੋ ਰਾਮ ਏਹੋ ਜਿਹਾ ਹੀ ਹੈ ਤਾਂ ਉਸ ਰਾਮ ਨੂੰ ਛੱਡ ਦੇਹ। ਮੈਂ ਜਾਤਾ ਸੀ ਤੇਰਾ ਰਾਮ ਸੁਹਣਾ ਹੈ। ਜੇ ਉਹ ਰਾਮ ਬੀ ਨਜ਼ਰਾਂ ਟਪਾਰਾਂ ਕਰਦਾ ਹੈ ਤਾਂ ਕੀ ਲੈਣਾ ਈ ਓਸ ਤੋਂ, ਛੱਡ ਦੇ ਸਾਰੀ ਖੇਡ।

ਜੱਸੀ - ਹੁਣ ਸੋਚਾਂ ਦੇ ਘੁੰਮਣ ਘੇਰੇ ਵਿਚੋਂ ਨਿਕਲ ਆਈ ਤੇ ਹੱਸ ਪਈ। ਕਹਿਣ ਲੱਗੀ ਧਾਬਲੀ ਤੂੰ ਬੜੀ ਮੂੰਹ ਫੱਟ ਹੋ ਗਈ ਹੈਂ।

ਧਾਬਲੀ - ਲੈ ਮੈਂ ਕੋਈ ਮਾੜੀ ਗੱਲ ਆਖੀ ਹੈ? ਮੈਂ ਤਾਂ ਰਾਮ ਨੂੰ ਸੁਹਣਾ ਜਾਣਦੀ ਹਾਂ। ਭਲਾ ਜਿਸ ਨੂੰ ਸੀਤਾ ਵਰਗੀ ਸੁੰਦਰੀ ਨੇ ਵਰਿਆ, ਉਹ ਸੁਹਣਾ ਸਡੌਲ ਹੋਸੀ ਗੋਲ-ਗੋਲ, ਮਿੱਠਾ-ਮਿੱਠਾ। ਉਹ ਕਦੇ ਇਸ ਹਮਾਤਮਾ, ਨਾ ਨਾ ਮਹਾਤਮਾ ਵਰਗਾ ਹੋ ਸਕਦਾ ਹੈ? ਜਿਸ ਦੇ ਨੈਣਾਂ ਤੋਂ ਮੈਨੂੰ ਜਾਂਗਲੀ ਨੂੰ ਅੱਜ ਡਰ ਲਗਦਾ ਰਿਹਾ ਹੈ? ਓਹ ਰਾਮ ਤਾਂ ਜ਼ਰੂਰ ਸੁਹਣਾ ਹੋਊ ਜਿਸ ਨੂੰ ਜਨਕ ਵਰਗੇ ਗਿਆਨੀ ਨੇ ਆਪਣੀ ਸੁਡੌਲ ਪੁੱਤਰੀ ਦੇ ਵਰ ਪਰਵਾਨ ਕੀਤਾ ਸੀ। ਹੁਣ ਸਮਝੇ ਓ?

ਜੱਸੀ (ਹੱਸ ਪਈ ਫੇਰ) - ਹਾਂ ਸਮਝੀ ਹਾਂ, ਮੈਨੂੰ ਜਾਪਦਾ ਹੈ ਤੈਨੂੰ ਕੁਝ ਹੋਰ ਪਤਾ ਹੈ।

ਧਾਬਲੀ - ਹਾਂ ਹੈ।

ਜੱਸੀ - ਦੱਸ ਦੇਹ।

ਧਾਬਲੀ - ਗੁੱਸੇ ਤਾਂ ਨਾ ਹੋਸੋ? ਤੁਸੀਂ ਉਸ ਨੂੰ ਰਾਮ ਜੋ ਜਾਣ ਲਿਆ ਏ, ਉਸ ਦੀ ਮਾੜੀ ਗੱਲ ਸੁਣ ਲੈਸੋ?

ਜੱਸੀ - ਨਹੀਂ, ਗੁੱਸੇ ਨਹੀਂ ਹੁੰਦੀ।

ਧਾਬਲੀ - ਜਿਹੜੀ ਮਾਈ ਉਸ ਦੇ ਗੁਣ ਗਾਉਂਦੀ ਹੈ ਇਥੇ ਆ ਕੇ, ਉਸ ਨੂੰ ਉਹ ਦਰਮਾਹਾਂ ਦੇਂਦਾ ਹੈ ਕਿ ਲੋਕਾਂ ਦੇ ਘਰੀਂ ਜਾ ਕੇ ਉਹਨਾਂ ਨੂੰ ਉਸ ਦੇ ਚੇਲੇ ਬਣਾਵੇ।

ਜੱਸੀ (ਤ੍ਰਬਕ ਕੇ) - ਤੈਨੂੰ ਕਿਵੇਂ ਪਤਾ ਹੈ?

ਧਾਬਲੀ - ਮੈਨੂੰ ਸਾਡੇ ਪੰਸਾਰੀ ਨੇ ਦੱਸਿਆ ਹੈ ਜਿਸ ਤੋਂ ਮੈਂ ਲੂਣ ਤੇ ਗਰਮ ਮਸਾਲਾ ਲਿਆਉਂਦੀ ਹਾਂ। ਉਹ ਕਹਿੰਦਾ ਸੀ ਏਹ ਮਾਈ ਤੇ ਇਸ ਦਾ ਮਹਾਤਮਾ ਤੁਹਾਡੇ ਘਰ ਜਾਂਦੇ ਹਨ, ਤੁਹਾਨੂੰ ਪਤਾ ਨਹੀਂ ਕਿ ਇਹ ਇਕ ਦੁਕਾਨਦਾਰੀ ਹੈ। ਮਾਈ ਜੱਸੀ ਤਾਂ ਬੜੀ ਮਹਾਤਮਾ ਹੈ ਆਪ, ਨਿਰਛਲ, ਸੂਧੀ ਭਗਤੀ ਭਾਵ ਨਾਲ ਭਰੀ, ਉਸ ਨੇ ਇਸ ਨੂੰ ਨਹੀਂ ਪਛਾਤਾ? ਤਾਂ ਮੈਂ ਕਿਹਾ ਪਛਾਣ ਲਵੇਗੀ ਹੌਲੀ-ਹੌਲੀ।

ਜੱਸੀ - ਸੱਚ?

ਧਾਬਲੀ - ਹਾਂ ਸੁਆਣੀ ਸੱਚ। ਮੈਂ ਫੇਰ ਹੋਰ ਥੋਂ ਬੀ ਪਤੇ ਕੀਤੇ ਹਨ। ਗੱਲ ਠੀਕ ਹੈ। ਅੱਜ ਭੈੜਾ, ਜਿੰਨਾ ਚਿਰ ਬੈਠਾ ਰਿਹਾ ਹੈ, ਤੈਨੂੰ ਨਜ਼ਰ ਹੀ ਲਾਉਂਦਾ ਰਿਹਾ ਹੈ...(ਤ੍ਰਬਕ ਕੇ) ਵੇਖਿਆ ਈ ਹੁਣ ਤੇਰਾ ਚਿਹਰਾ ਟਹਿਕ ਆਇਆ ਹੈ। ਨਜ਼ਰ ਉਤਰ ਗਈ ਏ। ਸ਼ਾਵਾਸ਼ੇ ਮੇਰੀ ਫਟਕੜੀ ਦੇ।

ਜੱਸੀ ਸਾਧਾਂ ਮਹਾਤਮਾਂ ਨੂੰ ਮਿਲਦੀ ਹੈ, ਪਰ ਹੁਣ ਕੁਛ ਸੰਕੋਚ ਅੰਦਰ ਰੱਖ ਕੇ ਮਿਲਦੀ ਹੈ। ਉਸ ਦੇ ਅੰਦਰ ਇਕ ਕਵਿ-ਹਿਰਦੇ ਵਾਂਗ ਸੁੰਦਰਤਾ ਦਾ ਪ੍ਰਭਾਉ ਸੀ, ਜਿਸ ਨਾਲ ਰਲਿਆ ਇਕ ਕੁਆਰਾ-ਕੁਆਰਾ ਚਾਉ ਸੀ ਭੋਲੇ ਭਾ ਵਾਲਾ, ਇਕ ਨਿਰਛਲ ਨਿਰਸੰਸੇ ਵਾਲਾ ਭਰੋਸਾ ਸੀ ਹਰ ਇਕ ਦੇ ਸਾਫ ਤੇ ਸੱਚੇ ਹੋਣ ਦਾ। ਹੁਣ ਉਸ ਭਰੋਸੇ ਵਿਚ ਸੰਸੇ ਨੇ ਥਾਂ ਕਰ ਲਈ ਤੇ ਉਸ ਦੀ ਵਰਤੋਂ ਵੇਲੇ ਉਹ ਸੰਸਾ 'ਸੰਗ' ਜੇਹੀ ਬਣ ਗਿਆ। ਪਰ ਉਹ ਅਜੇ ਆਏ ਗਏ ਸਾਧੂ ਨੂੰ ਮਿਲਦੀ ਹੈ। ਜਿਨ੍ਹਾਂ ਆਪਣੇ ਮਤ ਵਾਲਿਆਂ ਨੂੰ ਚੰਗਾ ਜਾਣਦੀ ਹੈ ਉਹਨਾਂ ਨੂੰ ਤਾਂ ਸੰਗ ਰਹਿਤ ਦਿਲ ਨਾਲ ਮਿਲਦੀ ਹੈ, ਪਰ ਨਵਿਆਂ ਨੂੰ ਅੰਦਰ ਸੋਗ ਤੇ ਬਾਹਰ ਕੁਛ 'ਵਿੱਥ' ਰੱਖ ਕੇ ਮਿਲਦੀ ਹੈ। ਜੱਸੀ ਨਾਲ ਐਸੇ ਵਰਤਾਉ ਕਿਉਂ ਹੁੰਦੇ ਸਨ? ਕਦੇ ਉਸ ਦੇ ਭਗਤੀ ਭਾਵ ਤੇ ਪ੍ਰੇਮ ਝੁਕਾਉ ਤੋਂ ਲਾਭ ਲੈਣ ਲਈ, ਕਦੇ ਉਸ ਨੂੰ ਮਗਰ ਲਾਉਣ ਲਈ ਕਿ ਇਸ ਦੇ ਚੇਲੀ ਬਣ ਜਾਣ ਨਾਲ ਬਹੁਤ ਹੋਰ ਚੇਲੇ ਬਣਨਗੇ ਤੇ ਕਦੇ ਪਦਾਰਥ ਮੁੱਛਣ ਲਈ ਉਪਰਾਲੇ ਹੁੰਦੇ ਸਨ। ਚਾਹੇ ਉਹ ਬਚ ਹੀ ਜਾਂਦੀ ਰਹੀ ਹੈ, ਪਰ ਇਹ ਬਚਾਉ ਆਪਣੀ ਹੋਸ਼ ਨਾਲ ਹੁੰਦਾ ਰਿਹਾ ਹੈ। ਦੂਜੇ ਪਾਸੇ ਉਸ ਦੀ ਲਗਨ ਜਾਰੀ ਸੀ ਕਿ ਦਰਸ਼ਨ ਕਰਨੇ ਹਨ ਤੇ ਆਪਣਾ ਪ੍ਰਣ ਨਹੀਂ ਛੱਡਣਾ।

ਮਥੁਰਾ ਦੇ ਤਦੋਂ ਦੇ ਇਕ ਰਾਮ ਚੰਦਰ ਵਿਚ ਦੱਖਣੀ

ਬ੍ਰਾਹਮਨ 'ਰਾਮ ਰਵਨ' ਮੁੱਖ ਪੁਜਾਰੀ ਸੀ, ਇਹ 24 ਘੰਟੇ ਵਿਚ ਆਪਣੀ ਪੂਜਯ ਮੂਰਤੀ ਦੇ ਸਰੀਰ ਕ੍ਰਿਆ ਦੇ ਕੌਤਕ ਕਰਦੇ ਰਹਿਣ ਵਿਚ ਨਿਪੁੰਨ ਸੀ। ਆਦਮੀ ਉਂਞ ਵੀ ਚੰਗਾ ਸੀ, ਆਚਰਨ ਬੀ ਪਵਿੱਤਰ ਸੀ। ਮੂਰਤੀ ਪੂਜਨ ਤੇ ਕਰਮ ਕਾਂਡੀ ਇਸ ਦਾ ਮੱਤ ਸੀ। ਜੱਸੀ ਦਾ ਇਸ ਵਿਚ ਵਿਸ਼ਵਾਸ਼ ਸੀ। ਇਕ ਦਿਨ ਉਹ ਉਚੇਚ ਕਰਕੇ ਤੇ ਆਪਣੇ ਖਿਆਲ ਦੇ ਵਿਰੁੱਧ ਠਾਕੁਰ ਦੀ ਪੂਜਾ ਦੀ ਨਾਗਾ ਪਾ ਕੇ ਬੀ ਆਗਰੇ ਆਇਆ। ਆਗਰਾ ਤਦੋਂ ਅੱਜ ਵਾਲਾ ਆਗਰਾ ਨਹੀਂ ਸੀ ਤੇ ਨਾ ਤਾਜ ਮਹਲ ਦਾ ਰੋਜ਼ਾ ਓਥੇ ਬਣਿਆ ਸੀ, ਪਰ ਤਾਂ ਬੀ ਖਾਸੀ ਰੌਣਕ ਦਾ ਸ਼ਹਿਰ ਸੀ। ਰਾਮ ਰਵਨ ਮਾਈ ਦੇ ਘਰ ਆਇਆ। ਮਾਈ ਬੜੇ ਸਤਿਕਾਰ ਨਾਲ ਮਿਲੀ ਤੇ ਗੱਲਬਾਤ ਛਿੜੀ ਵਿਚ ਉਸ ਨੇ ਸਾਰੇ ਆਪਣੇ ਤਜਰਬੇ ਸੁਣਾਏ। ਰਾਮ ਰਵਨ ਫਿਕਰ ਵਿਚ ਪੈ ਗਿਆ। ਫੇਰ ਕੁਛ ਹੋਰ ਸੋਚ ਵਿਚ ਚਲਾ ਗਿਆ। ਛੇਕੜ ਕਹਿਣ ਲੱਗਾ, ਬੀਬੀ, ਮੂਰਤੀ ਪੂਜਾ ਵਾਲਾ ਜੋ ਕਿਸੀ ਕੋ ਨਾ ਮਿਲੇ ਤੋਂ ਬਚਾਉ ਮੈਂ ਰਹਿਤਾ ਹੈ। ਹਾਂ-ਹਾਂ ਤੁਮ ਕੋ ਜੋ ਦਰਸ਼ਨ ਕੀ ਲਗਨ ਹੈ ਠਾਕੁਰ ਪੂਰੀ ਕਰੇ। ਆਪਣੇ ਇਸ਼ਟ ਦੇਵ ਕੇ ਪ੍ਰੇਮ ਮੇਂ ਸਾਵਧਾਨ ਰਹੋ, ਪਰ ਮਾਨੁਖ ਮੇ ਵਿਸ਼ਵਾਸ਼ ਬੁੱਧੀਮਤਾ ਸੇ ਕਰਨਾ। ਕਿਆ ਕੋਈ ਦੂਸਰੇ ਇਸ਼ਟ ਕਾ ਬੀ ਸਾਧੂ ਆਇਆ ਥਾ?

ਜੱਸੀ (ਸੋਚ ਕੇ) - ਆਪ ਦਾ ਭਾਵ ਹੈ ਕ੍ਰਿਸ਼ਨ ਉਪਾਸਕ ਤੋਂ?

ਰਾਮ ਰਵਨ - ਰਾਮ ਰਾਮ ਰਾਮ! ਆਪਨੇ ਇਸ਼ਟ ਕੇ ਬਿਨਾਂ ਪਰ-ਇਸ਼ਟ ਕਾ ਨਾਮ ਰਸਨਾ ਪੁਰ ਨਾ ਲਾਓ। ਧਨੁਖ ਬਾਨ ਵਾਲੇ ਕੇ ਪ੍ਰੇਮ ਮੇਂ ਰਹੋ। ਮੁਰਲੀ ਵਾਲੇ ਕੇ ਪ੍ਰੇਮ ਮੇਂ ਨਾ ਜਾਓ।

ਜੱਸੀ - ਤਾਂ ਉਹੋਂ ਗੱਲ ਹੈ ਨਾ। ਹਾਂ ਜੀ, ਆਇਆ ਸੀ ਇਕ ਓਸ ਮਤ ਦਾ ਆਦਮੀ। ਉਹ ਲਗਦਾ ਤਾਂ ਚੰਗਾ ਸੀ, ਆਖਦਾ ਸੀ ਤੇਰੇ ਵਿਚ ਸਭ ਕੁਛ ਹੈ, ਭਗਤੀ, ਪ੍ਰੇਮ, ਪੂਜਨ, ਪਵਿੱਤਰਤਾ, ਪਰੰਤੂ ਕਸਰ ਹੈ ਤਾਂ ਤੇਰੀ ਪੂਜਯ ਮੂਰਤੀ ਵਿਚ, ਤੂੰ ਮੁਰਲੀ ਮਨੋਹਰ ਦੀ ਮੂਰਤੀ ਦਾ ਪੂਜਨ ਕਰ। ਹੈ ਤਾਂ ਗੱਲ ਪਿੱਛੋਂ ਇਕੋ ਪਰ ਉਸ ਮੂਰਤੀ ਵਾਲਾ ਭਗਤੀ ਨੂੰ ਚੇਤੀ ਥਾਂ ਪਾਉਂਦਾ ਹੈ ਅਰ ਪ੍ਰਤੱਖ ਜਲਦੀ ਹੁੰਦਾ ਹੈ। ਦੇਖ ਖਾਂ ਸ੍ਰੀ ਜੈ ਦੇਵ ਸੁਆਮੀ ਜੀ, ਜੋ ਆਦਿ ਭਗਤ ਹਨ, ਇਕ ਦਿਨ ਆਪਣੇ ਗੀਤ ਗੋਬਿੰਦ ਲਿਖਦੇ ਲਿਖਦੇ ਇਕ ਸਲੋਕ ਲਿਖਣ ਵੇਲੇ ਸੰਸੇ ਵਿਚ ਆ ਕੇ ਬਾਹਰ ਚਲੇ ਗਏ। ਮਗਰੋਂ ਸ੍ਰੀ ਕ੍ਰਿਸ਼ਨ ਜੀ ਨੇ ਮਨੁੱਖ ਰੂਪ ਧਾਰ ਕੇ ਹੂਬਹੂ ਜੈ ਦੇਵ ਵਰਗਾ ਉਸ ਦੇ ਘਰ ਫੇਰਾ ਪਾਇਆ ਤੇ ਉਸ ਦੇ ਕਾਗਜ਼ ਪੁਰ ਇਕ ਸਲੋਕ ਰਚ ਕੇ ਆਪ ਲਿਖ ਕੇ ਚਲੇ ਗਏ। ਕਦੇ ਕਲਜੁਗ ਵਿਚ ਕੋਈ ਹੋਰ ਦੇਵਤਾ ਪ੍ਰਗਟ ਹੋਇਆ ਸੁਣਿਆਂ ਜੇ, ਜੋ ਇਸ ਤਰ੍ਹਾਂ ਦਾ ਪਤੀਆ ਦੇ ਗਿਆ ਹੋਵੇ? ਮੈਂ ਕਿਹਾ, ਤੁਸੀਂ ਸੱਚ ਆਖਦੇ ਹੋ, ਪਰ ਮੇਰੀ ਉਮਰ ਬੀਤ ਗਈ ਹੈ ਧਨੁਸ਼ ਬਾਣ ਵਾਲੀ ਮੂਰਤੀ ਦੇ ਪੂਜਨ ਵਿਚ, ਹੁਣ ਆਪਣੇ ਪੂਜਯ ਨੂੰ ਬਦਲਨਾ ਕਠਨ ਹੈ। ਇਸ ਤਰ੍ਹਾਂ ਦੇ ਇਕ ਹੋਰ ਆਏ ਸਨ, ਉਹ ਆਖਦੇ ਸਨ ਕਿ ਸਿੱਧ ਕ੍ਰਿਸ਼ਨ ਮੂਰਤੀ ਦੇ ਪੂਜਨ ਵਿਚ ਹੀ ਹੈ ਤੇ ਬਾਲ ਕ੍ਰਿਸ਼ਨ ਮੂਰਤੀ ਦੇ ਪੂਜਨ ਵਿਚ ਹੈ। ਮੈਂ ਅਚਰਜ ਹੋ ਕੇ ਪੁੱਛਿਆ ਕਿ ਬਾਲ ਕ੍ਰਿਸ਼ਨ ਜੀ ਕੋਈ ਹੋਰ ਹੋਏ ਹਨ?

ਜਿਸ-ਜਿਸ ਵੇਲੇ ਜੱਸੀ ਕ੍ਰਿਸ਼ਨ ਪਦ ਮੂੰਹੋਂ ਉਚਾਰਦੀ ਸੀ, ਰਾਮ ਰਵਨ ਜੀ ਇਕ ਵੇਰ ਕੰਨਾਂ ਵਿਚ ਉਂਗਲਾਂ ਦੇ ਕੇ ਰਾਮ-ਰਾਮ ਕਹਿ ਲੈਂਦੇ ਸਨ, ਫੇਰ ਅੱਗੋਂ ਗੱਲ ਸੁਣਦੇ ਸਨ।

ਜੱਸੀ - ਤਾਂ ਉਹ ਕਹਿਣ ਲੱਗੇ ਕਿ ਸ੍ਰੀ ਕ੍ਰਿਸ਼ਨ ਜੀ ਤਾਂ ਉਹੋ ਹਨ ਪਰ ਅਸੀਂ ਉਹਨਾਂ ਦੀ 12 ਬਰਸ ਤਕ ਦੀ ਵਰੇਸ ਦਾ ਪੂਜਨ ਕਰਦੇ ਹਾਂ। ਮੈਂ ਅਚਰਜ ਹੋ ਕੇ ਪੁੱਛਿਆ, ਇਸ ਦਾ ਕਾਰਣ ਕੀ ਹੈ ਕਿ ਇਕੋ ਵਿਅਕਤੀ ਦੀ ਇਕ ਅਵਸਥਾ ਦਾ ਤਾਂ ਪੂਜਨ ਕਰਨਾ ਤੇ ਬਾਕੀ ਨੂੰ ਛੱਡ ਦੇਣਾ। ਉਹ ਜ਼ਰਾ ਮੁਸਕਰਾਏ ਤੇ ਕਹਿਣ ਲੱਗੇ, ਕਈ ਕਾਰਨ ਹਨ, ਪਰ ਮੁੱਖ ਕਾਰਣ ਇਹ ਹੈ ਕਿ ਬਾਲਕ ਦੀ ਪ੍ਰਸੰਨਤਾ ਸੁਲਭ ਹੁੰਦੀ ਹੈ। ਉਹ ਥੋੜ੍ਹੇ ਪ੍ਰੇਮ ਨਾਲ ਦਇਆ ਕਰ ਦੇਂਦਾ ਹੈ।

ਲਓ ਭਗਤ ਜੀ! ਇਹ ਗੱਲ ਮੇਰੇ ਦਿਲ ਲੱਗੀ ਤੇ ਮੈਂ ਕਿਹਾ ਐਤਕੀਂ ਜਦ ਤੁਸੀਂ ਮਿਲੋਗੇ ਤਾਂ ਕਹਾਂਗੀ ਕਿ ਤੁਸੀਂ ਮੈਨੂੰ ਕੋਈ ਸ੍ਰੀ ਰਾਮ ਜੀ ਦੀ ਬਾਲ-ਮੂਰਤੀ ਲੈ ਦਿਓ।

ਰਾਮ ਰਵਨ ਸੁਣ ਕੇ ਹੱਸ ਪਏ ਤੇ ਕਹਿਣ ਲੱਗੇ ਪਰ ਇਸ਼ਟ ਵਾਲੇ ਸਾਧੂ ਕਾ ਸੰਗ ਕੁਸੰਗ ਤੁਲਯਾ ਹੈ ਬੇਟਾ! ਲਗੇ ਰਹੋ ਅਪਨੇ ਕਾਮ ਮੇਂ। ਘਬਰਾਉ ਨਹੀਂ। ਕੋਈ ਔਰ ਅੰਨਯ ਮਤਾਵਲੰਬ ਬੀ ਆਇਆ ਥਾ?

ਜੱਸੀ - ਜੀ ਇਕ ਮਾਈ ਆਈ ਸੀ, ਉਹ ਬੰਗਾਲ ਦੀ ਸੀ। ਉਹ ਸ਼ਕਤੀ ਨੂੰ ਪੂਜਦੀ ਸੀ ਤੇ ਮੈਨੂੰ ਆਖਦੀ ਸੀ ਜੋ ਪਰਮਾਤਮਾ ਹੈ ਸੋ ਸ਼ਿਵ ਰੂਪ ਹੈ। ਸ਼ਿਵ ਕੀ ਸ਼ਕਤੀ ਸਭ ਕਾਮ ਕਰਤੀ ਹੈ, ਉਹ ਆਪ ਤੋ ਨਿਰਗੁਨ ਰੂਪ ਵਿਆਪਕ ਹੈ। ਸ਼ਕਤੀ ਕਾ ਪੂਜਨ ਕਰਨਾ ਚਾਹੀਏ। ਸਵਾਮੀ ਜੀ! ਉਹਨਾਂ ਵਿਚ ਤਾਂ ਮਾਸ ਦਾ ਬੀ ਤਿਆਗ ਨਹੀਂ, ਮੈਂ ਤਾਂ ਏਸੇ ਗੱਲ ਤੋਂ ਉਦਾਸ ਹੋ ਗਈ ਕਿ ਹੈਂ ਸ਼ਕਤੀ ਜੀਵ ਹਿੰਸਾ ਤੋਂ ਅਪ੍ਰਸੰਨ ਨਹੀਂ ਹੁੰਦੀ? ਤਾਂ ਉਹ ਕਹਿਣ ਲੱਗੀ ਕਿ ਉਤਪਤ ਤੇ ਪਰਲੈ ਦੁਇ ਉਸ ਦੇ ਕੰਮ ਹਨ। ਗੱਲਾਂ ਤਾਂ ਓਹ ਕਰਦੀ ਸੀ ਕਈ ਪਤੇ ਦੀਆਂ, ਪਰ ਸਵਾਮੀ ਜੀ! ਮੈਨੂੰ ਉਸ ਦੀ ਦੱਸੀ ਧਿਆਨ ਮੂਰਤੀ ਤੋਂ ਭੈ ਲਗਦਾ ਸੀ। ਉਹ ਟੁਰ ਗਈ ਜੁਆਲਾ ਮੁਖੀ ਨੂੰ, ਲਾਹੌਰ ਦੇ ਸਮੀਪ ਕਾਂਗੜੇ ਦੇ ਪਰਬਤ ਵਿਚ।

*ਚਲਦਾ...............।'*

# ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ?

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-47)*

ਹਉਮੈ ਰੋਗ ਦੀ ਨਵਿਰਤੀ ਇਸ ਲਈ ਆਵਸ਼ਕ ਹੈ ਕਿ 'ਨਾਮ ਅਤੇ ਹਉਮੈ' ਦਾ ਪਰਸਪਰ ਵਿਰੋਧ ਹੋਣ ਕਾਰਨ ਦੋਵੇਂ ਇਕ ਥਾਂ, ਇਕ ਹਿਰਦੇ ਵਿਚ ਨਹੀਂ ਵਸ ਸਕਦੇ। 'ਹਉਮੈ' ਵਿਚ ਕੀਤੀ ਸਾਰੀ ਘਾਲ, ਸੇਵਾ ਬਿਰਥਾ ਜਾਂਦੀ ਹੈ। ਹਉਮੈ ਦਾ ਜਨਮ ਸਰੀਰ ਦੇ ਨਾਲ ਹੀ ਹੋ ਜਾਂਦਾ ਹੈ ਅਤੇ ਸਰੀਰ ਦੇ ਨਾਲ ਹੀ ਨਿਭਦਾ ਹੈ। ਸਗੋਂ 'ਹਉਮੈ' ਦੇ ਸੰਸਕਾਰ ਜਨਮ-ਜਨਮ ਸਾਡਾ ਸਾਥ ਦਿੰਦੇ ਹਨ। 'ਹਉਮੈ' ਦੇ ਗੁਬਾਰ ਵਿਚ ਮਨੁੱਖ ਦੀ ਦ੍ਰਿਸ਼ਟੀ ਮਲੀਨ ਹੋ ਜਾਂਦੀ ਹੈ। ਉਸ ਨੂੰ ਮੈਂ 'ਮੇਰੀ' ਤੋਂ ਬਿਨਾਂ ਕੁਝ ਨਹੀਂ ਸੁਝਦਾ। 'ਹਉਮੈ-ਵਾਦੀ' ਨਾ ਹੁਕਮ ਦੀ ਪਛਾਣ ਕਰ ਸਕਦਾ ਹੈ, ਨਾ ਭਗਤੀ ਕਰ ਸਕਦਾ ਹੈ। ਸਤਿਗੁਰੂ ਦੇ ਮਿਲਾਪ ਰਾਹੀਂ ਹੀ ਹਉਮੈ ਦੀ ਨਵਿਰਤੀ ਸੰਭਵ ਹੈ। ਸਤਿਗੁਰੂ ਦੇ ਸ਼ਬਦ ਦੀ ਕਮਾਈ ਹੀ ਇਸ ਦੀਰਘ ਰੋਗ ਦਾ ਇਲਾਜ ਹੈ। ਸ਼ਬਦ ਤੋਂ ਇਹ ਸੋਝੀ ਮਿਲਦੀ ਹੈ ਕਿ ਦ੍ਰਿਸ਼ਟਮਾਨ ਮੈਂ, ਮੇਰੀ ਦਾ ਸੰਸਾਰ ਨਹੀਂ, ਪ੍ਰਭੂ ਦਾ ਸੰਸਾਰ ਹੈ, ਕੇਵਲ ਪਰਮਾਤਮਾ ਹੀ ਸਰਬ ਵਿਆਪਕ ਹੋ ਕੇ ਖੇਡ ਖੇਡ ਰਿਹਾ ਹੈ। ਉਸ ਦੇ ਹੁਕਮ ਵਿਚ, ਸਾਰੀ ਸ੍ਰਿਸ਼ਟੀ ਸਾਰੀ ਕਾਇਨਾਤ ਕਿਰਿਆਸ਼ੀਲ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥*
*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ ॥ ੧ ॥*
*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥*
*ਹੁਕਮੁ ਮੰਨਹਿ ਤਾ ਹਰਿ ਮਿਲੈ*
*ਤਾ ਵਿਚਹੁ ਹਉਮੈ ਜਾਇ ॥ ਰਹਾਉ ॥*
*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥*
*ਹਉਮੈ ਵਡਾ ਗੁਬਾਰੁ ਹੈ*
*ਹਉਮੈ ਵਿਚਿ ਬੁਝਿ ਨ ਸਕੈ ਕੋਇ ॥ ੨ ॥*
*ਹਉਮੈ ਵਿਚਿ ਭਗਤਿ ਨ ਹੋਵਈ*
*ਹੁਕਮੁ ਨ ਬੁਝਿਆ ਜਾਇ ॥*
*ਹਉਮੈ ਵਿਚਿ ਜੀਉ ਬੰਧੁ ਹੈ*
*ਨਾਮੁ ਨ ਵਸੈ ਮਨਿ ਆਇ ॥੩ ॥*
*ਨਾਨਕ ਸਤਗੁਰਿ ਮਿਲਿਐ ਹਉਮੈ ਗਈ*
*ਤਾ ਸਚੁ ਵਸਿਆ ਮਨਿ ਆਇ ॥*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥ ੪ ॥ ੯ ॥*
*੧੨ ॥ ਅੰਗ- ੫੬੦*

ਹਉਮੈ ਦੇ ਬੰਧਨਾਂ ਵਿਚ ਗ੍ਰਸਿਆ ਮਨੁੱਖ 'ਨਾਮ ਸਿਮਰਨ' ਨਹੀਂ ਕਰ ਸਕਦਾ। ਇਹ ਬੰਧਨ ਤੋੜਨ ਦੀ ਸਮਰੱਥਾ ਕੇਵਲ ਗੁਰੂ ਪਾਸ ਹੈ। ਗੁਰੂ ਦੀ ਸ਼ਰਨ ਹੀ ਸਾਡੀਆਂ ਸਭ ਮੁਸ਼ਕਲਾਂ ਦਾ ਹੱਲ ਹੈ, ਗੁਰੂ ਦਾ ਸ਼ਬਦ ਹੀ ਸੱਚ ਦੀ ਸੋਝੀ ਬਖਸ਼ਦਾ ਹੈ।

ਸਾਰੇ ਵਿਘਨਾਂ ਅਤੇ ਦੁਖਾਂ ਦਾ ਅਉਖਦੁ ਵੀ ਨਾਮ ਹੈ, ਦੀਰਘ ਰੋਗ ਦਾ ਦਾਰੂ ਵੀ ਨਾਮ ਹੀ ਹੈ। ਜੋ ਹਉਮੈ ਵਰਗੇ ਲੰਮੇ ਭਿਆਨਕ ਜ਼ਹਿਰੀਲੇ ਰੋਗ ਦਾ ਇਲਾਜ ਨਾਮ ਹੈ, ਤਾਂ ਸਰੀਰ ਦੇ ਮਾਮੂਲੀ ਰੋਗ ਤਾਂ ਨਾਮ ਅੱਗੇ ਟਿਕ ਹੀ ਨਹੀਂ ਸਕਦੇ। ਨਾਮ-ਬਾਣੀ ਰਾਹੀਂ ਜਿਉਂ-ਜਿਉਂ ਮਨ ਨਿਰਮਲ ਹੁੰਦਾ ਹੈ, ਮਨ ਅਤੇ ਤਨ ਦੇ ਰੋਗ ਨਵਿਰਤ ਹੁੰਦੇ ਜਾਂਦੇ ਹਨ। ਨਾਮ ਦੇ ਆਤਮਕ ਬਲ ਅੱਗੇ ਕੋਈ ਵਿਕਾਰ, ਕੋਈ ਰੋਗ ਟਿਕ ਨਹੀਂ ਸਕਦਾ। ਗੁਰਬਾਣੀ ਵਿਚ ਜਦੋਂ ਇਹ ਕਿਹਾ ਜਾਂਦਾ ਹੈ ਕਿ 'ਸਰਬ ਰੋਗ ਕਾ ਅਉਖਦੁ ਨਾਮੁ' ਤਾਂ ਸਾਨੂੰ ਬਿਨਾਂ ਕਿੰਤੂ ਕੀਤਿਆਂ ਮੰਨ ਲੈਣਾ ਚਾਹੀਦਾ ਹੈ ਕਿ 'ਸਰਬ ਰੋਗ' ਦਾ ਭਾਵ ਸਾਰੇ ਮਾਨਸਿਕ ਤੇ ਸਰੀਰਕ ਰੋਗ ਹਨ। ਸਗੋਂ ਭਿਆਨਕ ਤੋਂ ਭਿਆਨਕ ਰੋਗ ਵੀ ਨਾਮ-ਦਾਰੂ ਨਾਲ ਨਵਿਰਤ ਹੋ ਜਾਂਦੇ ਹਨ। ਹਰਿ-ਜਨ, ਨਾਮ-ਅਭਿਲਾਸ਼ੀ ਪੂਰਨ ਤੌਰ ਤੇ ਅਰੋਗ ਹੁੰਦਾ ਹੈ, ਉਸ ਦੀ ਆਤਮਾ ਸ਼ੁੱਧ ਹੁੰਦੀ ਹੈ, ਮਨ ਅਤੇ ਤਨ ਦੋਵੇਂ ਅਰੋਗ ਹੁੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਤਾਂ ਏਥੋਂ ਤਕ ਨਾਮ-ਦਾਰੂ ਦਾ ਪ੍ਰਭਾਵ ਦਸਦੇ ਹਨ ਕਿ ਜੋ ਨਾਮ-ਦਾਰੂ ਦੀ ਵਰਤੋਂ ਕਰਦਾ ਹੈ ਤੇ ਨਾਮ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਦੇ ਸੁਪਨੇ ਵਿਚ ਵੀ ਰੋਗ ਵਿਆਪਕ ਨਹੀਂ ਹੋ ਸਕਦੇ -

*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*
*ਤਾਹਿ ਰੋਗੁ ਸੁਪਨੈ ਨਹੀ ਆਵੈ ॥ ਅੰਗ- ੨੫੯*

ਇਸ ਦਵਾਈ ਦਾ ਕਮਾਲ ਇਹ ਹੈ ਕਿ ਇਹ ਹਰੇਕ ਹਿਰਦੇ ਵਿਚ ਪਹਿਲਾਂ ਹੀ ਮੌਜੂਦ ਹੈ ਪਰ ਲੋਕਾਂ ਨੂੰ ਇਸ ਦੀ ਵਰਤੋਂ ਦਾ ਗਿਆਨ ਨਹੀਂ। ਇਸ ਦੀ ਵਰਤੋਂ ਦੀ ਜੁਗਤਿ ਪੂਰੇ ਗੁਰੂ ਤੋਂ ਮਿਲਦੀ ਹੈ। ਗੁਰੂ ਦਵਾਈ ਵੀ ਦਸਦਾ ਹੈ, ਜੁਗਤਿ ਵੀ ਦਸਦਾ ਹੈ ਤੇ ਸੰਜਮ ਵੀ। ਨਾਮ-ਅਉਖਧ ਦੀ ਵਰਤੋਂ ਕਰਨ ਵਾਲੇ ਅਤੇ ਸੰਜਮ ਵਿਚ ਰਹਿਣ ਵਾਲੇ ਮਨੁੱਖ ਨੂੰ ਕਦੇ ਕੋਈ ਰੋਗ ਜਾਂ ਦੁੱਖ ਨਹੀਂ ਆਉਂਦਾ, ਇਹ ਗੁਰੂ ਜੀ ਦਾ ਅਟੱਲ ਫੁਰਮਾਨ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*

*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥* *ਅੰਗ- ੨੫੯*

ਹਉਮੈ ਰੋਗ ਦੀ ਨਵਿਰਤੀ ਦੇ ਨਾਲ-ਨਾਲ ਸਾਰੇ ਸਰੀਰਕ ਤੇ ਮਾਨਸਿਕ ਰੋਗ ਆਪਣੇ ਆਪ ਖਤਮ ਹੋ ਜਾਂਦੇ ਹਨ। ਸਾਰੀ ਗੁਰਬਾਣੀ ਅਜਿਹਾ ਫੁਰਮਾਨ ਕਰਦੀ ਹੈ। ਜਦੋਂ ਸਾਨੂੰ ਰੋਗ ਆਉਂਦਾ ਹੈ, ਤਾਂ ਸਾਡੀਆ ਭੁੱਲਾਂ ਕਾਰਨ ਆਉਂਦਾ ਹੈ। ਨਾਮ-ਦਾਰੂ ਰਾਹੀਂ ਅਸੀਂ ਉਸ ਦੀ ਨਵਿਰਤੀ ਅਵੱਸ਼ ਕਰ ਸਕਦੇ ਹਾਂ। ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ ਕਿ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਨਾਮ-ਸਿਮਰਨ ਰਾਹੀਂ ਹਰਿ ਪ੍ਰਭੂ ਆ ਵਸਦਾ ਹੈ, ਹਰਿ ਪ੍ਰਭੂ ਉਨ੍ਹਾਂ ਦੇ ਸਾਰੇ ਰੋਗ ਦੂਰ ਕਰ ਦਿੰਦਾ ਹੈ। ਜਿਨ੍ਹਾਂ ਮਨੁੱਖਾਂ ਨੇ ਪ੍ਰਮਾਤਮਾ ਦਾ ਨਾਮ ਸਿਮਰਿਆ ਹੈ, ਉਹ ਸਮੂੰਹ ਰੋਗਾਂ ਤੋਂ ਸੁਤੰਤਰ ਹੋ ਗਏ, ਉਨ੍ਹਾਂ ਨੇ ਸਭ ਤੋਂ ਉੱਚਾ ਤੇ ਪਵਿੱਤਰ ਆਤਮਕ ਦਰਜਾ ਪ੍ਰਾਪਤ ਕਰ ਲਿਆ ਹੈ। ਜਿਹੜੇ ਮਨੁੱਖ ਗੁਰੂ ਦੇ ਬਚਨਾਂ ਦੀ ਪਾਲਨਾ ਕਰਦੇ ਹਨ, ਤੇ ਹਰਿ-ਪ੍ਰਭੂ ਦਾ ਨਾਮ ਸਿਮਰਦੇ ਹਨ, ਉਨ੍ਹਾਂ ਦੇ ਹਉਮੈ ਆਦਿਕ ਸਾਰੇ ਰੋਗ ਦੂਰ ਹੋ ਜਾਂਦੇ ਹਨ।

ਮਾਇਆ ਦੇ ਤ੍ਰੈ-ਗੁਣੀ ਪ੍ਰਭਾਵ ਕਾਰਨ ਵੱਡੇ-ਵੱਡੇ ਦੇਵਤੇ ਬ੍ਰਹਮਾ ਵਿਸ਼ਨੂੰ, ਸ਼ਿਵ ਭੀ ਰੋਗੀ ਹੀ ਸਨ ਕਿਉਂਕਿ ਉਹ ਵੀ ਹਉਮੈ ਵਿਚ ਕਿਰਿਆਸ਼ੀਲ ਰਹੇ। ਜਿਸ ਪਰਮਾਤਮਾ ਨੇ ਉਨ੍ਹਾਂ ਨੂੰ ਪੈਦਾ ਕੀਤਾ ਸੀ, ਉਸ ਪਰਮਾਤਮਾ ਨੂੰ ਉਨ੍ਹਾਂ ਨੇ ਸਿਮਰਿਆ ਹੀ ਨਹੀਂ। ਪਰਮਾਤਮਾ ਦੀ ਸੂਝ ਕੇਵਲ ਗੁਰੂ ਦੀ ਸ਼ਰਨ ਤੋਂ ਪ੍ਰਾਪਤ ਹੁੰਦੀ ਹੈ, ਜਿਸ ਤੋਂ ਉਹ ਵਾਂਜੇ ਸਨ। ਸਾਰਾ ਸੰਸਾਰ ਹੀ ਹਉਮੈ ਆਦਿ ਰੋਗਾਂ ਵਿਚ ਫਸਿਆ ਹੋਇਆ ਹੈ, ਤੇ ਹਉਮੈ ਕਾਰਨ ਮਨੁੱਖ ਜਨਮ ਮਰਨ ਦਾ ਦੁੱਖ ਸਹਿੰਦਾ ਹੈ। ਕੋਈ ਵਿਰਲਾ ਮਨੁੱਖ ਹੀ ਗੁਰੂ ਦੀ ਕਿਰਪਾ ਨਾਲ 'ਹਉਮੈ' ਰੋਗ ਤੋਂ ਖਲਾਸੀ ਪਾਂਦਾ ਹੈ। ਜਿਸ ਪਰਮਾਤਮਾ ਨੇ ਇਹ ਸ੍ਰਿਸ਼ਟੀ ਸਾਜੀ ਹੈ, ਉਹ ਆਪ ਹੀ ਹਉਮੈ ਆਦਿ ਰੋਗਾਂ ਨੂੰ ਜਾਣਦਾ ਹੈ ਅਤੇ ਇਸ ਦਾ ਇਲਾਜ ਵੀ ਗੁਰੂ ਹੀ ਦਸਦਾ ਹੈ -

*ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ*
*ਤਿਨ ਕੇ ਸਭਿ ਰੋਗ ਗਵਾਏ ॥*
*ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ*
*ਤਿਨ ਪਵਿਤੁ ਪਰਮ ਪਦੁ ਪਾਏ ॥ ੧ ॥*
*ਮੇਰੇ ਰਾਮ ਹਰਿ ਜਨ ਆਰੋਗ ਭਏ ॥*
*ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ*
*ਤਿਨ ਕੇ ਹਉਮੈ ਰੋਗ ਗਏ ॥ ੧ ॥ ਰਹਾਉ ॥*
*ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ*
*ਵਿਚਿ ਹਉਮੈ ਕਾਰ ਕਮਾਈ ॥*
*ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ*
*ਹਰਿ ਗੁਰਮੁਖਿ ਸੋਝੀ ਪਾਈ ॥ ੨ ॥*
*ਹਉਮੈ ਰੋਗਿ ਸਭੁ ਜਗਤੁ ਬਿਆਪਿਆ*
*ਤਿਨ ਕਉ ਜਨਮ ਮਰਣ ਦੁਖੁ ਭਾਰੀ ॥*
*ਗੁਰ ਪਰਸਾਦੀ ਕੋ ਵਿਰਲਾ ਛੂਟੈ*
*ਤਿਸੁ ਜਨ ਕਉ ਹਉ ਬਲਿਹਾਰੀ ॥ ੩ ॥*
*ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ*
*ਤਾ ਕਾ ਰੂਪੁ ਅਪਾਰੋ ॥*
*ਨਾਨਕ ਆਪੇ ਵੇਖਿ ਹਰਿ ਬਿਗਸੈ*
*ਗੁਰਮੁਖਿ ਬ੍ਰਹਮ ਬੀਚਾਰੋ ॥ ੪ ॥ ੩ ॥ ੧੪ ॥*

*ਅੰਗ- ੭੩੫*

ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਸਿਮਰਨ ਵਿਚ ਸੁਖ ਹੀ ਸੁਖ ਹੈ। ਦੁੱਖਾਂ ਰੋਗਾਂ ਦੀ ਕੋਈ ਥਾਂ ਨਹੀਂ। ਜਿਸ ਨੂੰ ਵਿਸ਼ਵਾਸ਼ ਨਹੀਂ ਆਉਂਦਾ, ਉਹ ਕੁਝ ਦਿਨ ਸਿਮਰਨ ਕਰ ਕੇ ਇਸ ਦੇ ਅਸਰ ਨੂੰ ਵੇਖ ਸਕਦਾ ਹੈ। ਗੁਰੂ ਜੀ ਤਾਂ ਸਾਰੀ ਬਾਣੀ ਵਿਚ ਬਾਰ-ਬਾਰ ਇਹ ਕਹਿੰਦੇ ਹਨ ਕਿ ਗੁਰਬਾਣੀ ਪੜ੍ਹਨ ਸੁਣਨ ਨਾਲ ਤੇ ਅਮਲ ਵਿਚ ਲਿਆਉਣ ਨਾਲ ਅਤੇ ਨਾਮ ਸਿਮਰਨ ਨਾਲ ਸਾਰੇ ਦੁਖ, ਕਲੇਸ਼, ਰੋਗ, ਸੰਤਾਪ ਦੂਰ ਹੋ ਜਾਂਦੇ ਹਨ ਅਤੇ ਘਰ ਬਾਹਰ ਸੁਖ ਹੀ ਸੁਖ, ਅਨੰਦ ਹੀ ਅਨੰਦ ਪ੍ਰਾਪਤ ਹੁੰਦਾ ਹੈ -

*ਘਰ ਮਹਿ ਸੂਖ ਬਾਹਰਿ ਫੁਨਿ ਸੂਖਾ*
*ਹਰਿ ਸਿਮਰਤ ਸਗਲ ਬਿਨਾਸੇ ਦੂਖਾ ॥ ੧ ॥*
*ਸਗਲ ਸੂਖ ਜਾਂ ਤੂੰ ਚਿਤਿ ਆਂਵੈਂ ॥*
*ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ ॥ ੧ ॥ ਰਹਾਉ ॥*
*ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ ॥*
*ਹਰਿ ਹਰਿ ਜਪਤ ਢਹੈ ਦੁਖ ਡੇਰਾ ॥ ੨ ॥*
*ਹੁਕਮੁ ਬੂਝੈ ਸੋਈ ਪਰਵਾਨੁ ॥*
*ਸਾਚੁ ਸਬਦੁ ਜਾ ਕਾ ਨੀਸਾਨੁ ॥ ੩ ॥*
*ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥*
*ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥ ੪ ॥ ੮॥੫੯ ॥*

*ਅੰਗ- ੩੮੫*

ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਕਿ ਸੰਸਾਰ ਆਪਣੀ ਮਨਮੁਖਤਾ ਕਾਰਨ ਰੋਗ ਹੰਢਾਉਂਦਾ ਹੈ। ਗੁਰੂ ਅਤੇ ਪ੍ਰਮੇਸ਼ਰ ਤੋਂ ਬੇਮੁਖ ਹੋ ਕੇ ਜੀਵਨ ਵਿਰਲਾਪ ਭਰਿਆ ਹੋ ਜਾਂਦਾ ਹੈ। ਸੁਖ-ਦਾਤਾ ਵਿਸਰ ਜਾਵੇ ਤਾਂ ਦੁਖ ਨੇ ਸੁਭਾਵਿਕ ਹੀ ਵਿਆਪਕ ਹੋਣਾ ਹੈ -

*ਮਨਮੁਖ ਰੋਗੀ ਹੈ ਸੰਸਾਰਾ ॥*
*ਸੁਖਦਾਤਾ ਵਿਸਰਿਆ ਅਗਮ ਅਪਾਰਾ ॥*
*ਦੁਖੀਏ ਨਿਤਿ ਫਿਰਹਿ ਬਿਲਲਾਦੇ*
*ਬਿਨੁ ਗੁਰ ਸਾਂਤਿ ਨ ਪਾਵਣਿਆ ॥* *ਅੰਗ- ੧੧੮*

ਨਾਮ ਔਸ਼ਧੀ ਨਾਲ ਜਨਮ ਜਨਮਾਂਤਰਾਂ ਦੇ ਰੋਗ ਕੱਟੇ ਜਾਂਦੇ ਹਨ -

*ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ ॥*

*ਜਨਮ ਜਨਮ ਕਾ ਰੋਗੁ ਗਵਾਇਆ ॥*
*ਹਰਿ ਕੀਰਤਨੁ ਗਾਵਹੁ ਦਿਨੁ ਰਾਤੀ*
*ਸਫਲ ਏਹਾ ਹੈ ਕਾਰੀ ਜੀਉ ॥ ੩ ॥ ਅੰਗ- ੧੦੮*

ਰੋਗੀ ਮਨੁੱਖ ਹਰ ਤਰ੍ਹਾਂ ਦਾ ਇਲਾਜ ਕਰਵਾਉਂਦਾ ਹੈ। ਐਲੋਪੈਥਿਕ ਸਿਸਟਮ ਵਿਚ ਸਰੀਰ ਦੇ ਹਰ ਅੰਗ ਦੇ ਮਾਹਰ ਡਾਕਟਰ, ਵੱਡੇ-ਵੱਡੇ ਹਸਪਤਾਲ, ਪ੍ਰਯੋਗਸ਼ਾਲਾਵਾਂ ਉਪਲਬਧ ਹਨ ਤੇ ਇਹ ਬੜੇ ਚੰਗੇ ਯਤਨ ਹਨ। ਆਯੁਰਵੇਦ ਅਤੇ ਹੋਮਿਓਪੈਥ ਚਕਿਤਸਾ ਵੀ ਮਨੁੱਖ ਦੇ ਦੁਖ ਦਰਦ ਦੂਰ ਕਰਨ ਵਿਚ ਤਤਪਰ ਹੈ।ਇਨ੍ਹਾਂ ਨੇ ਮਨੁੱਖ ਦੇ ਦੁਖ, ਬੀਮਾਰੀਆਂ ਘਟਾਉਣ ਦੇ ਚੰਗੇ ਪ੍ਰਸੰਸਾ ਜਨਕ ਉਪਰਾਲੇ ਕੀਤੇ ਹਨ ਪਰ ਮਨੁੱਖ ਨੇ ਆਪਣੀ ਬੀਮਾਰੀ ਘਟਾਉਣ ਜਾ ਰੋਗ-ਰਹਿਤ ਹੋਣ ਦੇ ਆਪ ਬੜੇ ਘੱਟ ਯਤਨ ਕੀਤੇ ਹਨ। ਜਦੋਂ ਸਰੀਰ ਵਿਚ ਔਗੁਣ ਆ ਵਸਦੇ ਹਨ, ਤਾਂ ਸਰੀਰ ਅਵੱਸ਼ ਰੋਗੀ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ ਜਾਂ ਮਨੁੱਖ ਨਾਮ-ਅਭਿਆਸੀ ਭਗਤ ਹੈ, ਜਾਂ ਰੋਗੀ। ਭਗਤੀ-ਵਿਹੂਣੇ ਮਨੁੱਖ ਨੇ ਸਰੀਰ, ਮਨ ਅਤੇ ਆਤਮਾ ਦੀ ਸਹੀ ਸਾਧਨਾ ਨੂੰ ਸਮਝਿਆ ਹੀ ਨਹੀਂ, ਇਸ ਲਈ ਮਨ ਅਤੇ ਸਰੀਰ ਵਿਚ ਵਿਗਾੜ ਪੈਦਾ ਹੁੰਦਾ ਹੈ ਅਤੇ ਇਸ ਵਿਗਾੜ ਦੀ ਸ਼ੁੱਧੀ ਕੇਵਲ ਨਾਮ-ਸਿਮਰਨ ਰਾਹੀਂ ਹੀ ਸੰਭਵ ਹੈ -

*ਅਉਖਧ ਕਰਿ ਥਾਕੀ ਬਹੁਤੇਰੇ ॥*
*ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥*
*ਬਿਨੁ ਹਰਿ ਭਗਤੀ ਦੂਖ ਘਣੇਰੇ ॥*
*ਦੁਖ ਸੁਖ ਦਾਤੇ ਠਾਕੁਰ ਮੇਰੇ ॥ ੨ ॥*
*ਰੋਗੁ ਵਡੋ ਕਿਉ ਬਾਂਧਉ ਧੀਰਾ ॥*
*ਰੋਗੁ ਬੁਝੈ ਸੋ ਕਾਟੈ ਪੀਰਾ ॥*
*ਮੈ ਅਵਗਣ ਮਨ ਮਾਹਿ ਸਰੀਰਾ ॥*
*ਢੂਢਤ ਖੋਜਤ ਗੁਰਿ ਮੇਲੇ ਬੀਰਾ ॥ ੩ ॥*
*ਗੁਰ ਕਾ ਸਬਦੁ ਦਾਰੂ ਹਰਿ ਨਾਉ ॥*
*ਜਿਉ ਤੂ ਰਾਖਹਿ ਤਿਵੈ ਰਹਾਉ ॥*
*ਜਗੁ ਰੋਗੀ ਕਹ ਦੇਖਿ ਦਿਖਾਉ ॥*
*ਹਰਿ ਨਿਰਮਾਇਲੁ ਨਿਰਮਲੁ ਨਾਉ ॥ ੪ ॥*

*ਅੰਗ- ੧੧੮੯*

ਕੁਦਰਤ ਮਨੁੱਖ ਨੂੰ ਰੋਗ-ਰਹਿਤ ਰੱਖਣ ਲਈ ਸਦਾ ਤਤਪਰ ਹੈ। ਜੇ ਮਨੁੱਖ ਸਰੀਰ ਦੀ ਦੁਰ-ਵਰਤੋਂ ਨਾ ਕਰੇ, ਬਹੁਤ ਚੱਟ ਪੱਟਾ ਖਾਣਾ, ਬਹੁਤ ਖਾਣਾ, ਕਾਮਾਦਿਕ ਵਿਸ਼ਿਆ ਦਾ ਅਧਿਕ ਭੋਗ, ਨਸ਼ਿਆਂ ਦੀ ਵਰਤੋਂ, ਵਧੇਰੇ ਸੌਣਾ, ਕਸਰਤ ਤੇ ਸੈਰ ਨਾ ਕਰਨੀ, ਤਾਜ਼ੀ ਹਵਾ, ਸ਼ੁੱਧ ਪਾਣੀ ਤੇ ਧੁੱਪ ਦੀ ਵਰਤੋਂ ਨਾ ਕਰਨੀ, ਸੰਜਮੀ ਜੀਵਨ ਨਾ ਹੋਣਾ ਬੀਮਾਰੀਆਂ ਨੂੰ ਨਿਮੰਤਰਣ ਦੇਣਾ ਹੈ। ਗੁਰਬਾਣੀ ਮਨੁੱਖ ਨੂੰ ਐਸਾ ਸੰਜਮੀ ਜੀਵਨ ਬਖਸ਼ਦੀ ਹੈ ਜਿਸ ਵਿਚ ਵਿਚਰ ਕੇ ਮਨੁੱਖ ਰੋਗ-ਰਹਿਤ ਹੋ ਗੁਰਬਾਣੀ ਸੁਣਨ ਪੜ੍ਹਨ ਅਤੇ ਗਾਇਨ ਕਰਨ ਦਾ ਅਨੰਦ ਮਾਣਦਾ ਹੈ।

*'ਚਲਦਾ...।*

*(ਪੰਨਾ 32 ਦੀ ਬਾਕੀ)*

ਕਹਿਣ ਲੱਗੀ, ਮਹਾਰਾਜ! ਇਸੇ ਕਰਕੇ ਮੈਂ ਜਾਂਦੀ ਸੀ। ਠੀਕ ਹੈ ਮੈਂ ਅਵੱਗਿਆ ਕੀਤੀ। ਤੁਹਾਡੀ ਆਗਿਆ ਤੋਂ ਬਗੈਰ ਮੈਂ ਜਾਂਦੀ ਰਹੀ। ਪਰ ਉਹ ਛੱਡੀ ਨਹੀਂ ਜਾ ਸਕਦੀ। ਪੇਕਿਆਂ ਦੇ ਘਰ ਮੈਂ ਸਤਿਸੰਗ ਕਰਦੀ ਸੀ। ਇਥੇ ਆ ਕੇ ਮੇਰਾ ਸਤਿਸੰਗ ਬੰਦ ਹੋ ਗਿਆ। ਸੋ ਮੇਰਾ ਇਹ ਜਿਉਣਾ ਸੀ। ਮੇਰੀ ਅਵੱਗਿਆ ਮਾਫ ਕਰੋ।

ਕਹਿਣ ਲੱਗਿਆ, ਰਾਣੀ ਸਾਹਿਬਾ! ਤੂੰ ਮੇਰੇ ਬੰਦ ਨੇਤਰ ਖੋਲ੍ਹ ਦਿਤੇ। ਹੁਣੇ ਐਲਾਨ ਕਰਦਾ ਹਾਂ ਕਿ ਸ਼ਹਿਰ-ਸ਼ਹਿਰ ਵਿਚ ਸਤਿਸੰਗ ਹੋਣ। ਸਾਧੂਆਂ ਦੀ ਇੱਜ਼ਤ ਹੋਵੇ-

*ਸਾਧਸੰਗਤਿ ਵਿਟਹੁ ਕੁਰਬਾਣੈ॥ ਭਾਈ ਗੁਰਦਾਸ ਜੀ*

ਮੈਂ ਕੁਰਬਾਨ ਜਾਂਦਾ ਹਾਂ ਸਾਧਸੰਗਤ ਦੇ। ਐਨੀਆਂ ਉਹਦੇ ਵਿਚ ਬਰਕਤਾਂ? ਫੇਰ ਉਹਦਾ ਜੀਵਨ ਕਿਹੋ ਜਿਹਾ ਹੋਏਗਾ, ਸਾਰਿਆਂ ਨੂੰ ਪਤਾ ਹੈ ਕਿ ਜਾ ਕੇ ਨਖਾਸਿ ਦੇ ਉਤੇ ਖੜ੍ਹਾ ਹੋ ਕੇ ਬੋਲੀ 'ਚ ਲਿਖਿਆ, ਰਾਣੀ ਅੱਡ ਵਿਕੀ, ਲੜਕਾ ਅੱਡ ਵਿਕਿਆ ਲੇਕਿਨ ਸਤਿ ਦਾ ਪੱਲਾ ਨਾ ਛੱਡਿਆ। ਧਰਮ ਦੀ ਕਮਾਈ ਕਰੀ। ਧਰਮ ਤੋਂ ਹਾਰਿਆ ਨਹੀਂ। ਐਸੀ ਅਵਸਥਾ ਆ ਗਈ ਕਿ ਰਾਣੀ ਨੂੰ ਚੋਰ ਸਮਝ ਕੇ ਕਤਲ ਦਾ ਹੁਕਮ ਦੇ ਦਿਤਾ ਤੇ ਕਤਲ ਕੀਹਨੇ ਕਰਨੈ। ਹਰੀ ਚੰਦ ਨੇ। ਇਹ ਥੱਲੇ ਬੈਠੀ ਹੈ ਤੇ ਇਹ ਉਪਰ ਨੂੰ ਤਲਵਾਰ ਉਲਾਰੀ ਬੈਠੈ। ਜਦੋਂ ਹੁਕਮ ਹੋਇਆ ਉਸੇ ਵੇਲੇ ਆ ਕੇ ਭਗਵਾਨ ਪ੍ਰਗਟ ਹੋ ਗਏ ਤੇ ਇਹਦੀ ਬਾਂਹ ਫੜ ਲਈ। ਕਹਿਣ ਲੱਗੇ, ਮੰਗ ਕੀ ਮੰਗਦੈਂ। ਤੇਰਾ ਧਰਮ ਦਰਗਾਹ ਦੇ ਵਿਚ ਪ੍ਰਵਾਨ ਹੋਇਆ। ਉਸ ਵੇਲੇ ਅਯੁੱਧਿਆ ਨਗਰੀ ਸਾਰੀ ਬੈਕੁੰਠ ਨੂੰ ਗਈ ਹੈ।

ਸੋ ਇਸ ਤਰ੍ਹਾਂ ਸਾਧਸੰਗਤ ਜੀ! ਜੋ ਸੰਗਤ ਇਹ ਕੋਈ ਐਵੇਂ ਚੀਜ਼ ਨਹੀਂ ਹੈ। ਮਹਾਰਾਜ ਨੇ ਸਤਿਸੰਗ ਨੂੰ ਮਹੱਤਤਾ ਦਿਤੀ ਹੈ -

*ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥ ੨ ॥*
*ਵਡਭਾਗੀ ਹਰਿ ਸੰਗਤਿ ਪਾਵਹਿ ॥*
*ਭਾਗਹੀਨ ਭ੍ਰਮਿ ਚੋਟਾ ਖਾਵਹਿ ॥*
*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ- ੯੫*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ- ੬੪੨*

ਸੋ ਸਾਰਿਆਂ ਨੇ ਸਤਿਸੰਗ ਸਰਵਣ ਕੀਤਾ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

*(ਵੀਡੀਓ ਫਿਲਮ ਦੀਵਾਨ ਨੰ: 625 ਦੀ ਬਾਕੀ)*

# ਦੁਨਿਆਵੀ ਦੌਲਤ ਅਤੇ ਨਾਮ ਧਨ

*ਭਾਈ ਜਰਨੈਲ ਸਿੰਘ*

ਸਾਰੇ ਸੰਸਾਰ ਦੇ ਜੀਵ ਦੌਲਤ ਨੂੰ ਇਕੱਠਾ ਕਰਨ ਲਈ ਦਿਨ-ਰਾਤ ਭੱਜੇ ਫਿਰਦੇ ਹਨ ਕਿਉਂਕਿ ਦੌਲਤ ਦੇ ਨਾਲ ਇਹ ਸੰਸਾਰੀ ਜੀਵ ਹਰ ਇਕ ਸੁਖ ਅਤੇ ਆਰਾਮ ਮਾਣ ਸਕਦਾ ਹੈ। ਜੇਕਰ ਸੰਸਾਰੀ ਜੀਵ ਦੀ ਸਿਹਤ ਖਰਾਬ ਹੋ ਜਾਵੇ ਤਾਂ ਉਹ ਮਹਿੰਗੇ ਤੋਂ ਮਹਿੰਗੇ ਡਾਕਟਰ ਤੋਂ ਵਧੀਆ ਤਰੀਕੇ ਦਾ ਇਲਾਜ ਆਪਣੀ ਇਕੱਠੀ ਕੀਤੀ ਦੌਲਤ ਨਾਲ ਕਰਵਾ ਸਕਦਾ ਹੈ। ਦੌਲਤ ਵਾਲਾ ਸੰਸਾਰੀ ਜੀਵ ਦੌਲਤ ਦੇ ਸਹਾਰੇ ਸਰਕਾਰੇ ਦਰਬਾਰੇ ਅਹੁਦਾ ਪ੍ਰਾਪਤ ਕਰ ਸਕਦਾ ਹੈ। ਸੰਸਾਰੀ ਜੀਵ ਦੌਲਤ ਦੇ ਸਹਾਰੇ ਕੋਠੀਆਂ, ਨੌਕਰ, ਚਾਕਰ, ਵਧੀਆ ਸਵਾਰੀਆਂ ਦਾ ਸੁਖ ਮਾਣ ਸਕਦਾ ਹੈ। ਪਰੰਤੂ ਇਹ ਦੁਨੀਆਵੀ ਦੌਲਤ ਹਰ ਦੁਨੀਆਵੀ ਜੀਵ ਨੂੰ ਸਾਰੀਆਂ ਲੋੜਾਂ ਪ੍ਰਾਪਤ ਕਰਨ ਲਈ ਨਹੀਂ ਮਿਲਦੀ ਹੈ। ਬਹੁਤਿਆਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ।

*ਮਨ ਕੀ ਮਨ ਹੀ ਮਾਹਿ ਰਹੀ॥ ਅੰਗ- ੬੩੧*

ਬਹੁਤ ਥੋੜ੍ਹੇ ਹੀ ਹਨ ਜਿਨ੍ਹਾਂ ਦੀਆ ਲੋੜਾਂ ਪੂਰੀਆਂ ਹੁੰਦੀਆਂ ਹਨ। ਇਸ ਤਰ੍ਹਾਂ ਦੁਨਿਆਵੀ ਜੀਵਾਂ ਦਾ ਬਹੁਤ ਵੱਡਾ ਭਾਗ ਦੁਨੀਆਵੀ ਦੌਲਤ ਤੋਂ ਨਿਰਾਸ ਹੀ ਰਹਿੰਦਾ ਹੈ।

ਹੁਣ ਇਹ ਦੇਖੋ ਕਿ ਜਿਹਨਾਂ ਕੋਲ ਦੌਲਤ ਕਾਫੀ ਹੈ, ਉਹਨਾਂ ਦਾ ਕੀ ਹਾਲ ਹੈ? ਇਕ ਤਾਂ ਉਹਨਾਂ ਦੀ ਲਾਲਸਾ ਹੋਰ-ਹੋਰ ਦੀ ਮੁੱਕਦੀ ਨਹੀਂ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ- ੬੩੧*

ਹੋਰ ਦੁਨਿਆਵੀ ਦੌਲਤ ਇਕੱਠੀ ਕਰਨ ਦੀ ਖਾਹਸ਼ ਵਧਦੀ ਜਾਂਦੀ ਹੈ। ਮਨ ਚੈਨ ਨਾਲ ਨਹੀਂ ਬੈਠਦਾ। ਆਈ ਹੋਈ ਦੌਲਤ ਦੀ ਚਿੰਤਾ ਹੈ ਕਿ ਕਿਤੇ ਇਹ ਵੀ ਨਾ ਚਲੀ ਜਾਵੇ।

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*
*ਅੰਗ- ੭੦੭*

*ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਅੰਗ- ੧੦੧੯*

ਦੌਲਤ ਦੇ ਹੁੰਦੇ ਵੀ ਦੁਖਾਂ ਦੀਆ ਲਹਿਰਾਂ ਜੀਵ ਨੂੰ ਆ ਘੇਰਦੀਆ ਹਨ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੌਲਤ ਸਾਰੇ ਸੁਖ ਨਹੀਂ ਦੇ ਸਕਦੀ।

*ਸੁਖੁ ਨਾਹੀ ਬਹੁਤੈ ਧਨਿ ਖਾਟੈ॥ ਅੰਗ - ੧੧੪੭*

ਜੇਕਰ ਦੁਨੀਆਂ ਵਿਚ ਅਮੀਰ ਤੇ ਗਰੀਬ ਨੂੰ ਨੇੜੇ ਹੋ ਕੇ ਦੇਖੀਏ ਤਾਂ ਕਿਸੇ ਨੂੰ ਪ੍ਰਮਾਤਮਾ ਨੇ ਸਿਹਤ ਦਿਤੀ ਹੈ ਅਤੇ ਕਿਸੇ ਨੂੰ ਦੌਲਤ ਦਿਤੀ। ਜੇਕਰ ਇਕ ਦੁਨਿਆਵੀ ਦੌਲਤ ਵੇਖ ਕੇ ਆਹਾਂ ਭਰਦਾ ਹੈ ਕਿ ਜੇ ਮੇਰੇ ਪਾਸ ਬੀ ਇਸ ਤਰ੍ਹਾਂ ਦੀ ਦੌਲਤ ਹੁੰਦੀ। ਦੌਲਤ ਦੀ ਲਾਲਸਾ ਨਾਲ ਆਹਾਂ ਭਰਦਾ ਹੈ। ਮਨੁੱਖ ਇਕ ਤੰਦਰੁਸਤ ਦੀ ਸਿਹਤ ਦੇਖ ਕੇ ਆਹਾਂ ਭਰਦਾ ਹੈ ਕਿ ਅਫਸੋਸ ਮੇਰੀ ਬੀ ਸਿਹਤ ਠੀਕ ਹੁੰਦੀ। ਇਕ ਦੇ ਖਾਣੇ ਦੀ ਮੇਜ਼ ਤੇ ਛੱਤੀ ਪ੍ਰਕਾਰ ਦੇ ਖਾਣ ਵਾਲੇ ਪਦਾਰਥ ਪਏ ਹਨ ਪਰ ਦੌਲਤਮੰਦ ਮਨੁੱਖ ਸਿਹਤ ਦੇ ਡਰ ਦੇ ਮਾਰੇ ਡਾਕਟਰ ਦੀਆ ਹਦਾਇਤਾਂ ਅਨੁਸਾਰ ਉਹਨਾਂ ਨੂੰ ਖਾ ਨਹੀਂ ਸਕਦਾ। ਗਰੀਬ ਮਨੁੱਖ ਨੂੰ ਦੌਲਤ ਨਾ ਹੋਣ ਕਾਰਨ ਇਹ ਚੀਜ਼ਾਂ ਪ੍ਰਾਪਤ ਨਹੀਂ ਹੁੰਦੀਆਂ। ਉਹ ਖਾਣ ਤੋਂ ਇਸ ਲਈ ਅਸਮਰਥ ਹੈ। ਪਰੰਤੂ ਪ੍ਰਮਾਤਮਾ ਵਲੋਂ ਇਹ ਜ਼ਰੂਰੀ ਰਿਜ਼ਕ ਅਮੀਰ ਤੇ ਗਰੀਬ ਦੋਹਾਂ ਨੂੰ ਮਿਲਦਾ ਹੈ।

*ਰਾਗੁ ਗੂਜਰੀ ਮਹਲਾ ੫ ॥*
*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥*

*ਅੰਗ- ੧੦*

ਦੌਲਤਮੰਦ ਨੂੰ ਹਮੇਸ਼ਾਂ ਸ਼ਾਂਤੀ ਨਹੀਂ ਮਿਲਦੀ। ਨਿਰਧਨ ਦਾ ਹਮੇਸ਼ਾ ਦੌਲਤ ਦੀ ਲਾਲਸਾ ਵਿਚ ਆ ਕੇ ਉਸ ਦਾ ਮਨ ਬੀ ਅਸ਼ਾਂਤ ਰਹਿੰਦਾ ਹੈ। ਦੌਲਤ ਨੂੰ ਸਿਰਫ ਇਸ ਹੱਦ ਤਕ ਜ਼ਰੂਰੀ ਸਮਝਿਆ ਗਿਆ ਹੈ ਕਿ ਕਿਸੇ ਹੱਦ ਤਕ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਹੈ। ਦੌਲਤ ਗੁਜ਼ਰਾਨ, ਪੁੱਤਰ ਨਿਸ਼ਾਨ, ਇਸਤਰੀ ਈਮਾਨ। ਦੌਲਤ ਪੂਰੀ ਵਫਾਦਾਰੀ ਨਹੀਂ ਕਰਦੀ, ਧੋਖਾ ਦੇ ਕੇ ਤਿਲ੍ਹਕ ਜਾਂਦੀ ਹੈ ਤੇ ਜੀਵ ਤੇ ਹਕੂਮਤ ਕਰਦੀ ਹੈ। ਜਦ ਦੁਨੀਆ ਦੀ ਹਰ ਚੀਜ਼ ਆਉਣ ਜਾਣ ਵਾਲੀ ਹੈ ਤਾਂ ਦੌਲਤ ਸਾਡੇ ਕੋਲ ਪੱਕੇ ਤੌਰ 'ਤੇ ਕਿਵੇਂ ਰਹੇਗੀ? ਆਤਮ ਮਾਰਗ 'ਤੇ ਚੱਲਣ ਵਾਲੇ ਪਾਂਧੀਆਂ ਦੀ ਅਵਸਥਾ ਮਨਮੁਖਾਂ ਨਾਲੋਂ ਵੱਖਰੀ ਹੁੰਦੀ ਹੈ। ਮਨਮੁਖ ਦੌਲਤ ਦੇ ਪਿੱਛੇ ਭੱਜਦੇ ਹਨ ਕਿਉਂਕਿ ਹੋਰ-ਹੋਰ ਦੀ ਲਾਲਸਾ ਖਤਮ ਨਹੀਂ ਹੁੰਦੀ ਲੇਕਿਨ ਇਸ ਦੇ ਉਲਟ ਗੁਰਮੁਖਾਂ ਦੇ ਪਿੱਛੇ ਦੌਲਤ ਭੱਜਦੀ ਹੈ। ਗੁਰਮੁਖਾਂ ਕੋਲ ਕੁਲ ਤਕਲੀਫਾਂ ਦਾ ਇਕੋ ਇਲਾਜ ਹੈ - 'ਨਾਮ' ਇਹ (ਨਾਮ) ਦੀ ਅਵਾਜ਼

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਨਿਕਲਦੀ ਹੈ -

*ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ ॥*
*ਕਰਿ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿ ਠਾਉ ॥ ੪ ॥*

*ਅੰਗ- ੪੩੧*

ਸਭ ਦੁਨੀਆਂ ਚੱਲਣਹਾਰ ਦਿਸ ਰਹੀ ਹੈ। ਇਕ ਪ੍ਰਮਾਤਮਾ ਦਾ ਨਾਉਂ ਸਦਾ ਕਾਇਮ ਤੇ ਨਾ ਬਦਲਣ ਵਾਲਾ ਹੈ-

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥*

*ਅੰਗ- ੧੪੨੯*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਹਿਗੁਰੂ ਦੇ ਸਾਰੇ ਨਿਯਮ ਹਨ। ਵਾਹਿਗੁਰੂ 'ਦਾਤਾ' ਹੈ। 'ਦਾਤਾ' ਉਹ ਹੈ ਜੋ ਦਾਤਾਂ ਮੁਫਤ ਦੇਵੇ ਤੇ ਉਸ ਦਾ ਕੋਈ ਮੁੱਲ ਨਾ ਲਵੇ।

*ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥*

*ਅੰਗ- ੨*

*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥*

*ਅੰਗ- ੨*

*ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥*
*ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥*

*ਅੰਗ- ੨੫੭*

ਵਾਹਿਗੁਰੂ ਬੇਅੰਤ ਹੈ ਇਸ ਲਈ ਉਸ ਦੀਆਂ ਦਾਤਾਂ ਬੀ ਬੇਅੰਤ ਹੀ ਹਨ -

*ਤੂ ਬੇਅੰਤੁ ਕੋ ਵਿਰਲਾ ਜਾਣੈ ॥*
*ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥* *ਅੰਗ- ੫੬੨*

ਰੱਬੀ ਦਾਤਾਂ ਨਾ ਮੁਕਦੀਆਂ ਹਨ, ਨਾ ਟੁੱਟਦੀਆਂ ਹਨ। ਹਮੇਸ਼ਾ ਨਿਰਤੰਰ ਜਾਰੀ ਰਹਿੰਦੀਆਂ ਹਨ। ਜਿਵੇਂ ਕਿ ਹਵਾ ਨਿਰੰਤਰ ਚਲਦੀ ਹੈ ਜਿਸ ਰਾਹੀਂ ਅਸੀਂ ਸਾਹ ਲੈਂਦੇ ਹਾਂ।

*ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥*
*ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥*
*ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥*
*ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥*

*ਅੰਗ- ੨੬੯*

ਜੋ ਕਿ ਵਾਹਿਗੁਰੂ ਸਾਨੂੰ ਮੁਫਤ ਵਿਚ ਦਿੰਦਾ ਹੈ। ਸੂਰਜ, ਚੰਦ, ਤਾਰੇ, ਅਗਨ ਨੂੰ ਉਰਜਾ ਭੀ ਵਾਹਿਗੁਰੂ ਹੀ ਦਿੰਦਾ ਹੈ। ਮਨੁੱਖ ਦੀਆ ਸਭ ਸਹੂਲਤਾਂ ਲਈ ਵਾਹਿਗੁਰੂ ਨੇ ਸਭ ਇਕ ਸਿਸਟਮ ਵਿਚ ਬੰਨ੍ਹੇ ਹੋਏ ਹਨ।

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*
*ਭੈ ਵਿਚਿ ਰਾਜਾ ਧਰਮੁ ਦੁਆਰੁ ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥*
*ਭੈ ਵਿਚਿ ਸਿਧ ਬੁਧ ਸੁਰ ਨਾਥ ॥*
*ਭੈ ਵਿਚਿ ਆਡਾਣੇ ਆਕਾਸ ॥*
*ਭੈ ਵਿਚਿ ਜੋਧ ਮਹਾਬਲ ਸੂਰ ॥*
*ਭੈ ਵਿਚਿ ਆਵਹਿ ਜਾਵਹਿ ਪੂਰ ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ ॥*
*ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥*

*ਅੰਗ- ੪੬੪*

ਅਕਾਲ ਪੁਰਖ ਦੇ ਭੈ ਦੇ ਅੰਦਰ ਹੀ ਇਹ ਸਾਰਾ ਸਿਸਟਮ ਕੰਮ ਕਰਦਾ ਹੈ। ਅਕਾਲ ਪੁਰਖ ਬੇਅੰਤ ਹੈ। ਉਹਦਾ ਸਿਸਟਮ ਬੀ ਬੇਅੰਤ ਹੈ। ਜਿਸ ਤਰ੍ਹਾਂ (ਧਰਤੀ ਮਾਤਾ) ਜ਼ਮੀਨ ਨੂੰ ਪ੍ਰਮਾਤਮਾ ਵਲੋਂ ਬੇਅੰਤ ਸਾਲਾਂ ਤੋਂ ਇਕ ਹਮੇਸ਼ਾ ਰਹਿਣ ਵਾਲੀ ਸ਼ਕਤੀ ਮਿਲਦੀ ਹੈ -

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥*

*ਅੰਗ- ੮*

ਜਿਸ ਨਾਲ ਬੇਅੰਤ ਅਨਾਜ, ਫਲ, ਫੁੱਲ, ਦਰਖਤ, ਕੋਲ, ਪੈਟਰੋਲ, ਡੀਜ਼ਲ, ਲੋਹਾ, ਸੋਨਾ, ਚਾਂਦੀ, ਮਾਰਬਲ ਆਦਿ ਬੇਅੰਤ ਚੀਜ਼ਾਂ ਪ੍ਰਾਪਤ ਹੁੰਦੀਆ ਹਨ। ਤੋਟ ਨਹੀਂ ਆਉਂਦੀ। ਜ਼ਮੀਨ (ਧਰਤੀ ਮਾਤਾ) ਦਾ ਵੀ ਅਤੁੱਟ ਦਾਤਾ ਪ੍ਰਮਾਤਮਾ ਹੀ ਹੈ। ਜ਼ਮੀਨ ਤੇ ਇਕ ਹਿੱਸਾ ਖੁਸ਼ਕੀ ਹੈ। ਤਿੰਨ ਹਿੱਸੇ ਪਾਣੀ ਹੈ ਜਿਹਨਾਂ ਨੂੰ ਸਮੁੰਦਰ ਦਾ ਨਾਂ ਦਿਤਾ ਗਿਆ ਹੈ। ਸਮੁੰਦਰਾਂ ਦੇ ਪਾਣੀ ਵਿਚ ਬੇਅੰਤ ਤਰ੍ਹਾਂ ਦੇ ਜੀਵ ਰਹਿੰਦੇ ਹਨ। ਉਹਨਾਂ ਦੇ ਰਿਜ਼ਕ ਦਾ ਬੀ ਅਤੁੱਟ ਦਾਤਾ ਪ੍ਰਮਾਤਮਾ ਹੈ। ਮਨੁੱਖ ਤਾਂ ਉਹਨਾਂ ਜਾਨਵਰਾਂ ਦੀ ਕੋਈ ਸਹਾਇਤਾ ਨਹੀਂ ਕਰ ਰਿਹਾ। ਜੰਗਲ ਵਿਚ ਬੇਅੰਤ ਤਰ੍ਹਾਂ ਦੇ ਜਾਨਵਰ ਹਨ। ਉਹਨਾਂ ਦਾ ਅਤੁੱਟ ਦਾਤਾ ਭੀ ਪ੍ਰਮਾਤਮਾ ਹੀ ਹੈ। ਉੱਡਣ ਵਾਲੇ ਪੰਛੀਆਂ ਦੇ ਰਿਜਕ ਦਾ ਬੀ ਉਹੀ ਪ੍ਰਮਾਤਮਾ ਪ੍ਰਬੰਧ ਕਰਦਾ ਹੈ -

*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥*

*ਅੰਗ- ੯੫੫*

ਸਮੁੰਦਰ ਦੇ, ਜੰਗਲਾਂ ਦੇ ਜਾਨਵਰ, ਪਰਿੰਦੇ ਆਪਣਾ ਰੋਜ਼ ਦਾ ਰਿਜ਼ਕ ਜੋ ਪ੍ਰਮਾਤਮਾ ਦਿੰਦਾ ਹੈ, ਖੁਸ਼ੀ ਨਾਲ ਖਾਂਦੇ ਹਨ ਅਤੇ ਵਧੀ ਹੋਈ ਖੁਰਾਕ ਕੱਲ੍ਹ ਵਾਸਤੇ ਨਹੀਂ ਸਾਂਭਦੇ। ਉਥੇ ਪਈ ਛੱਡ ਕੇ ਤੁਰ ਜਾਂਦੇ ਹਨ। ਉਹਨਾਂ ਨੂੰ ਵਿਸ਼ਵਾਸ਼ ਹੈ ਕਿ ਜਿਸ ਨੇ ਸਾਨੂੰ ਅੱਜ ਰਿਜ਼ਕ ਦਿਤਾ ਹੈ ਕੱਲ੍ਹ ਨੂੰ ਵੀ ਦੇਵੇਗਾ -

*ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਹਾ ਵਾਸੁ॥*
*ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥*
*ਅੰਗ- ੧੩੮੩*

ਮਨੁੱਖ ਦੀ ਲਾਲਸਾ ਇਤਨੀ ਹੈ। ਸਾਲਾਂ ਦਾ ਜ਼ਖੀਰਾ ਜਮ੍ਹਾਂ ਕਰਕੇ ਫੇਰ ਭੁੱਖਾ ਹੀ ਨਜ਼ਰ ਆਉਂਦਾ ਹੈ। ਹੋਰ-ਹੋਰ ਮੰਗੀ ਜਾਂਦਾ ਹੈ ਤੇ ਇਕੱਠਾ ਕਰ-ਕਰ ਰਜਦਾ ਨਹੀਂ। ਜਾਨਵਰ, ਪਰਿੰਦੇ ਆਪਣੇ ਦਾਤੇ ਵਾਹਿਗੁਰੂ ਨੂੰ ਪੂਰੀ ਨਿਹਚੇ ਨਾਲ ਮੰਨ ਰਹੇ ਹਨ। ਪਰ ਮਨੁੱਖ ਨੂੰ ਵਾਹਿਗੁਰੂ ਨੇ ਪੂਰੇ ਸਰੂਪ ਦੀ ਬਖਸ਼ਿਸ਼ ਕੀਤੀ। ਪੂਰਨ ਦਾਤੇ ਦੀਆਂ ਦਿਤੀਆਂ ਦਾਤਾਂ ਦੇ ਹੁੰਦਿਆਂ ਵੀ ਇਸ ਨੂੰ ਥੁੜ ਨਜ਼ਰ ਆਉਂਦੀ ਹੈ।

ਮਨੁੱਖ ਦਾ ਉਸ ਵਾਹਿਗੁਰੂ ਜੀ ਤੇ ਭਰੋਸਾ ਨਹੀਂ। ਮਨੁੱਖ ਤਾਂ ਇਹ ਕਹਿੰਦਾ ਹੈ ਕਿ ਮੈਂ ਸਵੇਰ ਤੋਂ ਸ਼ਾਮ ਤਕ ਮਿਹਨਤ ਕਰਦਾ ਹਾਂ ਤਾਂ ਜਾ ਕੇ ਰਿਜ਼ਕ ਮਿਲਦਾ ਹੈ। ਉਹ ਵੀ ਪੂਰਾ ਨਹੀਂ ਮਿਲਦਾ। ਜਦ ਉਹ ਸਾਰੀ ਸ੍ਰਿਸ਼ਟੀ ਦਾ ਦਾਤਾ ਹੈ ਤੇਰਾ ਕਿਉਂ ਨਹੀਂ ਹੈ? ਹੇ ਮਨੁੱਖ! ਜਿਸ ਹਵਾ ਵਿਚ ਤੂੰ ਸਾਹ ਲੈਂਦਾ ਹੈਂ ਜੋ ਕਿ ਤੇਰੀ ਜ਼ਿੰਦਗੀ ਦੀ ਸਭ ਤੋਂ ਅਮੁੱਲੀ ਚੀਜ਼ ਹੈ। ਤੂੰ ਕੀ ਉਸ ਦਾ ਮੁੱਲ ਅਕਾਲ ਪੁਰਖ ਨੂੰ ਦਿੰਦਾ ਹੈਂ? ਇਹ ਸਭ ਮਨੁੱਖ ਦੀ ਭੁੱਲ ਹੈ।

ਵਾਹਿਗੁਰੂ ਦੀ ਦੁਨੀਆਂ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਆ ਸਕਦੀ, ਨਾ ਕਦੇ ਆਈ ਹੈ। ਵਾਹਿਗੁਰੂ ਦੀਆਂ ਦਿਤੀਆਂ ਦਾਤਾਂ ਨੂੰ ਇਹ ਮਨੁੱਖ ਲੁਕੋ ਕੇ ਰਖਦਾ ਹੈ। ਦੂਜਿਆਂ ਦੀ ਪ੍ਰਵਾਹ ਨਹੀਂ ਕਰਦਾ। ਮਨੁੱਖ ਦੀ ਖੁਸ਼ੀ ਇਸ ਗੱਲ ਵਿਚ ਹੈ ਕਿ ਮੇਰੇ ਕੋਲ ਲੋੜ ਤੋਂ ਵੱਧ ਹੋਵੇ। ਮਨੁੱਖ ਦੀ ਇਸ ਗਲਤੀ ਨੇ ਕੁਲ ਦੁਨੀਆਂ ਨੂੰ ਬਰਬਾਦੀ ਵਲ ਧੱਕ ਦਿਤਾ ਹੈ। ਜੇਕਰ ਇਕ ਦੇਸ਼ ਵਿਚ ਅਨਾਜ ਵਾਧੂ ਹੈ। ਜ਼ਰੂਰਤ ਪੈਣ ਤੇ ਦੂਸਰੇ ਦੇਸ਼ ਨੂੰ ਮੁਫਤ ਅਨਾਜ ਦੇਵੇ -

*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥ ੩ ॥ ਅੰਗ- ੧੮੬*

ਪਰੰਤੂ ਮਨੁੱਖ ਆਪਣੀ ਸੋਚ ਨਾਲ ਚਲਦਾ ਹੈ। ਪਾਪ ਸਾਰੀ ਦੁਨੀਆਂ ਦੇ ਝਗੜੇ ਤੇ ਘਾਟੇ ਦੀ ਨੀਂਹ ਹੈ। ਵਾਹਿਗੁਰੂ ਜੀ ਨੇ ਸਾਰੀਆ ਚੀਜ਼ਾਂ ਆਪਣੇ ਸਿਸਟਮ ਨਾਲ ਮਨੁੱਖ ਨੂੰ ਮੁਫਤ ਵਿਚ ਦਿਤੀਆਂ ਹਨ। ਮਨੁੱਖ ਨੇ ਆਪਣੇ ਦਿਮਾਗ ਵਿਚ ਦਿਤੀਆਂ ਹਨ। ਮਨੁੱਖ ਨੇ ਆਪਣੇ ਦਿਮਾਗ ਨਾਲ ਵਖਰਾ ਸਿਸਟਮ ਬਣਾ ਕੇ ਸਾਰੀ ਦੁਨੀਆਂ ਵਿਚ ਤੂਫਾਨ ਮਚਾਇਆ ਹੋਇਆ ਹੈ। ਪ੍ਰਮਾਤਮਾ ਨੂੰ ਭੁੱਲ ਗਿਆ। ਹੇ ਮਨੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਭਰੋਸਾ ਤੇ ਵਿਸ਼ਵਾਸ਼ ਕਰ -

*ਨਵ ਨਿਧਿ ਸਿਧਿ ਰਿਧਿ ਦੀਨੇ*
*ਕਰਤੇ ਤੋਟਿ ਨ ਆਵੈ ਕਾਈ ਰਾਮ ॥*
*ਖਾਤ ਖਰਚਤ ਬਿਲਛਤ ਸੁਖੁ ਪਾਇਆ*
*ਕਰਤੇ ਕੀ ਦਾਤਿ ਸਵਾਈ ਰਾਮ ॥*
*ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥*
*ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥*
*ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥*
*ਨਾਨਕ ਗੁਣ ਗਾਵਹਿ ਸੁਆਮੀ ਕੇ*
*ਅਚਰਜੁ ਜਿਸੁ ਵਡਿਆਈ ਰਾਮ ॥੨ ॥*
*ਅੰਗ- ੭੮੩*

ਸਾਰੀ ਲਿਖਤ 'ਚ ਤੱਤ ਇਹ ਹੈ ਕਿ ਦੌਲਤ ਜਿਤਨੀ ਮਰਜ਼ੀ ਜਿਤਨੇ ਮਰਜ਼ੀ ਯਤਨਾਂ ਨਾਲ ਕਮਾਉ, ਉਹ ਹਮੇਸ਼ਾ ਆਉਂਦੀ ਜਾਂਦੀ ਰਹਿੰਦੀ ਹੈ। ਦੌਲਤ ਦੀ ਭੁੱਲ, ਹੋਰ-ਹੋਰ ਮੰਗਣ ਦੀ ਕਦੇ ਨਹੀਂ ਮੁੱਕਦੀ। ਵਾਹਿਗੁਰੂ ਦਾ ਨਾਮ ਜਪਣ ਨਾਲ, ਵਾਹਿਗੁਰੂ ਦੇ ਗੁਣ ਧਾਰਨ ਕਰਨ ਨਾਲ, ਸਿਮਰਨ ਕਰਨ ਨਾਲ ਜੋ ਰੂਹਾਨੀ ਦਾਤਾਂ ਪ੍ਰਗਟ ਹੁੰਦੀਆਂ ਹਨ, ਉਹ ਕਦੇ ਵੀ ਥੁੜਦੀਆਂ ਨਹੀਂ। ਵਾਹਿਗੁਰੂ ਬੇਅੰਤ ਹੈ। ਉਸ ਦਾਤੇ ਦੀਆਂ ਦਾਤਾਂ ਵੀ ਬੇਅੰਤ ਹਨ -

*ਦੇਦਾ ਦੇ ਲੈਦੇ ਥਕਿ ਪਾਹਿ ॥*
*ਜੁਗਾ ਜੁਗੰਤਰਿ ਖਾਹੀ ਖਾਹਿ ॥ ਅੰਗ- ੨*

ਵਾਹਿਗੁਰੂ ਜੀ ਦਇਆਲ ਹਨ -

*ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ੧ ॥ ਅੰਗ- ੬੭੩*

ਉਹ ਹਮੇਸ਼ਾ ਸਾਡੀ ਪ੍ਰਿਤਪਾਲਣਾ ਕਰਦੇ ਹਨ -

*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥*
*੧ ॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ ੨ ॥*
*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ ॥ ੩ ॥ ੧੨ ॥ ਅੰਗ- ੬੭੪*

ਇਹ ਜਿਹਬਾ ਉਸਦੀਆ ਵਡਿਆਈਆਂ ਦਾ ਪੂਰਾ ਵਰਨਣ ਨਹੀਂ ਕਰ ਸਕਦੀ। ਇਸ ਕਰਕੇ ਉਸ ਦੀ ਸਰਣਿ ਲੈਣ ਵਿਚ ਹੀ ਸਾਡਾ ਭਲਾ ਹੈ। ਉਹ ਸਾਨੂੰ ਆਪਣੀ ਸ਼ਰਨ ਬਖਸ਼ ਦੇਵੇ ਇਹੀ ਦਾਸ ਦੀ ਅਰਦਾਸ ਹੈ।

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਮਈ ਅੰਕ, ਪੰਨਾ-43)*

**ਸਿਰੀਰਾਗੁ ਮਹਲਾ ੧ ਘਰੁ ੧ ਅਸਪਦੀਆ**

ਮਹਲਾ ੧=ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਘਰੁ ੧=ਰਾਗ ਦੇ ਪਹਿਲੇ ਸੁਰਤਾਲ ਵਿਚ, ਅਸਟਪਦੀਆ=ਅੱਠ ਪਦਿਆਂ ਵਾਲਾ ਸ਼ਬਦ ਉਚਾਰਨ ਕਰਦੇ ਹਨ। ਕਾਜ਼ੀਆਂ ਨੇ ਪ੍ਰਸ਼ਨ ਕੀਤਾ ਕਿ ਮਨ ਨੂੰ ਕਿਸ ਪ੍ਰਕਾਰ ਪਰਮੇਸ਼ਰ ਵੱਲ ਲਾਉਣਾ ਕਰੀਏ? ਤਾਂ ਸਤਿਗੁਰੂ ਜੀ ਕਥਨ ਕਰਦੇ ਹਨ ਕਿ -

**ਆਖਿ ਆਖਿ ਮਨੁ ਵਾਵਣਾ**
**ਜਿਉ ਜਿਉ ਜਾਪੈ ਵਾਇ॥**

ਹੇ ਭਾਈ! ਪਰਮੇਸ਼ਰ ਦਾ ਨਾਮ ਆਖਿ-ਆਖਿ=ਬਾਰ-ਬਾਰ ਕਹਿ ਕਹਿ ਕੇ, ਪੁਨਾ-ਪੁਨਾ ਕਹਿ ਕੇ ਮਨ ਦੇ ਨਾਲ ਵਾਵਣਾ=ਉਚਾਰਨਾ ਕਰੀਏ। ਜਿਉ ਜਿਉ=ਜਿਵੇਂ-ਜਿਵੇਂ ਪਰਮੇਸ਼ਰ ਦੇ ਨਾਮ ਨੂੰ ਮਨ ਵਾਇ=ਉਚਾਰਨ ਕਰਦਾ ਜਾਪੈ=ਜਾਵੇਗਾ, ਤਿਉਂ ਇਸ ਨੂੰ ਅਨੰਦ ਆਵੇਗਾ ਤੇ ਇਹ ਖ਼ੁਦਾ ਨਾਲ ਜੁੜ ਜਾਵੇਗਾ।

**ਜਿਸਨੋ ਵਾਇ ਸੁਣਾਈਐ**
**ਸੋ ਕੇਵਡੁ ਕਿਤੁ ਥਾਇ॥**

ਜਿਸ ਪਰਮੇਸ਼ਰ ਨੂੰ ਵਾਇ=ਉਚਾਰ ਕੇ ਵਾ: ਮਨ ਨੂੰ ਵਰਜ ਕੇ, ਮਨ ਦਾ ਮਾਣ ਗਵਾ ਕੇ ਸੁਣਾਉਣਾ ਹੈ, ਉਸ ਨੂੰ ਕੇਵਡੁ=ਕਿਤਨਾ ਕੁ ਵੱਡਾ ਕਥਨ ਕਰੀਏ, ਉਹ ਕਥਨ ਵਿਚ ਨਹੀਂ ਆ ਸਕਦਾ। ਕੋਈ ਉਸ ਨੂੰ ਮਿਣ ਨਹੀਂ ਸਕਦਾ ਕਿ ਉਸ ਦਾ ਆਕਾਰ ਕਿਤਨਾ ਵੱਡਾ ਹੈ, ਫਿਰ ਉਸ ਦੇ ਰਹਿਣ ਦੀ ਕਤੁ ਥਾਇ=ਕਿਹੜੀ ਥਾਂ ਕਥਨ ਕਰੀਏ, ਉਹ ਤਾਂ ਸਾਰੇ ਹੀ ਥਾਵਾਂ 'ਤੇ ਵਿਆਪਕ ਹੈ।

**ਆਖਣ ਵਾਲੇ ਜੇਤੜੇ**
**ਸਭਿ ਆਖਿ ਰਹੇ ਲਿਵ ਲਾਇ॥੧॥**

ਉਸ ਪਰਮੇਸ਼ਰ ਦੇ ਜੱਸ ਨੂੰ ਰਿਸ਼ੀ, ਮੁਨੀ, ਪੀਰ, ਪੈਗੰਬਰ ਆਦਿ ਜੇਤੜੇ=ਜਿਤਨੇ ਵੀ ਜੀਵ ਆਖਣ=ਕਹਿਣ ਵਾਲੇ ਹਨ। ਉਹ ਸਭਿ ਪਰਮੇਸ਼ਰ ਦੇ ਜੱਸ ਨੂੰ ਆਖਿ=ਕਹਿ-ਕਹਿ ਕੇ ਉਸ ਵਿਚ ਹੀ ਲਿਵ=ਬਿਰਤੀ ਲਾ ਰਹੇ ਹਨ ਤੇ ਜਿਨ੍ਹਾਂ ਦੀ ਬਿਰਤੀ ਪਰਮੇਸ਼ਰ ਨਾਲ ਜੁੜ ਗਈ ਹੈ ਤੇ ਨਾਮ ਰਸ ਦਾ ਅਨੰਦ ਆਇਆ ਹੈ, ਫਿਰ ਉਹਨਾਂ ਨੂੰ ਬੋਲਣ ਦਾ ਚੇਤਾ ਹੀ ਭੁੱਲ ਜਾਂਦਾ ਹੈ।

**ਬਾਬਾ ਅਲਹੁ ਅਗਮ ਅਪਾਰੁ॥**

ਬਾਬਾ=ਹੇ ਭਾਈ! ਉਹ ਅਲਹੁ=ਲਖਣ ਤੋਂ ਰਹਿਤ ਖ਼ੁਦਾ (ਪਰਮੇਸ਼ਰ) ਅਗਮ=ਮਨ ਦੀ ਗਮਤਾ ਤੋਂ ਪਰ੍ਹੇ ਤੇ ਅਪਾਰ=ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ। ਪਰਮੇਸ਼ਰ ਦਾ ਇਹੋ ਜਿਹਾ ਸਰੂਪ ਹੈ।

**ਪਾਕੀ ਨਾਈ ਪਾਕ ਥਾਇ**
**ਸਚਾ ਪਰਵਦਿਗਾਰੁ॥੧॥ਰਹਾਉ॥**

ਪਰਮੇਸ਼ਰ ਦਾ ਨਾਈ=ਨਾਮ ਪਾਕੀ=ਪਵਿੱਤਰ ਹੈ ਤੇ ਉਸ ਦੀ ਪਾਕ=ਪਵਿੱਤਰਤਾ ਕਿਤੋਂ ਨਹੀਂ ਆਈ। ਉਹ ਸੁਤੇ ਹੀ ਪਵਿੱਤਰ ਹੈ ਵਾ: ਉਸ ਦੀ ਨਾਈ=ਮਹਿਮਾ ਵੀ ਪਾਕੀ=ਪਵਿੱਤਰ ਹੈ ਤੇ ਉਸ ਦਾ ਸਰੂਪ ਰੂਪ ਥਾਂ ਵੀ ਪਾਕ=ਪਵਿੱਤਰ ਹੈ।

**ਤੇਰਾ ਹੁਕਮੁ ਨ ਜਾਪੀ ਕੇਤੜਾ**
**ਲਿਖਿ ਨ ਜਾਣੈ ਕੋਇ॥**

ਹੇ ਪਰਮੇਸ਼ਰ! ਤੇਰਾ ਹੁਕਮ ਕੇਤੜਾ=ਕਿਤਨਾ ਕੁ ਵੱਡਾ ਹੈ, ਇਹ ਕੋਈ ਨਹੀਂ ਜਾਪੀ=ਜਾਣ ਸਕਦਾ।

**ਜੇ ਸਉ ਸਾਇਰ ਮੇਲੀਅਹਿ**
**ਤਿਲੁ ਨ ਪੁਜਾਵਹਿ ਰੋਇ॥**

ਜੇ ਬਾਲਮੀਕ (ਜੋ ਬ੍ਰਹਮਾ ਦੇ ਅਵਤਾਰ ਮੰਨੇ ਜਾਂਦੇ ਹਨ ਤੇ ਰਾਮ ਚੰਦਰ ਜੀ ਦੇ ਆਉਣ ਤੋਂ ਦਸ ਹਜ਼ਾਰ ਸਾਲ ਪਹਿਲਾਂ ਰਾਮਾਇਣ ਲਿਖ ਦਿਤੀ ਸੀ) ਵਿਸ਼ਿਸ਼ਟ, ਬਿਆਸ (ਜਿਨ੍ਹਾਂ ਨੇ 18 ਪੁਰਾਣ ਰਚਨਾ ਕੀਤੇ) ਵਰਗੇ ਵੱਡੇ-ਵੱਡੇ ਸਾਇਰ=ਕਵੀ ਮੰਨੇ ਹਨ, ਜੇ ਇਹੋ ਜਿਹੇ ਸਉ=ਸੈਂਕੜੇ ਸਾਇਰ=ਕਵੀ ਮੇਲੀਅਹਿ=ਇਕੱਠੇ ਕਰ ਲਈਏ ਤਾਂ ਇਹ ਤਿਲ ਮਾਤਰ ਵੀ ਉਸ ਦੀ ਰੋਇ=ਸੋਭਾ ਨੂੰ ਨਹੀਂ ਪੁੱਜ ਸਕਣਗੇ। ਰੋਇ=ਬਾਣੀ ਦੁਆਰਾ ਕਥਨ ਕਰਦੇ ਤਿਲ ਮਾਤਰ ਵੀ ਉਸ ਦੀ ਸੋਭਾ ਨੂੰ ਨਹੀਂ ਪੁੱਜ ਸਕਦੇ ਅਥਵਾ ਨਿਰੰਕਾਰ ਦੇ ਸਰੂਪ ਵਿਚ ਮਾਇਆ ਤਿਲ ਮਾਤਰ ਹੈ ਤੇ ਇਹ ਵਿਦਵਾਨ ਕਵੀ ਮਾਇਆ ਦੀ ਰੋਇ=ਸੋਭਾ ਤਕ ਨਹੀਂ ਪਹੁੰਚ ਸਕਦੇ। ਫਿਰ ਪਰਮਾਤਮਾ ਤਾਂ ਬੜੀ ਦੂਰ ਦੀ ਗੱਲ ਹੈ ਅਥਵਾ ਜਦੋਂ ਪਰਮਾਤਮਾ ਦੀ ਸੋਭਾ ਤਕ ਤਿਲ ਮਾਤਰ ਵੀ ਨਾ ਪਹੁੰਚ ਸਕੇ ਤਾਂ ਰੋਇ=ਵੈਰਾਗਵਾਨ ਹੋ ਕੇ ਇਹ ਕਹਿੰਦੇ ਹਨ ਕਿ ਪਰਮਾਤਮਾ ਤੂੰ ਬੇਅੰਤ ਹੈਂ।

**ਕੀਮਤਿ ਕਿਨੈ ਨ ਪਾਈਆ**
**ਸਭਿ ਸੁਣਿ ਸੁਣਿ ਆਖਹਿ ਸੋਇ॥੨॥**

ਐਸੇ ਬੇਅੰਤ ਪਰਮੇਸ਼ਰ ਦੀ ਕਿਸੇ ਨੇ ਵੀ ਅੱਜ ਤੱਕ ਕੀਮਤ ਨਹੀਂ ਪਾਈ ਤੇ ਨਾ ਹੀ ਕੋਈ ਪਾ ਸਕੇਗਾ। ਬੇਦਾਂ, ਕਤੇਬਾਂ, ਸ਼ਾਸਤਰਾਂ ਅਤੇ ਪ੍ਰਭੂ ਪਿਆਰਿਆਂ ਕੋਲੋਂ ਸੁਣ-ਸੁਣ

ਕੇ ਹੀ ਸਾਰੇ ਉਸ ਦੀ ਸੋਇ=ਸ਼ੋਭਾ ਨੂੰ ਆਖਦੇ ਹਨ।

**ਪੀਰ ਪੈਕਾਮਰ ਸਾਲਕ ਸਾਦਕ**
**ਸੁਹਦੇ ਅਉਰੁ ਸਹੀਦ॥**

ਪੀਰ=ਮੁਸਲਮਾਨਾਂ ਦੇ ਮੁਰਸ਼ਦ ਅਖਵਾਉਣ ਵਾਲੇ ਪੈਕਾਮਰ=ਪੈਗੰਬਰ, ਆਕਾਸ਼ ਤੋਂ ਭਾਵ ਖੁਦਾ ਦਾ ਪੈਗਾਮ ਸੁਨੇਹਾ ਲਿਆਉਣ ਵਾਲੇ (ਜਿਸ ਪ੍ਰਕਾਰ ਕੁਰਾਨ ਦੀ ਰਚਨਾ ਹੋਈ) ਕੁਰਾਨ=ਕੁਰ+ਆਨ, ਕੁਰ=ਬਾਣੀ ਆਨ=ਆਕਾਸ਼। ਇਕ ਲੱਖ ਚੌਵੀ ਹਜ਼ਾਰ ਪੈਗੰਬਰ ਅਤੇ ਇਕ ਹਜ਼ਾਰ ਖਲੀਫਾ ਮੰਨਿਆ ਹੈ। ਮੁਹੰਮਦ ਸਾਹਿਬ ਨੂੰ ਆਖਰੀ ਪੈਗੰਬਰ ਮੰਨਦੇ ਹਨ। ਸਾਲਕ=ਗਿਆਨਵਾਨ ਅਖਵਾਉਣ ਵਾਲੇ, ਸਾਦਕ=ਸਿਰਕ ਭਰੋਸੇ ਵਾਲੇ ਮੁਰੀਦ ਅਖਵਾਉਣ ਵਾਲੇ ਸੁਹਦੇ=ਅਲਬੇਲੇ ਫ਼ਕੀਰ, ਗਰੀਬ (ਪੋਠੋਹਾਰ ਵਿਚ ਗਰੀਬ ਨੂੰ ਸੁਹਦੇ ਕਹਿੰਦੇ ਹਨ) ਅਉਰੁ=ਅਤੇ ਸਹੀਦ=ਧਰਮ ਯੁੱਧ ਵਿਚ ਸਨਮੁਖ ਲੜ ਕੇ ਪ੍ਰਾਣ ਤਿਆਗਣ ਵਾਲੇ ਵਾ: ਸੁਹਦੇ=ਧਰਮ ਦੇ ਸਾਖੀ ਅਤੇ ਸਹੀਦ=ਧਰਮ ਵੀਰ।

**ਸੇਖ ਮਸਾਇਕ ਕਾਜੀ ਮੁਲਾ**
**ਦਰਿ ਦਰਵੇਸ ਰਸੀਦ॥**

ਸੇਖ=ਮੁਸਲਮਾਨਾਂ ਵਿਚ ਸਰਬ ਉੱਚ ਜਾਤੀ ਵਾਲੇ, ਮਸਾਇਕ=ਮਿਹਨਤਾਂ ਕਰਨ ਵਾਲੇ ਵਾ: ਮੁਸ਼ੱਕਤਾਂ ਕਰਨ ਵਾਲੇ ਫਕੀਰ ਲੋਕ। ਕਾਜ਼ੀ=ਨਿਆਂ ਕਰਨ ਵਾਲੇ ਸ਼ਰ੍ਹਾ ਦੀ ਵਿਵਸਥਾ ਦਸ ਕੇ ਕਿ ਸ਼ਰ੍ਹਾ ਇਉਂ ਕਹਿੰਦੀ ਹੈ, ਫਤਵੇ ਲਾਉਣ ਵਾਲੇ, ਮੁਲਾ=ਮੁਲਾਣੇ ਬੱਚਿਆਂ ਨੂੰ ਮਦਰੱਸਿਆਂ ਵਿਚ ਪੜ੍ਹਾਉਣ ਵਾਲੇ ਜਾਂ ਮੁਰਦਿਆਂ ਨੂੰ ਦਬਾਉਣ ਵੇਲੇ ਨਾਲ ਜਾਣ ਵਾਲੇ, ਇਨ੍ਹਾਂ ਸਾਰਿਆਂ ਵਿਚੋਂ ਜੋ ਪਰਮੇਸ਼ਰ ਦੇ ਦਰਿ=ਦਰਵਾਜ਼ੇ ਦੇ ਦਰਵੇਸ=ਫਕੀਰ ਹਨ ਅਥਵਾ ਜੋ ਗਿਆਨ ਰੂਪ (ਦਰ+ਅਵੇਸ) ਦਰਿ=ਦਰਵਾਜ਼ੇ ਵਿਚ ਅਵੇਸ਼=ਪ੍ਰਵੇਸ਼ ਕਰਕੇ, ਉਸ ਦਰਵਾਜ਼ੇ ਵਿਚੋਂ ਲੰਘ ਕੇ ਪਰਮੇਸ਼ਰ ਦੇ ਸਰੂਪ ਰੂਪੀ ਦਰ 'ਤੇ ਰਸੀਦ=ਪਹੁੰਚ ਜਾਂਦੇ ਹਨ।

**ਬਰਕਤਿ ਤਿਨ ਕਉ ਅਗਲੀ**
**ਪੜਦੇ ਰਹਿਨ ਦਰੂਦ॥੩॥**

ਭਾਵੇਂ ਪਰਮੇਸ਼ਰ ਨੇ ਤਿਨ=ਉਨ੍ਹਾਂ ਕਉ=ਨੂੰ ਅਗਲੀ=ਬਹੁਤੀਆਂ ਬਰਕਤਾਂ ਦਿਤੀਆਂ ਹਨ ਭਾਵ ਬੇਅੰਤ ਸ਼ਕਤੀਆਂ ਬਖਸ਼ੀਆਂ ਹਨ ਪਰ ਫੇਰ ਵੀ ਉਸ ਪਰਮੇਸ਼ਰ ਦਾ ਅੰਤ ਨਹੀਂ ਪਾ ਸਕਦੇ ਤੇ ਸਾਰੇ ਦਰੂਦ=ਬੇਨਤੀ ਦੇ, ਪ੍ਰਾਰਥਨਾ ਦੇ ਸ਼ਬਦ ਪੜ੍ਹਦੇ ਰਹਿਨ=ਰਹਿੰਦੇ ਹਨ ਵਾ: ਕਤੇਬਾਂ ਨੂੰ ਪੜ੍ਹ ਕੇ ਦਰੂਦ=ਬੇਨਤੀਆਂ ਕਰਦੇ ਰਹਿੰਦੇ ਹਨ।

ਭਾਵੇਂ ਪਰਮੇਸ਼ਰ ਨੇ ਤਿਨ=ਉਨ੍ਹਾਂ, ਕਉ=ਨੂੰ ਅਗਲੀ=ਬਹੁਤੀਆਂ ਬਰਕਤਾਂ ਦਿਤੀਆਂ ਹਨ ਭਾਵ ਬੇਅੰਤ ਸ਼ਕਤੀਆਂ ਬਖਸ਼ੀਆਂ ਹਨ ਪਰ ਫੇਰ ਵੀ ਉਸ ਪਰਮੇਸ਼ਰ ਦਾ ਅੰਤ ਨਹੀਂ ਪਾ ਸਕਦੇ ਤੇ ਸਾਰੇ ਦਰੂਦ=ਬੇਨਤੀ ਦੇ, ਪ੍ਰਾਰਥਨਾ ਦੇ ਸ਼ਬਦ ਪੜ੍ਹਦੇ ਰਹਿਨ=ਰਹਿੰਦੇ ਹਨ ਵਾ: ਕਤੇਬਾਂ ਨੂੰ ਪੜ੍ਹ ਕੇ ਦਰੂਦ=ਬੇਨਤੀਆਂ ਕਰਦੇ ਰਹਿੰਦੇ ਹਨ।

**ਪੁਛਿ ਨ ਸਾਜੇ ਪੁਛਿ ਨ ਢਾਹੇ**
**ਪੁਛਿ ਨ ਦੇਵੈ ਲੇਇ॥**

ਹੇ ਭਾਈ! ਪਰਮੇਸ਼ਰ ਸੁਤੰਤਰ ਹੈ। ਉਹ ਕਿਸੇ ਪੀਰ, ਪੈਗੰਬਰ ਆਦਿ ਨੂੰ ਪੁੱਛ ਕੇ ਨਾ ਤਾਂ ਸੰਸਾਰ ਨੂੰ ਸਾਜੇ=ਪੈਦਾ ਕਰਦਾ ਹੈ ਅਤੇ ਨਾ ਹੀ ਪੁੱਛ ਕੇ ਸੰਸਾਰ ਨੂੰ ਢਾਹੇ=ਨਾਸ ਕਰਦਾ ਹੈ। ਨਾ ਹੀ ਪੁੱਛ ਕੇ ਕਿਸੇ ਨੂੰ ਦਾਤ ਦੇਵੈ=ਦਿੰਦਾ ਅਤੇ ਨਾ ਹੀ ਪੁੱਛ ਕੇ ਕਿਸੇ ਤੋਂ ਕੁਝ ਲੇਇ=ਲੈਂਦਾ ਹੈ।

**ਆਪਣੀ ਕੁਦਰਤਿ ਆਪੇ ਜਾਣੈ**
**ਆਪੇ ਕਰਣੁ ਕਰੇਇ॥**

ਉਹ ਪਰਮੇਸ਼ਰ ਆਪਣੀ ਕੁਦਰਤਿ=ਸ਼ਕਤੀ ਨੂੰ ਆਪ ਹੀ ਜਾਣਦਾ ਹੈ। ਪਰਮੇਸ਼ਰ ਆਪ ਹੀ ਸੰਸਾਰ ਰੂਪੀ ਕਾਰਜ ਦੇ ਕਰਨ ਵਾਲਾ ਕਾਰਨ ਹੈ ਵਾ: ਆਪ ਹੀ ਸੰਸਾਰ ਨੂੰ ਪੈਦਾ ਕਰਨ ਵਾਲੇ ਕਾਰਨਾਂ ਨੂੰ ਕਰਨ ਵਾਲਾ ਹੈ। ਆਪ ਹੀ ਕਾਰਨ ਰੂਪ ਤਿੰਨ ਗੁਣ ਪੈਦਾ ਕੀਤੇ, ਫਿਰ ਆਪ ਹੀ ਉਨ੍ਹਾਂ ਦੁਆਰਾ ਸੂਖਮ ਤੇ ਅਸਥੂਲ ਤੱਤ ਰਚ ਕੇ ਸੰਸਾਰ ਪੈਦਾ ਕੀਤਾ। ਇਉਂ ਸਾਰੇ ਕਾਰਨਾਂ ਨੂੰ ਆਪ ਹੀ ਕਰਦਾ ਹੈ।

**ਸਭਨਾ ਵੇਖੈ ਨਦਰਿ ਕਰਿ**
**ਜੈ ਭਾਵੈ ਤੈ ਦੇਇ॥੪॥**

ਉਹ ਪਰਮਾਤਮਾ ਸਭਨਾ=ਸਾਰਿਆਂ ਨੂੰ ਆਪਣੀ ਨਦਰਿ=ਦ੍ਰਿਸ਼ਟੀ ਕਰਿ=ਕਰਕੇ ਵੈਖੇ=ਵੇਖਦਾ ਹੈ ਪਰ ਜੈ=ਜਿਸ ਮਨੁੱਖ ਦੀ ਸ਼ਰਧਾ ਤੈ=ਉਸ ਨੂੰ ਭਾਵੈ=ਭਾ ਜਾਂਦੀ ਹੈ ਵਾ: ਜਿਸ ਨੂੰ ਉਸ ਦਾ ਭਾਣਾ ਭਾਵੈ=ਚੰਗਾ ਲਗਦਾ ਹੈ ਉਸ ਨੂੰ ਹੀ ਉਹ ਪਰਮੇਸ਼ਰ ਬਖਸ਼ਿਸ਼ ਕਰਕੇ ਦਾਤਾਂ ਦੇਇ= ਦਿੰਦਾ ਹੈ।

**ਥਾਵਾ ਨਾਵ ਨ ਜਾਣੀਅਹਿ**
**ਨਾਵਾ ਕੇਵਡੁ ਨਾਉ॥**

ਹੇ ਭਾਈ! ਪਰਮੇਸ਼ਰ ਦੀਆਂ ਥਾਵਾਂ ਦੇ ਨਾਮ ਨਹੀਂ ਜਾਣੇ ਜਾ ਸਕਦੇ ਕਿ ਕਿੰਨੇ ਕੁ ਉਹਦੇ ਥਾਂ ਹਨ ਅਤੇ ਕਿਤਨੇ ਕੁ ਉਨ੍ਹਾਂ ਥਾਵਾਂ ਦੇ ਨਾਂ ਹਨ। ਉਹ ਤਾਂ ਹਰ ਥਾਂ ਮੌਜੂਦ ਹੈ ਅਤੇ ਨਾਵਾਂ ਵਿਚ ਕਿੱਡਾ ਵੱਡਾ ਉਸ ਦਾ ਨਾਂ ਹੈ, ਇਹ ਵੀ ਨਹੀਂ ਜਾਣਿਆ ਜਾਂਦਾ।

**ਜਿਥੈ ਵਸੈ ਮੇਰਾ ਪਾਤਿਸਾਹੁ**
**ਸੋ ਕੇਵਡੁ ਹੈ ਥਾਉ॥**

ਜਿਥੇ ਮੇਰਾ ਅਕਾਲ ਪੁਰਖ ਵਾਹਿਗੁਰੂ ਵਸਦਾ ਹੈ, ਉਸ ਥਾਂ ਦਾ ਕਥਨ ਨਹੀਂ ਕੀਤਾ ਜਾ ਸਕਦਾ ਕਿ ਉਹ ਥਾਂ ਕੇਵਡੁ=ਕਿਤਨਾ ਕੁ ਵੱਡਾ ਹੈ, ਫੇਰ ਇਕ ਕਾਜ਼ੀ ਨੇ ਪ੍ਰਸ਼ਨ ਕੀਤਾ ਕਿ ਸਤਿਗੁਰੂ ਜੀ! ਜਿਥੇ ਮੇਰਾ ਖੁਦਾ ਵਸਦਾ ਹੈ, ਉਹ ਤਾਂ ਕਿਤਨਾ ਕੁ ਵੱਡਾ ਹੈ?

**ਅੰਬੜਿ ਕੋਇ ਨ ਸਕਈ**
**ਹਉ ਕਿਸਨੋ ਪੁਛਣਿ ਜਾਉ॥੫॥**

ਹੇ ਭਾਈ! ਉਸ ਪਰਮਾਤਮਾ ਦੇ ਸਰੂਪ ਤਕ ਕਿਸੇ ਦੀ ਪਹੁੰਚ ਹੀ ਨਹੀਂ ਹੈ। ਜਦ ਕੋਈ ਉਥੇ ਅੰਬੜਿ=ਪਹੁੰਚ ਹੀ ਨਹੀਂ ਸਕਈ=ਸਕਦਾ, ਤਾਂ ਹਉ=ਮੈਂ ਕਿਸ ਨੂੰ ਪੁੱਛਣ ਜਾਵਾਂ। ਉਹ ਅੰਤਰਜਾਮੀ ਅਪਰ ਅਪਾਰ ਹੈ।

**ਵਰਨਾ ਵਰਨ ਨ ਭਾਵਨੀ**
**ਜੇ ਕਿਸੈ ਵਡਾ ਕਰੇਇ॥**

ਵਰਨ ਨੂੰ ਤਾਂ ਅੱਗੇ ਹੀ ਵਰਨ ਨਹੀਂ ਭਾਉਂਦਾ ਭਾਵ ਬ੍ਰਾਹਮਣ ਨੂੰ ਬ੍ਰਾਹਮਣ ਤੇ ਖੱਤਰੀ ਨੂੰ ਖੱਤਰੀ ਨਹੀਂ ਭਾਉਂਦੇ, ਆਪੋ ਵਿਚ ਹੀ ਖਹਿ-ਖਹਿ ਕੇ ਮਰਦੇ ਹਨ। ਜੇ ਇਨ੍ਹਾਂ ਵਿਚੋਂ ਕਿਸੇ ਨੂੰ ਵੱਡਾ ਕਰੇਇ=ਕਰ ਦੇਵੇ ਤਾਂ ਉਹ ਕੀ ਪਤਾ ਕਿੰਨਿਆਂ ਨੂੰ ਨੁਕਸਾਨ ਕਰ ਦੇਵੇ। ਉਹ ਪਰਮੇਸ਼ਰ ਬੇਅੰਤ ਹੈ। ਸਾਰੇ ਉਸ ਨੇ ਆਪਣੇ ਵਸ ਰੱਖੇ ਹੋਏ ਹਨ।

**ਵਡੇ ਹਥਿ ਵਡਿਆਈਆ**
**ਜੈ ਭਾਵੈ ਤੈ ਦੇਇ॥**

ਉਸ ਵੱਡੇ ਪਰਮਾਤਮਾ ਦੇ ਹੱਥ ਵਿਚ ਸਾਰੀਆਂ ਵਡਿਆਈਆਂ ਹਨ। ਜੋ ਜੀਵ ਉਸ ਨੂੰ ਭਾ ਜਾਂਦਾ ਹੈ, ਉਸ ਨੂੰ ਪਰਮਾਤਮਾ ਬਖਸ਼ਿਸ਼ ਕਰ ਦਿੰਦਾ ਹੈ ਤੇ ਫਿਰ ਉਹ ਕੋਈ ਉਚ ਨੀਚ ਨਹੀਂ ਦੇਖਦਾ।

**ਹੁਕਮਿ ਸਵਾਰੇ ਆਪਣੈ**
**ਚਸਾ ਨ ਢਿਲ ਕਰੇਇ॥੬॥**

ਜਿਤਨੇ ਵੀ ਜੀਵ ਹਨ, ਉਹ ਸਾਰੇ ਹੀ ਉਸ ਪਰਮਾਤਮਾ ਨੇ ਆਪਣੇ ਹੁਕਮ ਵਿਚ ਸਵਾਰੇ=ਸਜਾਏ ਹੋਏ ਹਨ। ਕੋਈ ਵੀ ਸੁਤੰਤਰ ਨਹੀਂ ਤੇ ਜੀਵਾਂ ਦੀ ਪਾਲਣਾ ਵਿਚ ਇਕ ਚਸਾ ਮਾਤਰ ਵੀ ਉਸ ਢਿਲ=ਦੇਰੀ ਨਹੀਂ ਕਰੇਇ=ਕਰਦਾ।

**ਸਭੁ ਕੋ ਆਖੈ ਬਹੁਤ ਬਹੁਤੁ**
**ਲੈਣੈ ਕੈ ਵੀਚਾਰਿ॥**

ਸਭੁ ਕੋਈ ਉਸ ਦੇ ਜੱਸ ਨੂੰ ਬਹੁਤੇ ਤੋਂ ਬਹੁਤਾ ਆਖਦਾ ਹੈ ਪਰ ਨਿਸ਼ਕਾਮ ਹੋ ਕੇ ਉਸ ਦਾ ਜਸ ਕੋਈ ਨਹੀਂ ਕਰਦਾ। ਸਾਰੇ ਕੁਝ ਨਾ ਕੁਝ ਲੈਣ ਦੀ ਵੀਚਾਰ ਨੂੰ ਮਨ ਵਿਚ ਧਾਰ ਕੇ ਉਸ ਦਾ ਜੱਸ ਕਰਦੇ ਹਨ। ਕੋਈ ਪਦਾਰਥ, ਕੋਈ ਲੰਮੇਰੀ ਉਮਰ, ਕੋਈ ਮਾਣ-ਵਡਿਆਈ, ਕੋਈ ਰਿੱਧੀਆਂ-ਸਿੱਧੀਆਂ ਮੰਗਦਾ ਹੈ। ਇਸ ਤਰ੍ਹਾਂ ਸਾਰੇ ਲੈਣ ਦੀ ਵੀਚਾਰ ਵਿਚ ਹੀ ਫਸੇ ਹਨ। ਪਰ ਪਰਮਾਤਮਾ ਕਿਸੇ ਦੇ ਕਹਿਣ ਨਾਲ ਵੱਡਾ ਨਹੀਂ ਹੋ ਜਾਂਦਾ ਤੇ ਜੇ ਸਾਰੀ ਦੁਨੀਆਂ ਨਾਸਤਕ ਬਣ ਕੇ ਉਸ ਦੀ ਨਿੰਦਿਆ ਕਰਨ ਲੱਗ ਪਵੇ ਤਾਂ ਉਸ ਦਾ ਕੁਝ ਘਟ ਨਹੀਂ ਜਾਂਦਾ, ਉਹ ਇਕ-ਰਸ ਰਹਿੰਦਾ ਹੈ।

**ਕੇਵਡੁ ਦਾਤਾ ਆਖੀਐ**
**ਦੇ ਕੈ ਰਹਿਆ ਸੁਮਾਰਿ॥**

ਉਸ ਦਾਤੇ ਅਕਾਲ ਪੁਰਖ ਨੂੰ ਕੇਵਡੁ=ਕਿੱਡਾ ਕੁ ਵੱਡਾ ਆਖੀਐ=ਕਥਨ ਕਰੀਏ, ਜੋ ਸਾਰਿਆਂ ਜੀਵਾਂ ਦੀ ਸੁਮਾਰਿ=ਗਿਣਤੀ ਕਰ ਕੇ=ਕੇ ਰੋਜ਼ੀ ਦੇ ਰਿਹਾ ਹੈ ਭਾਵ ਇਕੱਲੇ-ਇਕੱਲੇ ਜੀਵ ਦੀ ਸੰਭਾਲ ਕਰ ਰਿਹਾ ਹੈ।ਇਥੋਂ ਤੱਕ ਕਿ ਇਕ ਕੀੜੀ ਵੀ ਉਸ ਦੀ ਨਜ਼ਰ ਵਿਚ ਹੈ, ਗਿਣਤੀ ਵਿਚ ਹੈ। ਜਿਸ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ ਪਾ ਸਕਦਾ, ਇਸ ਸਾਰੀ ਸ੍ਰਿਸ਼ਟੀ ਦੀ ਗਿਣਤੀ ਨੂੰ ਪਰਮਾਤਮਾ ਜਾਣਦਾ ਹੈ, ਇਸ ਲਈ ਉਸ ਨੂੰ ਕਿਤਨਾ ਕੁ ਵੱਡਾ ਆਖੀਏ।

**ਨਾਨਕ ਤੋਟਿ ਨ ਆਵਈ**
**ਤੇਰੇ ਜੁਗਹ ਜੁਗਹ ਭੰਡਾਰ॥੭॥੧॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਦੇ ਭੰਡਾਰ=ਖਜ਼ਾਨੇ ਵਿਚ ਕਦੇ ਵੀ ਤੋਟਿ=ਘਾਟਾ ਨ=ਨਹੀਂ ਆਵਈ=ਆਉਂਦਾ। ਤੇਰੇ=ਤਿਸ ਦੇ ਭੰਡਾਰ ਜੁਗਹ ਜੁਗਹ=ਜੁਗਾਂ ਜੁਗਾਂਤਰਾਂ ਵਿਚ ਭਰੇ ਪਏ ਹਨ ਭਾਵ ਉਹ ਸਾਰਿਆਂ ਜੁੱਗਾਂ ਵਿਚ ਸਾਰੇ ਜੀਵਾਂ ਨੂੰ ਰੋਜ਼ੀ ਦੇ ਕੇ ਪਾਲਦਾ ਹੈ ਪਰ ਉਸ ਦਾ ਖਜ਼ਾਨਾ ਮੁੱਕਣਾ ਤਾਂ ਕੀ ਹੈ, ਕਦੇ ਉਸ ਵਿਚ ਘਾਟਾ ਵੀ ਨਹੀਂ ਪਿਆ। ਉਹ ਸਰਬ ਕਲਾ ਸਮਰੱਥ ਹੈ।

*ਚਲਦਾ................।'*

---

*(ਪੰਨਾ 43 ਦੀ ਬਾਕੀ)*

ਤੇ ਅਨੰਦ ਜਿਹੜੇ ਸਰੀਰ ਦੀ ਅਵਸਥਾ ਤੇ ਹਨ, ਉਹ ਕੁੰਡਲਨੀ ਜਾਗਰਣ ਦੀ ਅਵਸਥਾ ਸਮਝਣ ਦੀ ਗਲਤੀ ਕਰ ਸਕਦੇ ਹੋ।

ਮੈਨੂੰ ਅਚੇਤ ਮਨ ਤੇ ਪੂਰਾ ਕੰਟਰੋਲ ਕਰਨਾ ਸਿਖਾਇਆ ਗਿਆ ਸੀ। ਸਰੀਰ ਤੇ ਮਨ ਦਾ ਸਥਿਰ ਹੋਣਾ, ਮੈਂ ਪੂਰੀ ਤਰ੍ਹਾਂ ਦਸ ਸਕਦਾ ਹਾਂ। ਉੱਚੀ ਬੋਲਣਾ, ਰੋਣਾ, ਟੱਪਣਾ ਆਦਿ। ਇਹ ਕੁੰਡਲਨੀ ਜਾਗਰਣ ਦੇ ਚਿੰਨ ਨਹੀਂ ਹਨ।

ਖਾਸ ਕੁੰਡਲਨੀ ਜਾਗਰਣ, ਆਪਾ ਸਾਧਣ ਦੇ ਖਾਸ ਤਰੀਕੇ ਹਨ, ਸਭ ਦੇ ਨਾਲ ਗੁਰੂ ਕ੍ਰਿਪਾ ਦੀ ਲੋੜ ਹੈ। ਗੁਰੂ ਚੇਲੇ ਨੂੰ ਆਪਣੇ ਤੇ ਨਿਰਭਰ ਨਹੀਂ ਕਰਦਾ। ਸਗੋਂ ਉਸ ਨੂੰ ਸੁਤੰਤਰ ਬਣਾਉਂਦਾ ਹੈ। ਅੱਜਕਲ੍ਹ ਬਹੁਤ ਸਾਰੇ ਗੁਰੂ ਚੇਲਿਆਂ ਨੂੰ ਆਪਣੇ ਤੇ ਹੀ ਆਸ਼ਰਿਤ ਬਣਾ ਲੈਂਦੇ ਹਨ। ਉਪਨਿਸ਼ਦ ਦਸਦੇ ਹਨ ਕਿ ਤਰਤੀਬਵਾਰ ਮੈਡੀਟੇਸ਼ਨ ਤੋਂ ਬਿਨਾਂ ਕੁੰਡਲਨੀ ਜਾਗਰਣ ਨਹੀਂ ਕੀਤੀ ਜਾ ਸਕਦੀ।

**ਨੋਟ :- ਗੁਰਮਤਿ ਦਾ ਮਾਰਗ ਸੁਰਤਿ ਸਬਦਿ ਦਾ ਮਾਰਗ ਹੈ। ਇਸ ਮਾਰਗ ਵਿਚ ਜੁਗਤਿ ਅਨੁਸਾਰ ਗੁਰਮੰਤ੍ਰ ਦੇ ਜਾਪ ਨਾਲ ਗੁਰੂ ਕ੍ਰਿਪਾ ਦੁਆਰਾ ਨਾਮ ਅਭਿਆਸ ਕੀਤਾ ਜਾਂਦਾ ਹੈ।**

***ਚਲਦਾ..........।'***

# ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

FASTWAY

## ਫਾਸਟਵੇਅ ਕੇਬਲ ਟੀ.ਵੀ. ਨੈਟਵਰਕ

**ਚੈਨਲ ਨੰਬਰ – 142 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ – ਸਵੇਰੇ**
**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

# ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ – ਸਮਾਂ–ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਆਸਾੜ੍ਹ – ਸੰਗਰਾਂਦ–15 ਜੂਨ, ਦਿਨ ਬੁੱਧਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਪੂਰਨਮਾਸ਼ੀ – 14 ਜੂਨ, ਦਿਨ ਮੰਗਲਵਾਰ – ਰਤਵਾੜਾ ਸਾਹਿਬ,**
**(ਸਮਾਂ – ਸ਼ਾਮੀ 7.00 ਤੋਂ 9.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
| --- | --- |
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20Year) | Rs 3000/3020 |

**ਦਸਵੰਧ ਭੇਜਣ ਲਈ –**

**Vishav Gurmat Roohani Mission Charitable Trust**
**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

**Canada**

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

**Germany**

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

**Italy**

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

**United Kingdom**

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

**United States**

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | 90/- | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | 50/- | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਉ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (**ਵੈਸਾਖੀ**) | . 5/- |
| 2. | How Rend The Veil of Untruth (**ਕਿਵ ਕੂੜੈ ਤੁਟੈ ਪਾਲਿ**) | . 70/- |
| 3. | Discourses on the Beyond-1 (**ਬਾਤ ਅਗੰਮ ਕੀ ਭਾਗ ੧**) | 50/- |
| 4. | Discourses on the Beyond -2 (**ਬਾਤ ਅਗੰਮ ਕੀ ਭਾਗ ੨**) | 50/- |
| 5. | Discourses on the Beyond -3 (**ਬਾਤ ਅਗੰਮ ਕੀ ਭਾਗ ੩**) | 50/- |
| 6. | Discourses on the Beyond -4 (**ਬਾਤ ਅਗੰਮ ਕੀ ਭਾਗ ੪**) | 60/- |
| 7. | Discourses on the Beyond -5 (**ਬਾਤ ਅਗੰਮ ਕੀ ਭਾਗ ੫**) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (**ਕਿਵ ਸਚਿਆਰਾ ਹੋਈਐ**) | 80/- |
| 12. | How to Know Thy Real Self-(Vol-2) (**ਕਿਵ ਸਚਿਆਰਾ ਹੋਈਐ**) | 80/- |
| 13. | How to Know Thy Real Self-(Vol-3) (**ਕਿਵ ਸਚਿਆਰਾ ਹੋਈਐ**) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (**ਸੁਰਤਿ ਸਬਦਿ ਮਾਰਗ**) | 150/– |
| 17. | The Story of Immortality (**ਅਮਰ ਗਾਥਾ**) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank – **S/B A/C No. 12861100000008**

**RTGS/IFSC Code - PSIB0021286 , Branch Code - C1286**

**Our Address: Gurdwara Ishar Parkash,
Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**

# Guru Arjan, the God Manifest

# ਗੁਰੂ ਅਰਜਨ ਪਰਤਖੁ ਹਰਿ

**The first meeting between Guru Nanak Dev, the True Emperor of the world and King Babur took place at Aminabad. At that place, Babur had made all people prisoners and put them to forced labour. After a terrible massacre and the horrible blood bath of the war, there was a kind of death like atmosphere over the hearts of the people of India. Being a witness to that great calamity, people everywhere almost shuddered and became speechless. Guru Ji witnessed the helpless Indian people, who looked like lifeless beings. He stated this in his bani :**

*The body cloth shall be torn into pieces .......*

*ਕਾਇਆ ਕਪੜੁ ਟੁਕੁ ਟੁਕੁ ਹੋਸੀ............।।*

**ਅੰਗ** - *723*

**The scene of the battlefield was horrifying in the extreme. Women were being dragged out of their houses. They were being raped. It looked like the most contemptible aspect of the human nature. At that time, Guru Nanak the sovereign, addressed Babur as under :**

*So much beating was inflicted that people shrieked. Didst not Thou, O God, feel compassion?*

*ਏਤੀ ਮਾਰ ਪਈ ਕਰਲਾਣੈ*
*ਤੈਂ ਕੀ ਦਰਦੁ ਨ ਆਇਆ।।* **ਅੰਗ** - *360*

**Babar was given a severe warning that he will have to suffer the consequences of these horrible atrocities, of these oppressions. When the war was being waged by both the sides, there was no hatred or anger in our hearts. O Babur, when one of the warring armies is defeated, from that very moment onward, the rule of the victor king starts. You have committed horrible atrocities on the people, who had become your own subjects. You assumed the form of ferocious tiger and entered the barn of unarmed people, who were like the meek cows and covered them all with blood. You have become the ruler of these helpless people. On the day of judgement, explanation will be demanded from you for this heinous crime.**

*If a mighty man smites another mighty man, then the mind feels not anger. Pause.*
*If a powerful tiger falling on a herd, kills it, then its Master is to be questioned.*

*ਜੇ ਸਕਤਾ ਸਕਤੇ ਕਉ ਮਾਰੇ*
*ਤਾ ਮਨਿ ਰੋਸੁ ਨ ਹੋਈ।।*
*ਸਕਤਾ ਸੀਹੁ ਮਾਰੇ*
*ਪੈ ਵਗੈ ਖਸਮੈ ਸਾ ਪੁਰਸਾਈ।।* **ਅੰਗ** - *360*

**You are feeling no heartache after hearing the moanings and cries of these people. You have dragged into dust, those people, who were leading peaceful comfortable life. You have reduced the happy persons into life-long weeping. You are a sinner. God is the lord of this creation. He is the God of *Hindus* and *Muslims* also and of the good people and also of the sinners.**

*Thou, O Maker, art the equal Master of all.*

*ਕਰਤਾ ਤੂੰ ਸਭਨਾ ਕਾ ਸੋਈ॥* *ਅੰਗ - 360*

**This Lord will demand an answer from you on the Day of Judgement As a result of these heinous crimes, you will be thrown into hells, as a punishment for these sins.**

**Hearing this roar of truth, Babur was shaken. He called for forgiveness. He paid obeisance at Nanak's feet and entreated. He could not stand the resplendent glory of the Guru. He shuddered from the bottom of his heart. He appealed as under :**

**O you, mendicant God. Take pity on me. My eyes are visualizing that hell, where explanation would be demanded for my foul deeds. I am face to face with that hell, which is ablaze with fire. Kindly pardon me. Truly I have committed wrong. As soon as the army of Ibrahim Lodhi was defeated, at that very time, my rule began. But I having lost my way in the darkness of my mind, I could not realize my duty. And I ordered for general massacre. O divine mendicant, you have opened my eyes. I am under your disposal. Kindly show me the right path. I will obey your command bending my head before you. The Guru's command was : release all the prisoners. Return the goods of all, confiscated by you. Provide homes for those, whose houses have been destroyed by your army. Return the goods of those, whose goods have been looted and earn their gratitudes. Repent of your sins. What harm had the general public done to you, that you inflicted such terrible punishments on those without any fault of theirs?**

**The Guru's orders were immediately complied with. People freed from bonds started happily returning to their homes. The goods looted by the armymen were returned to their owners, after identification. Sovereign Guru Nanak, noticing the joys of the populace, gifted that kingdom to Babur. But he divided the kingdom into two parts; giving worldly rule to Babur while the Guru Baba ruled over the spiritual kingdom.**

*The Guru will rule the spiritual world & Babur, the temporal.*

*ਬਾਬੇ ਕੇ ਬਾਬਰ ਕੇ ਦੋਊ॥*

**Babur got his sins pardoned by Guru Nanak, the True Emperor. He kept cordial relations with the house of the Gurus. Babur's son was defeated by Sher Shah Suri and he came to Guru Angad Dev. The Guru was immersed in meditation & did not notice his arrival. Standing before the Guru, Humayun was to ask for Guru's favours. But even now there was pride in the heart of the defeated king (Humayun). He thought Guru Ji had ignored his arrival. He lifted his weapon against Guru Maharaj. Guru Maharaj remarked, "Where had gone your bravery, when you were facing Sher Shah Suri? He felt ashamed of his mistake and begged pardon for that, and begged for the return of his lost kingdom. Guru Maharaj, being the embodiment of mercy, gifted that lost kingdom to him and he became a king thereafter.**

**After 14 years, Humayun once again returned here as the King of Bharat Varsh (India). After him, his son Akbar was the most outstanding personality. Though he was quite illiterate, yet his inner eye was full of light. It is said that**

under his rule, the lion and the sheep could drink water from the same place (there was absolute security for all). He came to the shelter of Guru Maharaj and obtained the Guru's blessings. During Akbar's regime, India experienced much prosperity. After him, his son Jahangir occupied the throne of India. During that period the Fifth Master, Guru Arjun the true emperor, was scrapping the falsehood and the ignorance of the masses. The Punjab, rather the whole of India worshipped at the feet of the Guru receiving True Knowledge of the spiritual path. He was the embodiment of *Bani*, the sacred hymns. He was the Sun of pure glory. His discourses equally influenced the Hindus and the *Musalmans*. This is one side of the picture. On the other side, the fanatical *Mullas* and *Maulanas* were dreaming of establishing Islamic kingdom but they had little influence during the reign of Akbar.

As soon as Akbar died the fanatical parties raised their head and came to occupy the country's stage. These included high caste members of both the religions – Hindus as well the Musalmans – people like Birbal, who were proud of their family, who looked on religion as a business and made bargains over it. Among them, blazed the fire of jealousy. The so-called *Acharyas* (religious leaders) and other bogus philosophers became the contractors of taking the people across the ocean of the world. They made a fool of the people and started amassing huge wealth from them. They were absolutely not fond of the popularly loved personality of Guru Arjan Sahib complaints were made against Guru Granth Sahib, charging that in this (Holy Scripture) there was the censure of Prophets and apostles of the *Vedas* and *Quran Sharif*. The Emperor heard the Bani of Guru Granth Sahib and made an offering of gold coins. Bhai Budhha Ji and Bhai Gurdas were offered *Saropas* (robes of honour). This was a humiliating defeat for the complainants. The conditions during the reign of Jahangir were different. Though he had declared that in the matter of giving justice, he would inflict punishment even on his beloved Queen Noor Jehan. But the other hand, hostility against the Guru's family was increasing day by day in his mind, because these detractors, which included Prithia, Chandu Shah and other Pandits of this category were all in league with Mujaddad Alfsani and Sheikh Farid Bukhari, were all the time pursuing conspiracies against the Guru's Divine Kingdom. They made so many false accusations against the Guru that Jahangir without giving much thought to the matter, turned against the Guru's regime. As a result; he seemed bent upon completely crushing this movement of peace (the *Sikh* Movement). So much contemptible hate for Gurus had been injected into his mind that he started issuing major proclamations, on the basis of the minor, excuses. Sheikh Mujaddad Alfsani fully understood that if there was any major obstacle to the establishment of *Islamie* kingdom, it was the Voice of Truth, raised by the Fifth Sovereign Guru Arjun Dev. The Hindus and the Musalmans started sitting together at the same platform. He wanted to inflame Jehangir against the Guru. When Khusro raised the banner of revolt and was

defeated, he crossed River *Beas* to meet the Sovereign Guru Arjun Dev at *Taran Taran Sahib*. According to the convention of Guru's *langar* (community kitchen) his hungry army men were fed in the *langar*; which was served to all without any distinction of caste or creed. This incident was very important which could be exploited to poison the mind of Jehangir. Prince Khusro was arrested, his companions were put under harsh punishments, and Jahangir's collaborators were given rewards. These opponents could get no peace of mind till they had inflamed Jahangirs mind against Guru Arjan Dev. Guru Maharaj was summoned to Jehangirs Court at Lahore and without any enquiry capital punishment was announced against him under the *'yaasa'* rule. Such punishments are inflicted on the saints and the mendicants, so that their blood should split on the earth, so that their soul would not allow the king to have a comfortable sleep and always created fear in his heart.

Our historians record a large number of causes for this event, the chief of which is supposed to be the non-acceptance of the marriage proposal of Chandu's daughter for Guru's son, Guru Hargobind Sahib. This seems right, because Chandu had turned against Guru Maharaj over this very issue. Puffed up with pride, he was unmindful of his own insolence. He had said that he belonged to a high caste *Khatri* family, he held a big position and was a very honourable person. As against this, Guru Arjan Dev was only a wandering *faqir*, he had no property, he had no Govt. Office, addressing the priests who had returned after fixing the marriage with Guru Hargobind Sahib, he said, you have done a low act. You tried to put the brick of the superior room into the dirty water drain. His mind was filled with boundless hatred for Guru's family. This can be one of the reasons, but not all the reason.

